
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 26
October 10, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ






ਬਹੁਜਨ ਸਮਾਜ ਪਾਰਟੀ ਵੱਲੋਂ ਜਲੰਧਰ ਵਿਖੇ ਬਾਮਸੇਫ, ਡੀ. ਐਸ.4 ਅਤੇ ਬਸਪਾ ਦੇ ਬਾਨੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਂ 'ਤੇ ਭਵਨ ਦਾ ਉਦਘਾਟਨ, ਉਹਨਾਂ ਦੇ ਪ੍ਰੀਨਿਰਵਾਣ ਦਿਵਸ ਮੌਕੇ 9 ਅਕਤੂਬਰ 2018 ਨੂੰ ਕੀਤਾ ਗਿਆ।
ਇਸ ਮੌਕੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ।

# ਬੇਅਦਬੀ ਕਾਂਡ ਕਾਰਨ ਸਿੱਖ ਵੋਟਰਾਂ ਦੇ ਅਕਾਲੀ ਦਲ ਤੋਂ ਦੂਰ ਜਾਣ ਦੇ ਖਦਸ਼ੇ

**ਚੰਡੀਗੜ੍ਹ (ਬਿਊਰੋ)–** ਪੰਜਾਬ ਦੀ ਸੱਤਾ 'ਤੇ ਇੱਕ ਦਹਾਕਾ ਕਾਬਜ਼ ਰਹਿਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਸੰਕਟ ਦਿਨ ਪ੍ਰਤੀ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਐਤਵਾਰ ਦੇ ਰਾਜਸੀ ਘਟਨਾਕ੍ਰਮ ਦਾ ਅਕਾਲੀ ਦਲ ਨੂੰ ਕੋਈ ਲਾਭ ਹੋਣ ਦੀ ਥਾਂ ਨੁਕਸਾਨ ਹੁੰਦਾ ਜ਼ਿਆਦਾ ਦਿਖਾਈ ਦੇ ਰਿਹਾ ਹੈ। ਮਹੱਤਵਪੂਰਨ ਤੱਥ ਇਹ ਸਾਹਮਣੇ ਆ ਰਹੇ ਹਨ ਕਿ ਸੂਬੇ ਵਿੱਚ ਰਾਜਨੀਤਕ ਤੇ ਸਮਾਜਿਕ ਤੌਰ 'ਤੇ ਸਭ ਤੋਂ ਵੱਡੇ ਸਵਾਲ ਖੜ੍ਹੇ ਕਰਨ ਵਾਲੇ ਮੁੱਦਿਆਂ ਤੋਂ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ, ਬਹਿਬਲ ਕਲਾਂ ਤੇ ਕੋਟਕਪੂਰਾ ਵਿੱਚ ਵਾਪਰੇ ਗੋਲੀ ਕਾਂਡ ਅਤੇ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਅਤੇ ਫਿਰ ਵਾਪਸ ਲੈਣ ਆਦਿ ਤੋਂ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਟਾਲਾ ਵੱਟਿਆ ਜਾ ਰਿਹਾ ਹੈ। ਦੇਖਿਆ



ਜਾਵੇ ਤਾਂ ਇਸ ਸਮੇਂ ਅਕਾਲੀ ਦਲ ਨੂੰ ਅੰਦਰੂਨੀ ਅਤੇ ਬਾਹਰੀ ਦੋਵਾਂ ਪਾਸਿਆਂ ਤੋਂ ਮਾਰ ਪੈ ਰਹੀ ਹੈ। ਪਾਰਟੀ ਦੇ ਟਕਸਾਲੀ ਨੇਤਾਵਾਂ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਰਮਿਆਨ ਖਿੱਚੀ ਗਈ ਲਕੀਰ ਹੀ ਭਾਰੂ ਨਹੀਂ ਪੈ ਰਹੀ ਸਗੋਂ ਅਕਾਲੀ ਦਲ ਦਾ ਮੁੱਖ ਵੋਟ ਬੈਂਕ (ਸਿੱਖ) ਵੀ ਨਜ਼ਦੀਕ ਹੋਣ ਦੀ ਥਾਂ ਦੂਰ ਜਾ ਰਿਹਾ ਹੈ। ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਚੁਣੌਤੀਆਂ ਖੜ੍ਹੀਆਂ ਹੋਣ ਕਾਰਨ ਬਾਦਲ ਖੇਮੇ ਵਿੱਚ ਘਬਰਾਹਟ ਪਾਈ ਜਾ ਰਹੀ ਹੈ। ਬਰਗਾੜੀ ਵਿਚ ਆਪ ਮੁਹਾਰੇ ਹੋਏ ਵੱਡੇ ਇਕੱਠ ਨੇ ਅਕਾਲੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਕੁਝ ਨੇਤਾ 7 ਅਕਤੂਬਰ ਦੀ ਪਟਿਆਲਾ ਰੈਲੀ ਤੱਕ ਚੁੱਪ ਸਨ ਤੇ ਮਾਝੇ ਦੇ ਨੇਤਾਵਾਂ ਵੱਲੋਂ ਵੀ ਕੁਝ ਦਿਨਾਂ ਦੌਰਾਨ ਅਹਿਮ ਫੈਸਲੇ ਲਏ ਜਾਣ ਦੇ ਆਸਾਰ ਹਨ। ਸੁਖਦੇਵ ਸਿੰਘ ਢੀਂਡਸਾ ਵੱਲੋਂ ਪਹਿਲਾਂ ਹੀ ਸਕੱਤਰ ਜਨਰਲ ਅਤੇ ਹੋਰਨਾਂ ਅਹੁਦਿਆਂ ਤੋਂ ਅਸਤੀਫਾ ਦਿੱਤਾ ਜਾ ਚੁੱਕਾ ਹੈ।



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤਾਂ ਨੇ ਗੁਰੂ ਘਰ ਦਾ 26ਵਾਂ ਸਥਾਪਨਾ ਦਿਵਸ ਭਾਰੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ।
**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12 'ਤੇ)**

# ਸੈਕਰਾਮੈਂਟੋ, ਇੰਟਰਨੈਸ਼ਨਲ ਕਬੱਡੀ ਕੱਪ ਦੌਰਾਨ 50 ਹਜ਼ਾਰ ਡਾਲਰ ਨਕਦ ਇਨਾਮ



ਪੱਤਰਕਾਰ ਹੁਸਨ ਲੜੋਆ ਬੰਗਾ ਦੀ ਰਿਪੋਰਟ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 3 'ਤੇ



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga




RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539




Brake Time Auto Repair
6315 Watt Ave. Unit 115
North Highlands, CA. 95660
* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K
J. Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only
Don't wait until it's too late. Come give your car a break at Brake Time
ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ




BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
CHAAT PLATE
ONLY FOR $2.99
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# 12 ਗੋਲਡ ਮੈਡਲ ਤੇ ਦੋ ਚੈਨੀਆਂ ਨਾਲ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਦੁਨੀਆਂ ਵਿਚ ਹੁਣ ਕਬੱਡੀ ਖੇਡ ਲਈ ਸਭ ਤੋਂ ਵੱਧ ਇਨਾਮਾਂ ਵਾਲੇ ਟੂਰਨਾਮੈਂਟਾਂ ਵਿਚ ਸੈਕਰਾਮੈਂਟੋ ਨੇ ਆਪਣਾ ਨਾਂ ਸ਼ੁਮਾਰ ਕਰ ਲਿਆ ਹੈ। ਕਬੱਡੀ ਖਿਡਾਰੀਆਂ ਨੂੰ ਇਸ ਇੰਟਰਨੈਸ਼ਨਲ ਕਬੱਡੀ ਕੱਪ ਵਿਚ 12 ਗੋਲਡ ਮੈਡਲ, 50 ਹਜ਼ਾਰ ਡਾਲਰ ਤੋਂ ਵੱਧ ਨਕਦ ਇਨਾਮ ਅਤੇ ਦੋ ਗੋਲਡ ਚੈਨੀਆਂ ਅਤੇ ਹੋਰ ਇਨਾਮਾਂ ਨੇ ਖਿਡਾਰੀਆਂ ਨੂੰ ਪ੍ਰਸੰਨ ਚਿੱਤ ਕਰ ਦਿੱਤਾ। ਇਸ ਕਬੱਡੀ ਕੱਪ ਦਾ ਆਯੋਜਨ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸਥਿਤ ਦੀਆਂ ਖੁੱਲ੍ਹੀਆਂ ਗਰਾਊਂਡਾਂ ਵਿਚ ਹੋਇਆ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ. ਐਸ. ਏ. ਦੀ ਦੇਖ-ਰੇਖ ਵਿਚ ਕਰਵਾਏ ਗਏ ਇਸ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਬੇ-ਏਰੀਆ ਸਪੋਰਟਸ ਕਲੱਬ ਯੂਨੀਅਨ ਸਿਟੀ ਓਪਨ ਵਿਚੋਂ ਜੇਤੂ ਰਿਹਾ ਤੇ ਫਤਿਹ ਸਪੋਰਟਸ ਕਲੱਬ ਟਰਲਕ ਨੂੰ ਦੂਜੇ ਥਾਂ ਸਬਰ ਕਰਨਾ ਪਿਆ। ਪਹਿਲੇ ਥਾਂ ਤੇ ਰਹੀ ਟੀਮ ਨੂੰ 15 ਹਜ਼ਾਰ ਨਕਦ ਇਨਾਮ ਦਿੱਤਾ ਗਿਆ ਅਤੇ ਦੂਜੀ ਥਾਂ ਰਹੀ ਟੀਮ ਨੂੰ 14 ਹਜ਼ਾਰ ਨਕਦ ਇਨਾਮ ਦਿੱਤਾ ਗਿਆ। ਇਸੇ ਤਰ੍ਹਾਂ ਅੰਡਰ 25 ਟੀਮ ਵਿਚ ਪਹਿਲੇ ਥਾਂ ਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਰਿਹਾ ਤੇ ਦੂਜੇ



ਥਾਂ ਤੇ ਕੈਲੇਫੋਰਨੀਆ ਬ੍ਰਦਰਜ਼ ਯੂਬਾ ਸਿਟੀ ਰਹੇ। ਇਸ ਦੌਰਾਨ ਅੰਡਰ 21 ਵਿਚ ਸ਼ਹੀਦ ਬਾਬਾ ਦੀਪ ਸਿੰਘ ਪਹਿਲੇ ਅਤੇ ਫਰਿਜ਼ਨੋ ਸਪੋਰਟਸ ਕਲੰਬ ਦੂਜੇ ਥਾਂ ਤੇ ਰਿਹਾ। ਇਸੇ ਲੜੀ ਵਿਚ ਤੀਜੇ ਥਾਂ ਓਪਨ ਲਈ 11 ਹਜ਼ਾਰ ਦਾ ਇਨਾਮ ਅਤੇ ਓਪਨ ਲਈ ਹੀ ਚੌਥਾ ਥਾਂ ਲਈ 10 ਹਜ਼ਾਰ ਦਾ ਨਕਦ ਇਨਾਮ ਦਿੱਤਾ ਗਿਆ। ਕਬੱਡੀ ਓਪਨ ਵਿਚ ਬੈਸਟ ਰੇਡਰ ਦਾ ਖਿਤਾਬ ਸੁਲਤਾਨ ਨੂੰ ਦਿੱਤਾ ਗਿਆ ਅਤੇ ਬੈਸਟ ਜਾਫੀਆਂ ਦਾ ਖਿਤਾਬ ਸੰਦੀਪ ਸਿੰਘ ਅੰਬੀਆਂ, ਪਾਲਾ ਜਲਾਲ, ਖੁਸ਼ੀ ਦਿੜਬਾ ਨੂੰ ਦਿੱਤਾ ਗਿਆ। ਗੋਲਡ ਮੈਡਲਾਂ ਨਾਲ ਪਾਲਾ ਜਲਾਲ, ਦੁੱਲਾ ਬੱਗਾ ਪਿੰਡ, ਮੰਗੀ ਬੱਗਾ ਪਿੰਡ, ਮੀਕ ਸਿਆਟਲ, ਸੰਦੀਪ ਗਿੱਲ ਅੰਬੀਆਂ, ਸੁਲਤਾਨ ਸਮਸ਼ਪੁਰ, ਜਤਿੰਦਰ ਬੈਂਸ, ਭੂਰਾ ਘੜੂੰਆ ਤੇ ਸੋਨੇ ਦੀਆਂ ਚੈਨੀਆਂ ਮੱਖਣ ਅਲੀ ਅਤੇ ਚੌਧਰੀ ਨੂੰ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਿਰਫ ਇਸ ਕਬੱਡੀ ਕੱਪ ਦੌਰਾਨ ਦੇਖਣ 'ਚ ਆਇਆ ਕਿ ਹਜ਼ਾਰਾਂ ਦੀ ਤਾਦਾਦ ਵਿਚ ਆਏ ਦਰਸ਼ਕਾਂ ਨੂੰ ਬੈਠਿਆਂ ਨੂੰ ਸ਼ਿਕਾਗੋ ਪੀਜਾ ਵਾਲਿਆਂ ਨੇ ਪੀਜਾ ਮੁਫਤ ਖੁਆਇਆ। ਇਸ ਤਰ੍ਹਾਂ ਸਾਰਾ ਦਿਨ ਮੁਫਤ ਲੰਗਰ ਤੇ ਚਾਹ ਸੋਡੇ ਦਾ ਪ੍ਰਬੰਧ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ ਕੀਤਾ ਗਿਆ। ਬਕਾਇਦਾ ਤੌਰ ਤੇ ਮੈਕਸੀਕਨ ਮੂਲ ਦੀਆਂ ਕੁੜੀਆਂ ਵੱਲੋਂ ਖਾਣਾ ਤੇ ਚਾਹ ਮੁਹੱਈਆ ਕਰਵਾਈ ਗਈ।

ਇਸ ਮੋਕੇ ਸਟੇਜ ਦੀ ਕਾਰਵਾਈ ਬੀਬੀ ਆਸ਼ਾ ਸ਼ਰਮਾ ਤੇ ਮੱਖਣ ਅਲੀ ਵੱਲੋਂ ਨਿਭਾਈ ਗਈ। ਪ੍ਰਬੰਧਕਾਂ ਵਿਚ ਧੀਰਾ ਨਿੱਝਰ, ਪ੍ਰਗਟ ਸਿੰਘ ਬੈਂਸ, ਗੁਰਮੀਤ ਵੜੈਚ, ਤਰਲੋਚਨ ਅਟਵਾਲ, ਨਰਿੰਦਰ ਥਾਂਦੀ, ਲਖਵੀਰ ਔਜਲਾ, ਪੰਮਾ ਲਿੱਧੜ, ਹੈਪੀ ਔਲਖ, ਗਿੰਦਾ ਪਲਵਾਨ, ਹੈਪੀ ਬਰਿਆਨਾ, ਬਿੱਟੂ ਰੰਧਾਵਾ, ਗੋਲਡੀ ਲਾਲੀ, ਗੁਰਜੀਤ ਦਿਓਲ, ਬਲਵਿੰਦਰ ਸੰਧੂ, ਪਿੰਦੀ ਸੰਧੂ, ਲਾਡਾ ਕਾਹਲੋਂ ਆਦਿ ਨੇ ਦਰਸ਼ਕਾਂ, ਸਪੋਰਟਰਾਂ ਤੇ ਦਾਨੀਆਂ ਦਾ ਧੰਨਵਾਦ ਕੀਤਾ। ਇਸ ਮੋਕੇ 1 ਅਤੇ 2 ਦਸੰਬਰ ਨੂੰ ਹਾਕੀ ਟੂਰਨਾਮੈਂਟ ਕਰਵਾਉਣ ਦਾ ਐਲਾਨ ਕੀਤਾ ਗਿਆ। ਇਸ ਉਪਰੰਤ ਉਹਨਾਂ ਗੁਰਦੁਆਰਾ ਬਰਾਡਸ਼ਾਅ ਕਮੇਟੀ ਦਾ ਵੀ ਸਹਿਯੋਗ ਲਈ ਧੰਨਵਾਦ ਕੀਤਾ।

# ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਤਾਰਪੁਰ ਕੋਰੀਡੋਰ ਪ੍ਰਾਜੈਕਟ ਤਿਆਰ ਕਰਨ ਵਾਲੀਆਂ ਸਖਸ਼ੀਅਤਾਂ ਸਨਮਾਨਿਤ

**ਮੈਰੀਲੈਂਡ, (ਰਾਜ ਗੋਗਨਾ)–** ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਤਾਰਪੁਰ ਲਾਂਘੇ ਸਬੰਧੀ ਪ੍ਰਾਜੈਕਟ ਤਿਆਰ ਕਰਨ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਗੁਰੂਘਰ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਵਲੋਂ ਰਛਪਾਲ ਸਿੰਘ ਢੀਂਡਸਾ ਚੇਅਰਮੈਨ ਯੁਨਾਈਟਡ ਸਿੱਖ ਮਿਸ਼ਨ ਕੈਲੀਫੋਰਨੀਆਂ, ਬਲਵਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਰਿਵਰ ਸਾਈਡ ਕੈਲੀਫੋਰਨੀਆਂ, ਜਤਿੰਦਰਪਾਲ ਸਿੰਘ, ਗੁਰਚਰਨ ਸਿੰਘ, ਸੁਰਿੰਦਰ ਸਿੰਘ ਇੰਜੀਨੀਅਰ ਨੂੰ ਦਿੱਤਾ ਗਿਆ। ਇਸ ਮੌਕੇ ਡਾ. ਸੁਰਿੰਦਰ ਸਿੰਘ ਗਿੱਲ ਵੱਲੋਂ ਸਾਰੇ ਮਹਿਮਾਨਾਂ ਦੀ ਜਾਣ ਪਹਿਚਾਣ ਸੰਗਤਾਂ ਨਾਲ ਕਰਵਾਈ ਅਤੇ ਕਰਤਾਰਪੁਰ ਕੋਰੀਡੋਰ ਦੇ ਪ੍ਰਾਜੈਕਟ ਬਾਰੇ ਸੰਗਤਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਯੁਨਾਈਟਡ ਸਿੱਖ ਮਿਸ਼ਨ 2004 ਤੋਂ ਕਰਤਾਰਪੁਰ ਲਾਂਘੇ ਸਬੰਧੀ ਕੰਮ ਕਰ ਰਿਹਾ ਹੈ, ਜਿਨ੍ਹਾਂ ਨੇ ਯੂ. ਐਨ. ਅੰਬੈਸਡਰ ਜਾਨ ਮੈਕਡੋਨਲ ਦੀ ਸਰਪ੍ਰਸਤੀ ਹੇਠ ਇਹ ਪ੍ਰਾਜੈਕਟ ਤਿਆਰ ਕਰਵਾਇਆ ਹੈ। ਇਸ ਪ੍ਰਾਜੈਕਟ ਨੂੰ ਭਾਰਤ ਤੇ ਪਾਕਿਸਤਾਨ ਦੇ ਹਰ ਨੁਮਾਇੰਦੇ ਦੇ ਹੱਥਾਂ ਵਿੱਚ ਪਹੁੰ-



ਚਾਉਣ ਦਾ ਕੰਮ ਵੀ ਰਛਪਾਲ ਸਿੰਘ ਢੀਂਡਸਾ ਤੇ ਉਨ੍ਹਾਂ ਦੀ ਟੀਮ ਨੇ ਕੀਤਾ ਹੈ। ਰਛਪਾਲ ਸਿੰਘ ਢੀਂਡਸਾ ਨੇ ਕਿਹਾ ਕਿ ਇਹ ਸੰਗਤਾਂ ਦਾ ਪ੍ਰਾਜੈਕਟ ਹੈ ਅਤੇ ਇਸ ਨੂੰ ਸੰਗਤਾਂ ਨੇ ਹੀ ਨੇਪਰੇ ਚਾੜ੍ਹਨਾ ਹੈ। ਉਨ੍ਹਾਂ ਕਿਹਾ ਸਾਨੂੰ ਆਪਣੀ ਪਹਿਚਾਣ ਅਤੇ ਲਿਆਕਤ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਰਾਜ ਭਾਗ ਸੰਭਾਲਣ ਦੇ ਕਾਬਲ ਬਣ ਸਕਦੇ ਹਾਂ। ਉਨ੍ਹਾਂ ਰੋਜ਼ ਡੇ ਪਰੇਡ ਵਿੱਚ ਸਿੱਖ ਫਲੋਟ ਸ਼ਾਮਲ ਕਰਨ ਦੇ ਉਪਰਾਲੇ ਨੂੰ ਵੀ ਸਾਂਝਿਆ ਕੀਤਾ। ਉਂਨਾਂ ਕਿਹਾ ਇਸ ਸਾਲ ਰੋਜ਼ ਡੇ ਪਰੇਡ ਵਿੱਚ ਗੁਰੂ ਨਾਨਕ ਦੇਵ ਜੀ ਦੀ ਰਬਾਬ ਫਲੋਟ ਤੇ ਗੂੰਜੇਗੀ। ਸੁਰਿੰਦਰ ਸਿੰਘ ਇੰਜੀਨੀਅਰ ਵਲੋਂ ਕਰਤਾਰਪੁਰ ਲਾਂਘੇਸਬੰਧੀ ਡਾਕੂਮੈਂਟਰੀ ਦਿਖਾਈ ਤੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਸਮਾਗਮ ਸਮੇਂ ਤਲਵਾੜੇ ਵਾਲੀਆਂ ਬੀਬੀਆਂ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬਾਣੀ ਨਾਲ ਦਿਲੋਂ ਜੁੜਨ ਦੀ ਬੇਨਤੀ ਵੀ ਕੀਤੀ। ਸਨਮਾਨਤ ਸਖਸ਼ੀਅਤਾਂ ਵਿੱਚ ਰਛਪਾਲ ਸਿੰਘ ਢੀਂਡਸਾ, ਬਲਵਿੰਦਰ ਸਿੰਘ, ਜਤਿੰਦਰਪਾਲ ਸਿੰਘ, ਕੰਵਲਜੀਤ ਸਿੰਘ ਸੋਨੀ, ਗੁਰਚਰਨ ਸਿੰਘ, ਸੁਰਿੰਦਰ ਸਿੰਘ ਇੰਜੀਨੀਅਰ, ਡਾ. ਸੁਖਪਾਲ ਸਿੰਘ ਧਨੋਆ ਪੀ. ਟੀ. ਸੀ. ਬਿਊਰੋ ਅਤੇ ਸੁਰਮੁਖ ਸਿੰਘ ਮਾਣਕੂ ਜਸ ਪੰਜਾਬੀ ਤੇ ਟੀ. ਵੀ. ਏਸ਼ੀਆ ਦੇ ਬਿਊਰੋ ਸ਼ਾਮਲ ਸਨ। ਸਟੇਜ ਦੀ ਕਾਰਵਾਈ ਹਰਭਜਨ ਸਿੰਘ ਵਲੋਂ ਬਾਖੂਬ ਨਿਭਾਈ ਗਈ। ਸੰਗਤਾਂ ਦੇ ਭਾਰੀ ਇਕੱਠ ਵਲੋਂ ਇਸ ਕਰਤਾਰਪੁਰ ਲਾਂਘੇ ਨੂ ਖੁਲ੍ਹਵਾਉਣ ਦੀ ਹਮਾਇਤ ਕੀਤੀ ਗਈ। ਕਰਤਾਰਪੁਰ ਲਾਂਘੇ ਦੀ ਟੀਮ ਨੂੰ ਬੁਲਾਉਣ ਤੇ ਸਹਿਯੋਗ ਦੀ ਹਾਮੀ ਜਸਦੀਪ ਸਿੰਘ ਜਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਹਾਮੀ ਭਰੀ ਸੀ, ਤਾਂ ਜੋ ਸੰਗਤਾਂ ਇਸ ਪ੍ਰੋਜੈਕਟ ਨੂੰ ਵੱਧ ਤੋਂ ਵੱਧ ਸਹਿਯੋਗ ਦੇ ਸਕਣ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਤੇ ਪਾਲਾ ਜਲਾਲਪੁਰ ਦਾ ਵਿਸ਼ੇਸ਼ ਸਨਮਾਨ




**ਯੂਨੀਅਨ ਸਿਟੀ–** ਬੀਤੇ ਦਿਨੀਂ ਰਾਜਾ ਸਵੀਟਸ ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ ਯੂਨਾਈਟਿਡ ਸਪੋਰਟਸ ਕਲੱਬ ਵੱਲੋਂ ਮਹਾਨ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਤੇ ਪਾਲਾ ਜਲਾਲਪੁਰ ਦਾ ਵਿਸ਼ੇਸ਼ ਸਨਮਾਨ ਕਲੱਬ ਦੇ ਮੁੱਖ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ, ਚੇਅਰਮੈਨ ਸ. ਮੱਖਣ ਸਿੰਘ ਬੈਂਸ, ਸਾਧੂ ਸਿੰਘ ਖਲੌਰ, ਜਨਰਲ ਸਕੱਤਰ ਐਸ. ਅਸ਼ੋਕ ਭੌਰਾ ਵੱਲੋਂ ਕੀਤਾ ਗਿਆ।

ਹਰ ਸਾਲ ਵਾਂਗ ਪੰਜਾਬ ਤੋਂ ਵਿਸ਼ਵ ਕਬੱਡੀ ਕੱਪ 'ਤੇ ਪਹੁੰਚਣ ਵਾਲੇ ਕਲੱਬ ਦੇ ਅਹਿਮ ਅੰਗ ਸਾਧੂ ਸਿੰਘ ਖਲੌਰ ਨੂੰ ਵਤਨ ਪਰਤਣ 'ਤੇ ਨਿੱਘੀ ਵਿਦਾਇਗੀ ਦਿੱਤੀ ਗਈ।

ਇਸ ਮੌਕੇ 'ਤੇ ਬੇ-ਏਰੀਆ ਲਾਇਨਜ਼ ਦੇ ਬਲਜੀਤ ਸਿੰਘ ਸੰਧੂ, ਸੁਰਜੀਤ ਸਿੰਘ ਸੰਧੂ ਤੋਂ ਇਲਾਵਾ ਤੀਰਥ ਸਿੰਘ ਸੱਲ੍ਹ ਅਤੇ ਹੋਰ ਸ਼ਖਸੀਅਤਾਂ ਹਾਜਰ ਸਨ।

# ਡਾ: ਬੀ ਆਰ ਅੰਬੇਡਕਰ ਲੋਕ ਭਲਾਈ ਮੰਚ ਨੇ ਕੀਤੀ ਬਸਪਾ 'ਚ ਸਮੂਲੀਅਤ

## ਦੇਸ਼ ਦੀ ਜਨਤਾ ਭੈਣ ਕੁਮਾਰੀ ਮਾਇਆਵਤੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਦੇਖਣਾ ਚਾਹੁੰਦੀ ਹੈ : ਸੁਮਨ

**ਲੁਧਿਆਣਾ–** ਬਹੁਜਨ ਸਮਾਜ ਪਾਰਟੀਆਂ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਡਾ: ਬੀ ਆਰ ਅੰਬੇਡਕਰ ਲੋਕ ਭਲਾਈ ਮੰਚ ਨੇ ਸਕੱਤਰ ਜਨਰਲ ਨਿਰਮਲ ਸਿੰਘ ਸੁਮਨ ਦੀ ਹਾਜਰੀ ਵਿੱਚ ਬਸਪਾ ਵਿੱਚ ਸਮੂਲੀਅਤ ਕੀਤੀ। ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮੰਚ ਦੇ ਪ੍ਰਧਾਨ ਸੋਮਪਾਲ, ਪਿੰਕੂ ਪਾਰਚਾ ਅਤੇ ਜਸਪ੍ਰੀਤ ਜੱਸੋਵਾਲ ਸੈਂਕੜੇ ਸਾਥੀਆਂ ਸਮੇਤ ਬਸਪਾ ਵਿੱਚ ਸ਼ਾਮਿਲ ਹੋਏ। ਜਿਨ੍ਹਾਂ ਨੂੰ ਸ੍ਰੀ ਸੁਮਨ ਅਤੇ ਸੂਬਾ ਸਕੱਤਰ ਦੇਸ਼ ਰਾਜ ਚੌਹਾਨ ਨੇ ਫੁੱਲਾਂ ਦੇ ਹਾਰ ਪਾ ਕੇ ਪਾਰਟੀ ਵਿੱਚ ਸ਼ਾਮਿਲ ਕੀਤਾ।




ਇਸ ਮੌਕੇ ਸ੍ਰੀ ਸੁਮਨ ਨੇ ਕਿਹਾ ਕਿ ਸ਼ਾਮਿਲ ਹੋਏ ਸਾਥੀਆਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਜਿਥੇ ਹੋਰਨਾਂ ਸੰਗਠਨਾਂ ਨੂੰ ਵੀ ਬਸਪਾ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਉਥੇ ਹੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਘੁਟਣ ਮਹਿਸੂਸ ਕਰ ਰਹੇ ਆਗੂਆਂ ਅਤੇ ਵਰਕਰਾਂ ਨੂੰ ਵੀ ਬਸਪਾ 'ਚ ਸ਼ਾਮਿਲ ਹੋ ਕੇ ਸਮਾਜ ਦੀ ਬੇਹਤਰੀ ਲਈ ਕੰਮ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਕੇਵਲ ਪੰਜਾਬ ਵਿੱਚ ਹੀ ਨਹੀ ਬਲਕਿ ਪੂਰੇ ਦੇਸ਼ ਵਿੱਚ ਬਸਪਾ ਮੁੱਖੀ ਭੈਣ ਕੁਮਾਰੀ ਮਾਇਆਵਤੀ ਲਈ ਮਾਹੌਲ ਬਣਿਆ ਹੋਇਆ ਹੈ। ਲੋਕਾਂ ਦਾ ਉਨ੍ਹਾਂ ਦੀ ਲੀਡਰਸ਼ਿਪ ਵਿੱਚ ਵਿਸ਼ਵਾਸ ਵਧ ਰਿਹਾ ਹੈ ਜਿਸ ਦਾ ਕਾਰਨ ਜਿਥੇ ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਤੇ ਹਮਲਿਆਂ ਦਾ ਵਧਣਾ ਹੈ ਉਥੇ ਹੀ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਦਾ ਹਰ ਫਰੰਟ ਦੇ ਫੇਲ੍ਹ ਹੋ ਜਾਣਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿੱਚ ਭਿੰਨ ਭਿੰਨ ਪ੍ਰਕਾਰ ਦੀ ਅਰਾਜਕਤਾ ਫੈਲੀ ਹੋਈ ਹੈ ਜਿਸ ਵਿੱਚੋਂ ਦੇਸ਼ ਨੂੰ ਬਾਹਰ ਕੱਢਣ ਲਈ ਯੋਗ ਅਗਵਾਈ ਦੀ ਜਰੂਰਤ ਹੈ। ਕੁਮਾਰੀ ਮਾਇਆਵਤੀ ਆਪਣੇ ਸ਼ਾਸਨਕਾਲ ਦੌਰਾਨ ਲੋਕਾਂ ਨੂੰ ਸੁਖਾਵਾਂ ਮਾਹੌਲ ਦੇ ਚੁੱਕੇ ਹਨ ਅਤੇ ਚੰਗਾ ਸ਼ਾਸਨ ਪ੍ਰਬੰਧ ਵੀ ਦੇ ਚੁੱਕੇ ਹਨ। ਕੁਮਾਰੀ ਮਾਇਆਵਤੀ ਚੰਗੇ ਐਡਮਿਨਸਟਰੇਟਿਵ ਸਾਬਤ ਹੋਏ ਹਨ ਜਿਸ ਕਾਰਨ ਲੋਕਾਂ ਦੀ ਇੱਛਾ 2019 ਵਿੱਚ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਹੈ। ਉਨ੍ਹਾਂ ਕਿਹਾ ਕਿ ਬਸਪਾ ਅਗਲੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਸੰਗਠਨ ਨੂੰ ਮਜਬੂਤ ਕਰਨ ਵਿੱਚ ਲੱਗ ਗਈ ਹੈ ਅਤੇ ਹਮਖਿਆਲੀਆਂ ਲਈ ਵੀ ਸਮਝੋਤੇ ਦੇ ਬਦਲ ਸਨਮਾਨਜਨਕ ਸੀਟਾਂ ਦੀ ਸ਼ਰਤ ਤੇ ਖੋਲ ਦਿੱਤੇ ਗਏ ਹਨ। ਜਿਹੜੀ ਵੀ ਪਾਰਟੀ ਇਸ ਸ਼ਰਤ ਤਹਿਤ ਭਾਜਪਾ ਮੁਕਤ ਭਾਰਤ ਲਈ ਬਸਪਾ ਨਾਲ ਹੱਥ ਮਿਲਾਏਗੀ ਉਸ ਨਾਲ ਮਿਲ ਕੇ ਚੋਣਾਂ ਲੜੀਆਂ ਤੇ ਜਿੱਤੀਆਂ ਜਾਣਗੀਆਂ। ਇਸ ਮੌਕੇ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਜੋਨ ਇੰਚਾਰਜ ਡਾ: ਜਸਪ੍ਰੀਤ ਸਿੰਘ ਸਿਆਣ, ਭੁਪਿੰਦਰ ਸਿੰਘ ਜੋਨ ਇੰਚਾਰਜ ਲੁਧਿਆਣਾ, ਜਿਲ੍ਹਾ ਜਨਰਲ ਸਕੱਤਰ ਪ੍ਰਗਣ ਬਿਲਗਾ, ਦਲਬੀਰ ਸਿੰਘ ਮੰਡਿਆਲਾ ਇੰਚਾਰਜ ਹਲਕਾ ਸਮਰਾਲਾ, ਦੇਵਰਾਜ ਸੰਧੂ ਸੀਨੀਅਰ ਆਗੂ, ਜਸਵੀਰ ਪੌਲ ਹਲਕਾ ਉੱਤਰੀ, ਬਲਵਿੰਦਰ ਜੱਸੀ ਜਨਰਲ ਸਕੱਤਰ ਹਲਕਾ ਉੱਤਰੀ, ਲੇਖਰਾਜ, ਰਾਜਿੰਦਰ ਨਿੱਕਾ ਪ੍ਰਧਾਨ ਹਲਕਾ ਪੂਰਬੀ, ਜਸਵਿੰਦਰ ਜੱਸਾ, ਕਮਲਬੌਧ, ਮਨਦੀਪ ਕੁਮਾਰ, ਨਰਿੰਦਰ ਰੱਲ ਅਤੇ ਹੋਰ ਹਾਜਰ ਸਨ।

# ਯੋਗ ਵਸ਼ਿਸ਼ਟ ਸਾਹਿਬ ਜੀ ਦੀ ਬੇਅਦਬੀ ਦੀ ਘੋਰ ਨਿੰਦਿਆ

**ਯੂਬਾ ਸਿਟੀ–** ਬੀਤੇ ਐਤਵਾਰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਇਕ ਵਿਸ਼ੇਸ਼ ਮੀਟਿੰਗ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਦੀ ਪ੍ਰਧਾਨਗੀ ਹੇਠ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹੋਈ। ਜਿਸ ਵਿਚ ਸੰਤੋਖ ਸਿੰਘ ਗਿੱਲ ਵੱਲੋਂ ਇਕ ਮਤਾ ਰੱਖਿਆ ਗਿਆ ਕਿ ਜ਼ਿਲ੍ਹਾ ਜਲੰਧਰ 'ਚ ਪੈਂਦੇ ਪਿੰਡ ਬਾਗਪੁਰ ਵਿਚ ਸ੍ਰੀ ਯੋਗ ਵਸ਼ਿਸ਼ਟ ਸਾਹਿਬ ਜੀ ਦੇ ਪੱਤਰੇ ਪਾੜ ਕੇ ਜੋ ਗਲੀਆਂ ਵਿਚ ਖਿਲਾਰੇ ਗਏ ਹਨ, ਜਿਸ ਨਾਲ ਪੂਰੀ ਦੁਨੀਆਂ ਵਿਚ ਬੈਠੇ ਵਾਲਮੀਕ ਭਾਈਚਾਰੇ ਦੇ ਲੋਕਾਂ ਦੇ ਮਨਾਂ ਨੂੰ ਬੇਹੱਦ ਡੂੰਘੀ ਠੇਸ ਪਹੁੰਚੀ ਹੈ। ਮੀਟਿੰਗ ਵਿਚ ਦੋਸ਼ੀਆਂ ਵੱਲੋਂ ਕੀਤੀ ਇਸ ਘਟੀਆ ਕਰਤੂਤ ਦੀ ਸਰਬਸੰਮਤੀ ਨਾਲ ਸਖਤ ਸ਼ਬਦਾਂ ਵਿਚ ਨਿੰਦਿਆ ਕੀਤੀ ਗਈ। ਪੰਜਾਬ ਸਰਕਾਰ ਤੇ ਪੰਜਾਬ ਪ੍ਰਸ਼ਾਸਨ ਤੋਂ ਇਕ ਰੋਸ ਭਰਿਆ ਪੱਤਰ ਲਿਖ ਕੇ ਮੰਗ ਕੀਤੀ ਗਈ ਕਿ ਇਸ ਨਿੰਦਣਯੋਗ ਘਟਨਾ ਦੀ ਤੁਰੰਤ ਜਾਂਚ ਕਰਕੇ ਬਿਨਾਂ ਕਿਸੇ ਦੇਰੀਦੇ ਦੋਸ਼ੀਆਂ ਨੂੰ ਤੁਰੰਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਕਿ ਆਉਣ ਵਾਲੇ ਸਮੇਂ ਵਿਚ ਕੋਈ ਹੋਰ ਅਜਿਹੀ ਮੰਦਭਾਗੀ ਘਟਨਾ ਨਾ ਵਾਪਰੇ। ਸਭਾ ਵੱਲੋਂ ਪੰਜਾਬ ਵਿਚ ਰਹਿੰਦੇ ਸਾਰੇ ਵਾਲਮੀਕ ਭਾਈਚਾਰੇ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਹਮੇਸ਼ਾ ਹਰ ਦੁੱਖ-ਸੁੱਖ ਵਿਚ ਤੁਹਾਡੇ ਮੋਢੇ ਨਾਲ ਮੋਢਾ ਲਾ ਕੇ ਚੱਲੇਗੀ।



ਇਸ ਮੀਟਿੰਗ ਵਿਚ ਭਗਵਾਨ ਵਾਲਮੀਕ ਜੀ ਦੇ 26 ਅਕਤੂਬਰ ਤੋਂ 28 ਅਕਤੂਬਰ ਤੱਕ ਮਨਾਏ ਜਾ ਰਹੇ ਪ੍ਰਗਟ ਦਿਵਸ ਦੀਆਂ ਤਿਆਰੀਆਂ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਇਹਨਾਂ ਤਿਆਰੀਆਂ ਨੂੰ ਹੋਰ ਵੀ ਸੁਚੱਜੇ ਢੰਗ ਨਾਲ ਚਲਾਉਣ ਲਈ ਯਤਨ ਕਰਨੇ ਚਾਹੀਦੇ ਹਨ। ਇਸ ਦਾ ਸਭ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਕਿ ਪ੍ਰਗਟ ਦਿਵਸ ਦੇ ਤਿੰਨ ਦਿਨਾ ਮੇਲੇ ਵਿਚ ਵੱਧ ਤੋਂ ਵੱਧ ਸੰਗਤਾਂ ਹਾਜ਼ਰੀਆਂ ਲਗਵਾ ਸਕਣ।

ਪ੍ਰੋਗਰਾਮ ਲਈ ਪਾਰਕਿੰਗ ਤੇ ਸਕਿਊਰਟੀ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ। ਤਿੰਨੇ ਦਿਨ ਅਤੁੱਟ ਲੰਗਰ ਵੀ ਵਰਤਣਗੇ। ਪ੍ਰੈਸ ਨੂੰ ਇਹ ਜਾਣਕਾਰੀ ਸਕੱਤਰ ਵਿਸ਼ਾਲ ਸ਼ਰਬਤੀ ਵੱਲੋਂ ਦਿੱਤੀ ਗਈ।

# ਸ੍ਰੀ ਗੁਰੂ ਰਵਿਦਾਸ ਜੀ ਦੇ 642ਵੇਂ ਜਨਮ ਦਿਹਾੜੇ ਮੌਕੇ ਵਾਰਾਨਸੀ ਜਾਣ ਵਾਲੇ ਯਾਤਰੂਆਂ ਦਾ ਅੱਧਾ ਕਿਰਾਇਆ ਮੁਆਫ

**ਨਵੀਂ ਦਿੱਲੀ–** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਯਤਨਾਂ ਸਦਕਾ ਸ੍ਰੀ ਗੁਰੂ ਰਵਿਦਾਸ ਜੀ ਦੇ 642ਵੇਂ ਜਨਮ ਦਿਹਾੜੇ ਮੌਕੇ ਉਹਨਾਂ ਦੇ ਪ੍ਰਗਟ ਸਥਾਨ ਵਾਰਾਨਸੀ 'ਚ ਮਨਾਏ ਜਾਣ ਵਾਲੇ ਧਾਰਮਿਕ ਸਮਾਗਮਾਂ ਮੌਕੇ ਪੰਜਾਬ ਤੋਂ ਜਾਣ ਵਾਲੇ ਧਾਰਮਿਕ ਯਾਤਰੀਆਂ ਲਈ ਰੇਲ ਕਿਰਾਏ ਵਿਚ ਛੋਟ ਦਿਵਾਉਣ ਸਬੰਧੀ ਟਰੱਸਟ ਦੇ ਪੰਜਾਬ ਵਾਲੇ ਪ੍ਰਬੰਧਕਾਂ ਨੇ ਜੋ ਮੰਗ ਕੀਤੀ ਸੀ, ਉਹ ਪੂਰੀ ਹੋ ਗਈ ਹੈ। ਰੇਲਵੇ ਮੰਤਰੀ ਨੇ ਇਸ ਬਾਰੇ ਪੱਤਰ ਜਾਰੀ ਕਰ ਦਿੱਤਾ ਹੈ।

ਹੁਣ 5 ਫਰਵਰੀ 2019 ਤੋਂ 5 ਮਾਰਚ 2019 ਵਿਚਕਾਰ ਵਾਰਾਨਸੀ ਜਾਣ ਵਾਲੇ ਧਾਰਮਿਕ ਯਾਤਰੀਆਂ ਨੂੰ ਰੇਲਵੇ ਕਿਰਾਏ ਵਿਚ 50 ਫੀਸਦੀ ਛੋਟ ਦੇਣ ਦਾ ਪੱਤਰ ਜਾਰੀ ਕਰ ਦਿੱਤਾ ਗਿਆ ਹੈ।


# SRI GURU RAVIDASS SABHA (CA)

**2150 CRESTVIEW DRIVE, Pittsburg CA 94565 Tel: (925) 439-2355**

**Programs at Sri Guru Ravidass Temple Pittsburg in October- November 2018**

**October 14, 2018 Sukhmani Sahib Path and Langar Sewa by Gurughar *****

**HEALTH CLINIC 10:00 AM – 2:00 PM**

The UC Berkeley Student Organization, Bhagat Puran Singh Health Initiative (BPSHI) will be providing a health screening process for you with the following services

- Doctor consultation based on blood pressure, blood sugar, and BMI readings
- Health education to promote improved diet, better lifestyle, and wellness
- Advice on insurance enrollment (including MediCal/Medicare)
- Please come out! We look forward to having a conversation with you about health!

**October 21, 2018 Sukhmani Sahib Path and Langar Sewa by Gurughar*****

**October 28, 2018**

**Sri Sukhmani Sahib Path and Langar Sewa by Harjit Singh Rattu & Saroj Rattu**

Sri Sukhmani Sahib Path and Langar Sewa will be hosted by Harjit Singh Rattu and Saroj Rattu in celebration of their daughter (Granddaughter of Bhai Harbans Rattu and Bibi Gyan Kaur Rattu) Neha Rattu's 5th Birthday. May Waheguru bless Neha Rattu with happy healthy and long life.

**November 7, 2018 (Wednesday) - Diwali Celebrations**

Ramesh Suman, Gyan Suman and family will host Diwali celebration in Gurughar. Sukhmani Sahib Path will start at 6:00 PM. After, Sukhmani Sahib path and Kirtan; Parsad, sweets and GURU KA LANGAR will be served. Please bring a candle to light that day.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# ਨੈਸ਼ਨਲ ਐਵਾਰਡੀ ਪ੍ਰਾਪਤ ਸਰਪੰਚ ਡਾ: ਨਰਿੰਦਰ ਸਿੰਘ ਕੰਗ ਦਾ ਗੁਰੂ ਘਰ ਬਾਬਾ ਮੱਖਣ ਸ਼ਾਹ ਲੁਬਾਣਾ ਨਿਊਯਾਰਕ ਵੱਲੋਂ ਵਿਸ਼ੇਸ਼ ਸਨਮਾਨ

**ਨਿਊਯਾਰਕ, (ਰਾਜ ਗੋਗਨਾ)–** ਬੀਤੇ ਦਿਨ ਆਪਣੀ ਕੈਨੇਡਾ ਅਮਰੀਕਾ ਦੀ ਫੇਰੀ ਦੌਰਾਨ ਨੈਸ਼ਨਲ ਐਵਾਰਡੀ ਪ੍ਰਾਪਤ ਭੁਲੱਥ ਖੇਤਰ ਦੇ ਪਿੰਡ ਖੱਸਣ ਦੇ ਸਰਪੰਚ ਡਾ: ਨਰਿੰਦਰ ਸਿੰਘ ਕੰਗ ਜਿਨਾਂ ਨੂੰ ਪਿਛਲੇ ਸਾਲ ਕੇਂਦਰ ਸਰਕਾਰ ਵੱਲੋਂ ਨਾਨਾ ਜੀ ਦੇਸ਼ਮੁੱਖ ਰਾਸ਼ਟਰੀ ਗੌਰਵ ਗ੍ਰਾਮ ਸਭਾ ਪੁਰਸਕਾਰ ਹਾਸਲ ਕਰਨ ਦਾ ਮਾਣਪ੍ਰਾਪਤ ਦਾ ਹੈ। ਬੀਤੇ ਦਿਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਰਿਚਮੰਡ ਹਿੱਲ ਦੇ ਗੁਰੂ ਵਿਖੇਂ ਨਤਮਸਤਕ ਹੋਏ ਜਿੱਥੇ ਗੁਰੂ ਘਰ ਦੀ ਕਮੇਟੀ ਵਲੋ ਉਹਨਾਂ ਦਾ ਗੁਰੂ ਘਰ ਵਿਖੇਂ ਸਿਰਪਾਉ ਅਤੇ ਉਹਨਾਂ ਨੂੰ ਗੁਰੂ ਘਰ ਦਾ ਯਾਦਗਰੀ ਚਿੰਨ ਦੇ ਕੇ ਗੁਰੂ ਘਰ ਦੇ ਪ੍ਰਧਾਨ ਸ:ਰਘਬੀਰ ਸਿੰਘ ਬੱਬੀ ਅਤੇ ਪੂਰੀ ਕਮੇਟੀ ਵੱਲੋਂ ਸਨਮਾਨ ਕੀਤਾ ਗਿਆਂ। ਇੱਥੇ ਜ਼ਿਕਰਯੋਗ ਹੈ ਕਿ ਡਾ: ਕੰਗ ਜੋ ਆਪਣੇ ਡਾਕਟਰੀ ਦੇ ਆਹੁਦੇ ਤੋਂ ਸੇਵਾ ਮੁਕਤ ਹੋਏ ਹਨ ਅਤੇ ਪਿੰਡ ਖੱਸਣ ਨਜ਼ਦੀਕ ਭੁਲੱਥ ਦੇ ਮੌਜੂਦਾ ਸਰਪੰਚ ਦੇ ਨਾਲ ਇਕ ਸਮਾਜ ਸੇਵੀ ਵੀ ਹਨ ਜੋ ਇਕ ਪੜੇ ਲਿਖੇ ਉਸਾਰੂ ਸੋਚ ਰੱਖਣ ਵਾਲੇ ਬੇਦਾਗ਼ ਇਨਸਾਨ ਨੂੰ ਪਿੰਡ ਵਾਸੀਆ ਨੇ ਪਿਛਲੇ ਪੰਜ ਸਾਲ ਤੋਂ ਸਰਵ ਸੰਮਤੀ ਨਾਲ ਚੁਣਿਆ ਸੀ ।ਜਿੰਨਾਂ ਨੇ ਪਿੰਡ ਖੱਸਣ ਨੂੰ ਡਿਵੈਲਪਮੈਂਟ ਦੇ ਕੰਮ ਕਰਵਾ ਕਿ ਸਿੱਧ ਕਰ ਦਿੱਤਾ ਹੈ ਕਿ ਇਕ ਸਰਪੰਚ ਦੀ ਜ਼ੁੰਮੇਵਾਰੀ ਕਿ ਹੁੰਦੀ ਹੈ ਜਿੰਨਾਂ ਵਿੱਚ ਪਿੰਡ ਵਾਸੀਆ ਨੂੰ ਅਤੇ ਬੱਚਿਆ ਨੂੰ ਵਿੱਦਿਆ ਦੇ ਖੇਤਰ ਚ' ਪਿੰਡ ਦੇ ਪ੍ਰਾਇਮਰੀ ਅਤੇ ਹਾਈ ਸਕੂਲ ਚ' ਸਹੂਲਤਾਂ ਦੇ ਕੇ ਪਿੰਡ ਚ' ਸਵਾ ਕਰੋੜ ਰੁਪੈ ਦਾ ਚੰਦਾ ਜਿੰਨਾਂ ਵਿੱਚ ਐਨ.ਆਰ. ਆਈ. ਭਰਾਵਾਂ ਦਾ ਸਹਿਯੋਗ ਵੀ ਸ਼ਾਮਿਲ ਹੈ ,ਇਕੱਠਾ ਕਰਕੇ ਪਿੰਡ ਦੀ ਡਿਵੈਲਪਮੈਂਟ ਦੇ ਨਾਲ ਸਰਕਾਰੀ ਸਕੂਲ ਨੂੰ ਡਿਜਿਟਲ ਬਣਾਇਆਂ ਹੈ ਜਿੰਨਾਂ ਵਿੱਚ ਪਿੰਡ ਸਾਫ ਸ਼ਫਾਈ ਦੇ ਨਾਲ ਪਾਣੀ ਦੀ ਸ਼ਾਭ ਸੰਭਾਲ਼ ਦੇ ਨਾਲ ਸਕੂਲ ਚ' ਆਲ਼ੀਸ਼ਾਨ ਕੰਪਿਊਟਰ ਲੈਬ ਸਥਾਪਤ ਕੀਤੀ ਜਿਸ ਵਿੱਚ 30 ਦੇ ਕਰੀਬ ਬੱਚਿਆ ਦੀ ਸਿੱਖਿਆ ਲਈ ਕੰਪਿਊਟਰ ਉਪਲਬਧ ਹਨ। ਡਾ: ਕੰਗ ਨੇ ਫ਼ੋਨ ਵਾਰਤਾ ਤੇ ਸਾਡੇ ਪੱਤਰਕਾਰ ਰਾਜ ਗੋਗਨਾ ਨਾਲ ਗੱਲ-ਬਾਤ ਰਾਹੀਂ ਦੱਸਿਆ ਕਿ ਰਾਸ਼ਟਰੀ ਗੋਰਵ ਗ੍ਰਾਮ ਸਭਾ ਅਵਾਰਡ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਹਨਾਂ ਨੂੰ ਸਨਮਾਨਤ ਕੀਤਾ ਸੀ ਨੈਸ਼ਨਲ ਐਵਾਰਡੀ ਸਰਪੰਚ ਡਾ: ਕੰਗ ਨੇ ਦੱਸਿਆ ਕਿ ਪਿਛਲੇ ਪੰਜ ਸਾਲਾ ਤੋਂ ਉਹਨਾਂ ਨੇ ਆਪਣੇ ਪਿੰਡ ਦਾ ਕੋਈ ਵੀ ਕੇਸ ਥਾਣੇ ਨਹੀਂ ਜਾਣ ਦਿੱਤਾ ਅਤੇ ਪਿੰਡ ਵਿੱਚ ਪੰਚਾਇਤ ਦੀ ਜ਼ਮੀਨ ਤੇ ਕੀਤੇ ਗਏ ਕਬਜ਼ਿਆਂ ਨੂੰ ਵੀ ਉਹਨਾਂ ਅਦਾਲਤ ਦਾਂ ਸਹਾਰਾ ਲੈ ਕੇ ਲੋਕਾਂ ਤੋਂ ਖਾਲ਼ੀ ਕਰਵਾਈ ਜੋ ਠੇਕੇ ਤੇ ਦਾ ਸਾਰਾ ਪੈਸਾ ਪਿੰਡ ਦੀ ਸਹੂਲਤਾਂ ਤੇ ਲਗਾਇਆ ਅਤੇ ਇਹ ਪਿੰਡ ਪੰਜਾਬ ਦੇ ਨਕਸ਼ੇ ਤੇ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ ਅਤੇ ਸਰਕਾਰ ਦੇ ਕਈ ਵਿਭਾਗਾਂ ਵੱਲੋਂ ਉਂਹਨਾਂ ਨੂੰ ਅਨੇਕਾਂ ਪੁਰਸਕਾਰ ਵੀ ਮਿਲ ਚੁੱਕੇ ਹਨ ਜ਼ਿਹਨਾਂ ਵਿੱਚ ਰੂਰਲ ਡਿਵੈਲਪਮੈਂਟ ਦਾ ਅਤੇ ਸ੍ਰੀ ਆਨੰਦਪੁਰ ਸਾਹਿਬ ਹੈਰੀਟੇਜ ਫਾਉਡੇਸ਼ਨ ਵੱਲੋਂ 2018 ਚ' ਵਿਸਾਖੀ ਦੇ ਦਿਹਾੜੇ ਤੇ ਮਿਲਿਆਂ ਐਵਾਰਡ ਵੀ ਸ਼ਾਮਿਲ ਹੈ। ਪੰਜਾਬ ਦੇ ਸਰਪੰਚਾਂ ਨੂੰ ਇਸ ਤਰਾਂ ਦੇ ਸਰਪੰਚਾਂ ਕੋਲ ਸੇਧ ਲੈਣ ਦੀ ਲੋੜ ਹੈ।




## Matrimonials

**ਲੜਕੀ ਦੀ ਲੋੜ**

27 ਸਾਲਾ ਸਾਊਦੀ ਅਰਬ ਗਏ ਹੋਏ ਲੜਕੇ ਲਈ ਵਿਦੇਸ਼ ਵਿਚ ਸੈਟਲ ਲੜਕੀ ਦੀ ਲੋੜ ਹੈ। ਲੜਕੇ ਦਾ ਗੋਤ ਵੜੈਚ, ਪਿੰਡ ਅਮਲੋਹ, ਕੱਦ 6 ਫੁੱਟ, ਸੋਹਣਾ ਸੁਨੱਖਾ ਵੈਸ਼ਨੋ ਹੈ। ਚਾਹਵਾਨ ਸੰਪਰਕ ਕਰਨ ਜਸਵੀਰ ਰਾਣਾ 91-98156-59220

Suitable Match Required For RAVIDASIA
Beautiful & Smart Girl 03-11-90 Ht.5'-4"
M.Sc. Biotechnology. (IELTS 6 BAND) Presently on Teaching job in Pvt.Inst. Contact NRI only.
Minimum Degree (Med/Non-Med/Engg.) Doaba Area Preffered
Family Detail:
Father: Civil Engineer, Mother: House Wife
2 Brothers: (Civil Engineers)
Cell: +91-9877505351,
WhatsApp: +91-8054208733


# ਅਮਰੀਕਾ ਦੇ ਨਵੇਂ ਚੁਣੇ ਗਏ ਸੁਪਰੀਮ ਕੋਰਟ ਦੇ ਜੱਜ ਬ੍ਰੈਟ ਐਮ ਕਾਵਾਨੋਹ ਨੂੰ ਅਮਰੀਕੀ ਇਤਿਹਾਸ ਵਿੱਚ ਘੱਟ ਵੋਟਾਂ ਦੇ ਫਰਕ ਨਾਲ ਜਿੱਤਣ ਉਪਰੰਤ ਸਹੁੰ ਚੁਕਾਈ ਗਈ

**ਵਾਸ਼ਿੰਗਟਨ ( ਹੁਸਨ ਲੜੋਆ ਬੰਗਾ)–** ਜੱਜ ਬ੍ਰੈਟ ਐਮ ਕਾਵਾਨੋਹ ਨੂੰ ਸ਼ਨੀਵਾਰ ਨੂੰ ਸੁਪਰੀਮ ਕੋਰਟ ਵਿਚ ਅਮਰੀਕੀ ਇਤਿਹਾਸ ਵਿਚ ਬਹੁਤ ਘੱਟ ਵੋਟਾਂ ਦੇ ਫਰਕ ਨਾਲ ਜਿੱਤਣ ਉਪਰੰਤ ਸਹੁੰ ਚੁਕਾਈ ਗਈ। ਜਿਨਸੀ ਬਦਸਲੂਕੀ ਕਾਰਣ ਜੱਜ ਬ੍ਰੈਟ ਐਮ ਕਾਵਾਨੋਹ ਵਿਰੁੱਧ ਅਮਰੀਕਾ ਵਿੱਚ ਰੋਹ ਜਾਗ ਪਿਆ ਸੀ। ਸੈਨੇਟ ਵਿੱਚ ਵੋਟਿੰਗ ਦੌਰਾਨ ਵੀ ਲੋਕ ਸੈਨੇਟ ਅੱਗੇ ਤੇ ਸੁਪਰੀਮ ਕੋਰਟ ਅੱਗੇ ਰੋਸ ਮੁਜ਼ਾਹਰਾ ਕਰਦੇ ਰਹੇ। ਸੈਨੇਟ ਚ ਵੋਟਿੰਗ ਦੌਰਾਨ ਵੀ ਜਨਤਕ ਗੈਲਰੀਆਂ ਵਿੱਚ ਔਰਤਾਂ ਦੇ ਇੱਕ ਸਮੂਹ ਵਲੋਂ ਵਾਰ ਵਾਰ ਰੌਲਾ ਵੀ ਪਾਇਆ ਤੇ ਜਿਸ ਦੌਰਾਨ ਨੂੰ ਵਾਰ-ਵਾਰ ਕਾਰਵਾਈ ਵਿੱਚ ਵਿਘਨ ਪਿਆ, ਸੈਨੇਟਰਾਂ ਨੇ 50 ਤੋਂ 48 ਵੋਟਾਂ ਜੱਜ ਬ੍ਰੈਟ ਐਮ। ਕਾਵਾਨੋਹ ਨੂੰ ਪਾਈਆਂ। ਜਾਰੀ ਕੀਤੀ ਪਾਰਟੀ ਦੀ ਲਿਸਟ ਵਿੱਚ ਡੈਮੋਕਰੇਟਿਕ ਪਾਰਟੀ ਦੇ ਇੱਕ ਸੈਨੇਟਰ ਜੋਅ ਮੇਂਚਨਿ ਜੋ ਵੈਸਟ ਵਰਜੀਨੀਆ ਤੋਂ ਹੈ ਨੇ ਵੋਟਿੰਗ ਦੌਰਾਨ ਰਿਪਬਲੀਕਨ ਦਾ ਸਾਥ ਦਿੰਦੇ ਹੋਏ ਜੱਜ ਬ੍ਰੈਟ ਐਮ ਕਾਵਾਨੋਹ ਨੂੰ ਵੋਟ ਦਿੱਤਾ ਜਿਸ ਕਰਕੇ ਡੈਮੋਕਰੈਟਿਕ ਪਾਰਟੀ ਦੀ ਹਾਰ ਹੋ ਗਈ। ਲਗਭਗ ਸਾਰੀਆਂ ਪਾਰਟੀਆਂ ਦੇ ਨਾਲ- ਜੱਜ ਕਾਵਾਨੋਹ ਨੂੰ ਤੁਰੰਤ ਚੀਫ਼ ਜਸਟਿਸ ਜੌਨ ਜੀ। ਰੌਬਰਟਸ ਜੂਨੀਅਰ ਅਤੇ ਰਿਟਾਇਰਡ ਜਸਟਿਸ ਐਂਥਨੀ ਐਮ ਕਨੇਡੀ ਵਲੋਂ ਸਹੁੰ ਚੁਕਾਈ ਗਈ।

ਇਸ ਮੌਕੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਖੁਸ਼ੀ ਜ਼ਾਹਿਰ ਕਰਦਿਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਕਈ ਸਾਲਾਂ ਤੋਂ ਸੁਪਰੀਮ ਕੋਰਟ ਦੇ ਕਾਬੂਲ ਜੱਜ ਨੂੰ ਲਿਆਉਣ ਦੀ ਕੋਸ਼ਿਸ਼ ਕਰ ਰਹਾ ਸੀ, ਪਰੰਤੂ ਸ੍ਰੀ ਟਰੰਪ ਨੇ ਜੱਜ ਬ੍ਰੈਟ ਐਮ। ਕਾਵਾਨੋਹ ਦੇ ਖਿਲਾਫ "ਫੋਕੀ ਸਮੱਗਰੀ" ਦੇ ਰੂਪ ਵਿਚ ਜੱਜ ਕਵਾਨੋਹ ਦੇ ਖ਼ਿਲਾਫ਼ ਵੱਡੇ ਪੱਧਰ ਦੇ ਪ੍ਰਦਰਸ਼ਨ ਦਾ ਵੀ ਮਖੌਲ ਉਡਾਇਆ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਫਰੀਮਾਂਟ–** ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਜੇ ਹਫਤਾਵਾਰੀ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਵਿਸ਼ੇਸ਼ ਤੌਰ ਤੇ ਗੁਰੂ ਅੰਗਦ ਦੇਵ ਜੀ ਦੀਆਂ ਸਿੱਖਿਆਵਾਂ ਦੇ ਸਬੰਧ ਵਿਚ ਧਾਰਮਿਕ ਕਵੀ ਦਰਬਾਰ ਬਣੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਇਸ ਮੌਕੇ ਹਾਜ਼ਰ ਕਵੀਆਂ ਵਿਚ ਭਾਈ ਠਾਕੁਰ ਸਿੰਘ, ਭਾਈ ਗੁਰਦਿਆਲ ਸਿੰਘ ਨੂਰਪੁਰੀ, ਭਾਈ ਤਰਸੇਮ ਸਿੰਘ ਸੁੰਮਨ, ਭਾਈ ਜਸਦੀਵ ਸਿੰਘ ਫਰੀਮਾਂਟ, ਭਾਈ ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਲਾ ਆਦਿ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

# ਪੈਪਸੀਕੋ ਦੇ ਮੁੱਖ ਕਾਰਜਕਾਰੀ ਅਧਿਕਾਰੀ ਇੰਦਰਾ ਨੂਈ ਨੇ ਆਪਣੇ ਅਹੁਦੇ ਤੋਂ ਦਿੱਤਾ ਅਸਤੀਫਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੈਪਸੀਕੋ ਦੀ ਸੀ.ਈ.ਓ. ਇੰਦਰਾ ਨੂਈ ਨੇ 3 ਅਕਤੂਬਰ ਤੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ , ਜਿਸ ਨੇ ਪਿਛਲੇ 12 ਸਾਲਾਂ ਤੋਂ ਪੈਪਸੀਕੋ ਦੀ ਅਗਵਾਈ ਕੀਤੀ ਸੀ। ਭਾਰਤੀ ਅਮਰੀਕੀ ਇਸ ਉਚ ਕਾਰਜਕਾਰੀ ਅਧਿਕਾਰੀ ਨੇ ਕਿਹਾ "ਮੈਂ ਰੇਮੋਨਲਾ ਗੌਆਰਟਾ ਨੂੰ ਜੋ ਬਹੁਤ ਹੀ ਕਾਬਲ ਵਿਆਕਤੀ ਹੈ ਨੂੰ ਕੰਪਨੀ ਦੀ ਕਮਾਂਡ ਸੰਭਾਲ ਰਹੀ ਹਾਂਤੇ ਮੈਂ ਇਸ ਤੋਂ ਬਾਅਦ ਵੀ ਇਸ ਕੰਪਨੀ ਨੂੰ ਪਿਆਰ ਕਰਨਾ ਜਾਰੀ ਰੱਖਾਂਗੀ, ਉਨਾਂ ਕਿਹਾ ਕਿ ਰੇਮੋਨਲਾ ਗੌਆਰਟਾ ਇੱਕ ਸ਼ਾਨਦਾਰ ਲੀਡਰ ਹੈ ਜੋ ਸਾਡੇ ਕਾਰੋਬਾਰ ਅਤੇ ਸਾਡੇ ਲੋਕਾਂ ਦੀ ਦਿਲੋਂ ਪਰਵਾਹ ਕਰਦਾ ਹੈ ਉਨਾ ਪਿਛਲੇ 24 ਸਾਲਾਂ ਵਿੱਚ ਕੰਪਨੀ ਲਈ ਵੱਖ ਵੱਖ ਸਮੇਂ ਕੀਤੀਆ ਪ੍ਰਾਪਤੀਆਂ ਲਈ ਅਦਭੁੱਤ ਟੀਮ ਦਾ ਧੰਨਵਾਦ ਕੀਤਾ।



ਉਨਾਂ ਕਿਹਾ ਕਿ ਮੈਂ ਇਹ ਵੇਖਣ ਲਈ ਬੇਸਬਰ ਹਾ ਕਿ ਅੱਗੇ ਕੀ ਹੋਵੇਗਾ।" ਇੱਕ ਲਿੰਕਡਇਨ ਪੋਸਟ ਵਿੱਚ, ਨੂਈ ਦਾ ਆਪਣੇ ਸਟਾਫ ਲਈ ਇੱਕ ਖਤ ਵੀ ਛਪਿਆ ਹੈ ਜੋ ਬਹੁਤ ਹੀ ਜਜਬਾਤੀ ਹੈ। ਵਰਨਣਯੋਗ ਹੈ ਕਿ ਭਾਰਤੀ ਭਾਈਚਾਰੇ ਦੀਆਂ ਬਾਹਰਲੀਆਂ ਸਫਾਂ ਵਿੱਚ ਪੈਪਸੀਕੋ ਦੀ ਸੀ.ਈ.ਓ. ਇੰਦਰਾ ਨੂਈ ਦਾ ਕਾਫੀ ਸਤਿਕਾਰ ਤੇ ਪ੍ਰਭਾਵ ਸੀ।

# ਪੰਜਾਬੀ ਭਵਨ ਸਰੀ ਕੈਨੇਡਾ ਦੇ ਬਾਨੀ ਉੱਘੇ ਸਮਾਜ ਸੇਵੀ ਸੁੱਖੀ ਬਾਠ ਵੱਲੋਂ ਡਾ: ਨਰਿੰਦਰ ਸਿੰਘ ਕੰਗ ਦਾ ਵਿਸ਼ੇਸ਼ ਸਨਮਾਨ

**ਨਿਊਯਾਰਕ /ਸਰੀ (ਰਾਜ ਗੋਗਨਾ)–** ਆਪਣੀ ਕੈਨੇਡਾ ਅਤੇ ਅਮਰੀਕਾ ਦੀ ਫੇਰੀ ਦੋਰਾਨ ਸਟੇਟ ਅਤੇ ਨੈਸ਼ਨ ਐਵਾਰਡ ਪ੍ਰਾਪਤ ਉੱਘੇ ਸਮਾਜ ਸੇਵੀ ਅਤੇ ਪਿੰਡ ਖੱਸਣ ਦੇ ਸਰਪੰਚ ਡਾ: ਨਰਿੰਦਰ ਸਿੰਘ ਕੰਗ ਅਤੇ ਉਹਨਾਂ ਦੀ ਪਤਨੀ ਵਨਿੰਦਰ ਕੋਰ ਕੰਗ ਕੈਨੇਡਾ ਦੇ ਸ਼ਹਿਰ ਸ੍ਰੀ ਵਿਖੇ ਪੰਜਾਬ ਭਵਨ ਦੇ ਬਾਨੀ ਅਤੇ ਕੈਨੇਡਾ ਦੀ ਮਹਾਨ ਸ਼ਖ਼ਸੀਅਤ ਅਤੇਸਮਾਜ ਸੇਵਕ ਸੁੱਖੀ ਬਾਠ ਜੀ ਦੀ ਸਰਪ੍ਰਸਤੀ ਹੇਠ ਪੰਜਾਬ ਭਵਨ ਕੈਨੇਡਾ ਵੱਲੋਂ ਪੰਜਾਬੀ ਮਾਂ ਬੋਲੀ ਦੀ ਪ੍ਰਫੁੱਲਿਤਾਂ ਲਈ ਜਿੱਥੇ ਅਨੇਕਾਂ ਹੀ ਸ਼ਲਾਘਾਯੋਗ ਉੱਦਮ ਕੀਤੇ ਜਾ ਰਹੇ ਹਨ। ਜਿਨ੍ਹਾਂ ਵਿੱਚ ਸੁੱਖੀ ਬਾਠ ਸਰਪ੍ਰਸਤੀ ਅਤੇ ਸ: ਕਵਿੰਦਰ ਚਾਂਦ ਜੀ ਦੀ ਸੰਪਾਦਨਾਂ ਹੇਠ ਤ੍ਰੈਮਾਸਿਕ ਪੰਜਾਬੀ ਮੈਗਜ਼ੀਨ "ਸੁਗੰਧੀਆਂ" ਵੀ ਸ਼ਾਮਲ ਹੈ।ਜਿਸ ਵਿੱਚ ਦੇਸ਼-ਵਿਦੇਸ਼ ਤੋਂ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ। ਆਪਣੀ ਕੈਨੇਡਾ ਅਮਰੀਕਾ ਫੇਰੀ ਤੇ ਆਏ ਉਹਨਾਂ ਦੇ ਜਿਗਰੀ ਦੋਸਤ ਡਾ: ਨਰਿੰਦਰ ਸਿੰਘ ਕੰਗ ਨੂੰ ਉਹਨਾਂ ਵੱਲੋਂ ਦਿੱਤੇ ਸੱਦੇ ਤੇ ਸ: ਕੰਗ ਨੂ ਤ੍ਰੈਮਾਸਿਕ ਪੰਜਾਬੀ ਮੈਗਜ਼ੀਨ ਉਹਨਾਂ ਦੇ ਹੱਥੋਂ ਇਕ ਕਾਪੀ ਰਿਲੀਜ ਕਰਵਾਈ ਅਤੇ ਇਕ ਯਾਦਗਾਰੀ ਸਨਮਾਨ ਚਿੰਨ ਦੇ ਕੇ ਉਹਨਾਂ ਦਾ ਅਤੇ ਉਹਨਾਂ ਦੀ ਪਤਨੀ ਵਨਿੰਦਰ ਕੋਰ ਕੰਗ ਦਾ ਵਿਸ਼ੇਸ ਤੋਰ ਤੇ ਸਨਮਾਨ ਕੀਤਾ ਅਤੇ ਡਾ: ਕੰਗ ਵੱਲੋਂ ਪੰਜਾਬ ਅਤੇ ਆਪਣੇ ਪਿੰਡ ਖੱਸਣ ਲਈ ਕੀਤੇ ਸ਼ਲਾਘਾਯੋਗ ਕੰਮਾਂ ਬਾਰੇ ਹਾਜਿਰ ਪ੍ਰਮੁੱਖ ਸ਼ਖ਼ਸੀਅਤਾ ਨੂੰ ਜਾਣਕਾਰੀ ਦਿੱਤੀ। ਡਾ: ਗਿੱਲ ਨੇ ਆਪਣੇ ਛੋਟੇ ਜਿਹੇ ਸੰਬੋਧਨ ਚ' ਉਹਨਾਂ ਵੱਲੋ ਦਿੱਤੇ ਗਏ ਮਾਣ ਸਨਮਾਨ ਦਾ ਦਿਲ ਦੀਆ ਗਹਿਰਾਈਆਂ ਤੋਂ ਉਹਨਾਂ ਦਾ ਅਤੇ ਪੂਰੀ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਕਾਨਫਰੰਸ ਦੀਆਂ ਤਿਆਰੀਆਂ ਮੁਕੰਮਲ

**ਨਿਊਵਾਰਕ–** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਮਾਸਿਕ ਇਕੱਤਰਤਾ 30 ਸਤੰਬਰ ਨੂੰ ਮਹਿਰਾਨ ਰੈਸਟੋਰੈਂਟ ਨਿਊਵਾਰਕ ਵਿਖੇ ਹੋਈ। ਜਿਸ ਦੀ ਪ੍ਰਧਾਨਗੀ ਪ੍ਰੋਫੈਸਰ ਅਨੂਪ ਵਿਰਕ, ਗੁਲਸ਼ਨ ਦਿਆਲ ਅਤੇ ਤਾਰਾ ਸਾਗਰ ਨੇ ਕੀਤੀ। ਸਭ ਤੋਂ ਪਹਿਲਾਂ ਵਿਪਸਾਅ ਵਲੋਂ ਗੁਲਸ਼ਨ ਦਿਆਲ ਜੀ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਨੀਲਮ ਸੈਣੀ ਅਤੇ ਜਗਜੀਤ ਨੌਸ਼ੇਰਵੀ ਜੀ ਨੇ ਗੁਲਸ਼ਨ ਦਿਆਲ ਜੀ ਦੇ ਜੀਵਨ ਅਤੇ ਸਾਹਿਤ ਬਾਰੇ ਚਰਚਾ ਕੀਤੀ।

ਵਿਪਸਾਅ ਵਲੋਂ ਭਾਰਤ ਸਰਕਾਰ ਵਲੋਂ ਬੁੱਧੀ ਜੀਵੀ ਅਤੇ ਲੇਖਕਾਂ ਦੀਆਂ ਗ੍ਰਿਫਤਾਰੀਆਂ ਦੀ ਕੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਵਿਪਸਾਅ ਬੇ ਏਰੀਆ ਵਲੋਂ ਕਾਨਫਰੰਸ਼ ਦੀ ਤਾਰੀਖ਼ 20 ਅਕਤੂਬਰ ਨਿਸਚਿਤ ਕੀਤੀ ਗਈ। ਜਿਸ ਦਾ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤਕ ਹੋਵੇਗਾ। ਸਥਾਨ ਮਾਹਿਰਾਂਨ ਰੈਸਟੋਰੈਂਟ ਨਿਊਵਾਰਕ।

ਇਸ ਸਮਾਗਮ ਵਿਚ ਸ਼ਿਰਕਤ ਕਰਨ ਵਾਸਤੇ ਡਾ: ਮੋਹਨ ਜੀਤ, ਮਰਹੂਮ ਡਾ: ਜਗਤਾਰ ਦੀ ਬੇਟੀ ਨੀਰੂ, ਪ੍ਰੋਫੈਸਰ ਸੁਰਜੀਤ ਜੱਜ ਅਤੇ ਪ੍ਰੋਫੈਸਰ ਪਰਮਜੀਤ ਕੌਰ ਨੂੰ ਸੱਦਾ ਪਤੱਰ ਭੇਜਿਆ ਜਾਵੇਗਾ। ਇਸ ਸਮਾਗਮ ਵਿਚ ਨੀਲਮ ਸੈਣੀ, ਅਸ਼ੋਕ ਟਾਂਗਰੀ ਅਤੇ ਹਰਭਜਨ ਢਿੱਲੋਂ ਜੀ ਨੂੰ ਪਲੇਗਾਂ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਕੁਲਵਿੰਦਰ ਨੇ ਸਟੇਜ ਦੀ ਭੂਮਿਕਾ ਹਮੇਸ਼ਾਂ ਵਾਂਗ ਬਾਖ਼ੂਬ ਨਿਭਾਈ। ਸਭਾ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

ਦੇਸ਼ ਦੁਆਬਾ

## ਲੋਕ ਸਭਾ ਚੋਣਾ 2019 ਦਾ ਬਿਗਲ ਵੱਜਿਆ

ਭਾਰਤ ਵਿਚ ਅਗਲੇ ਸਾਲ 2019 ਵਿਚ ਲੋਕ ਸਭਾ ਦੀਆਂ ਚੋਣਾ ਹੋਣ ਜਾ ਰਹੀਆਂ ਹਨ। ਇਸ ਵਾਰ ਸਮੇਂ ਤੋਂ ਪਹਿਲਾਂ ਹੀ ਲੋਕ ਸਭਾ ਦੀਆਂ ਚੋਣਾਂ ਲਈ ਸਾਰੀਆਂ ਧਿਰਾਂ ਤਿਆਰ ਨਜ਼ਰ ਆ ਰਹੀਆਂ ਹਨ। ਕਈ ਕਿਸਮ ਦੀਆਂ ਸਿਆਸੀ ਸੰਭਾਵਨਾਂਵਾਂ ਤਲਾਸ਼ੀਆਂ ਜਾ ਰਹੀਆਂ ਹਨ। ਪੰਜਾਬ ਵਿਚ ਤਿੰਨੇ ਧਿਰਾਂ ਕਾਂਗਰਸ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਰੈਲੀਆਂ ਦਾ ਸਿਲਸਿਲਾ ਆਰੰਭ ਕਰ ਦਿੱਤਾ ਹੈ। ਪੰਜਾਬ ਵਿਚ ਇਸ ਵਾਰ ਵੀ ਆਮ ਆਦਮੀ ਪਾਰਟੀ ਬਿਨਾਂ ਕਿਸੇ ਸੰਗਠਨ ਤੋਂ ਜਨਤਾ ਦੇ ਸਹਾਰੇ ਹੀ ਚੋਣਾਂ ਲੜਦੀ ਨਜ਼ਰ ਆ ਰਹੀ ਹੈ, ਜਦਕਿ ਦੂਜੀਆਂ ਦੋਵੇਂ ਧਿਰਾਂ ਹਾਲੇ ਵੀ ਸੰਗਠਿਤ ਨਜ਼ਰ ਆ ਰਹੀਆਂ ਹਨ। ਪੰਜਾਬ ਵਿਚ ਪਿਛਲੇ ਸਮੇਂ ਤੋਂ ਗੂੰਜ ਰਹੇ ਬਰਗਾੜੀ ਕਾਂਡ ਦਾ ਕੀ ਅਸਰ ਪੈਂਦਾ ਹੈ, ਇਹ ਵੀ ਲੋਕ ਸਭਾ ਚੋਣਾਂ ਵਿਚ ਹੀ ਤਹਿ ਹੋਵੇਗਾ।

ਭਾਰਤ ਵਿਚ ਇਸ ਤੋਂ ਪਹਿਲਾਂ ਕਿ ਲੋਕ ਸਭਾ ਚੋਣਾਂ ਦੇ ਲਈ ਸਰਗਰਮੀ ਨੂੰ ਦੇਖਿਆ ਜਾਵੇ, ਪੰਜ ਸੂਬਿਆਂ ਦਾ ਸੈਮੀਫਾਈਨਲ ਇਸ ਤੋਂ ਪਹਿਲਾਂ ਹੀ ਹੋ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋ ਰਹੀਆਂ ਇਹਨਾਂ ਚੋਣਾਂ ਵਿਚ ਜਿੱਥੇ ਭਾਜਪਾ ਦੀ ਅਗਨੀ ਪ੍ਰੀਖਿਆ ਹੋਵੇਗੀ, ਉਥੇ ਕਾਂਗਰਸ ਦਾ ਭਵਿੱਖ ਵੀ ਤਹਿ ਹੋਵੇਗਾ। ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਦੀਆਂ 230, ਛੱਤੀਸਗੜ੍ਹ ਦੀਆਂ 90, ਰਾਜਸਥਾਨ ਦੀਆਂ 200, ਮਿਜ਼ੋਰਮ ਦੀਆਂ 40 ਅਤੇ ਤੇਲੰਗਾਨਾ ਦੀਆਂ 119 ਵਿਧਾਨ ਸਭਾ ਸੀਟਾਂ 'ਤੇ ਚੋਣ ਹੋਵੇਗੀ। ਇਹ ਚੋਣਾਂ 12 ਨਵੰਬਰ ਤੋਂ ਲੈ ਕੇ 7 ਦਸੰਬਰ ਤੱਕ ਚੱਲਣਗੀਆਂ ਅਤੇ 11 ਦਸੰਬਰ ਨੂੰ ਨਤੀਜਿਆਂ ਦਾ ਐਲਾਨ ਹੋ ਜਾਵੇਗਾ। ਚੋਣ ਸਰਵੇਖਣਾਂ ਦੀ ਜੇਕਰ ਮੰਨੀਏ ਤਾਂ ਇਹਨਾਂ ਚੋਣਾਂ ਵਿਚ ਕੇਂਦਰ ਦੀ ਕਾਰਗੁਜ਼ਾਰੀ ਘੱਟ, ਸੂਬਾ ਸਰਕਾਰਾਂ ਦੀ ਕਾਰਗੁਜ਼ਾਰੀ ਜ਼ਿਆਦਾ ਨਿਰਭਰ ਕਰੇਗੀ। ਇਹਨਾਂ ਨੂੰ ਲੋਕ ਸਭਾ ਚੋਣਾਂ ਦਾ ਸੈਮੀਫਾਈਨਲ ਇਸ ਕਰਕੇ ਕਿਹਾ ਜਾ ਰਿਹਾ ਹੈ ਕਿਉਂਕਿ ਇਹਨਾਂ ਸੂਬਿਆਂ ਤੋਂ ਲੋਕ ਸਭਾ ਦੇ 175 ਤੋਂ ਜ਼ਿਆਦਾ ਸਾਂਸਦ ਚੁਣ ਕੇ ਆਉਂਦੇ ਹਨ। ਇਹਨਾਂ ਸੂਬਿਆਂ ਵਿਚ ਇਸ ਵਾਰ ਵੀ ਭਾਜਪਾ ਦਾ ਮੁਕਾਬਲਾ ਰਵਾਇਤੀ ਪਾਰਟੀਆਂ ਦੇ ਨਾਲ ਹੀ ਹੈ। ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿਚ ਤਾਂ ਸਿੱਧਾ ਮੁਕਾਬਲਾ ਕਾਂਗਰਸ ਪਾਰਟੀ ਨਾਲ ਹੈ ਅਤੇ ਕਾਂਗਰਸ ਇਹਨਾਂ ਸੂਬਿਆਂ ਵਿਚ ਇਕੱਲਿਆਂ ਹੀ ਚੋਣਾਂ ਲੜ ਰਹੀ ਹੈ। ਇਹਨਾਂ ਸੂਬਿਆਂ ਦੇ ਨਤੀਜੇ ਜੋ ਮਰਜ਼ੀ ਹੋਣ ਪਰ ਇਹਨਾਂ ਸੂਬਿਆਂ ਦੀਆਂ ਚੋਣਾਂ ਤੋਂ ਬਾਅਦ ਲੋਕ ਸਭਾ ਚੋਣਾਂ ਦਾ ਮੈਦਾਨ ਜ਼ਰੂਰ ਭਖ ਜਾਵੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਜੋਤਿਸ਼ ਵਿਦਿਆ ਗੈਰ ਵਿਗਿਆਨਕ ਕਿਵੇਂ?



ਮੇਘ ਰਾਜ ਮਿੱਤਰ
+91-98887-87440

ਮੈਂ ਬਰਨਾਲੇ ਦੇ ਚਿੰਟੂ ਪਾਰਕ ਵਿਚ ਸੈਰ ਕਰਨ ਗਿਆ ਹੋਇਆ ਸਾਂ। ਫ਼ੋਨ ਦੀ ਘੰਟੀ ਵੱਜੀ, "ਅੰਕਲ ਮੈਂ ਰਾਜਪੁਰੇ ਤੋਂ ਬੋਲ ਰਹੀ ਹਾਂ। ਮੈਂ ਇੱਕ ਲੜਕੇ ਨੂੰ ਪਿਆਰ ਕਰਦੀ ਹਾਂ ਅਤੇ ਉਸ ਨਾਲ ਹੀ ਵਿਆਹ ਕਰਵਾਉਣਾ ਚਾਹੁੰਦੀ ਹਾਂ। ਮੇਰੇ ਤੇ ਉਸਦੇ ਪਰਿਵਾਰ ਵਾਲੇ ਬੜੀ ਮੁਸ਼ਕਿਲ ਨਾਲ ਤਿਆਰ ਹੋਏ ਹਨ। ਪਰ ਹੁਣ ਇੱਕ ਹੋਰ ਹੀ ਰੰਗ ਵਿਚ ਭੰਗ ਪੈ ਗਿਆ ਹੈ। ਜਨਮ ਕੁੰਡਲੀਆਂ ਮਿਲਾਉਣ ਲਈ ਮੈਂ ਇੱਕ ਪ੍ਰਸਿੱਧ ਜੋਤਸ਼ੀ ਕੋਲ ਗਈ ਤਾਂ ਉਸ ਨੇ ਕਹਿ ਦਿੱਤਾ ਹੈ ਕਿ ਮੈਂ ਮੰਗਲੀਕ ਹਾਂ। ਹੁਣ ਦੱਸੋ ਮੈਂ ਕੀ ਕਰਾਂ?'' ਖ਼ੈਰ ਜਿਵੇਂ ਹੁੰਦਾ ਹੈ ਕਾਫ਼ੀ ਲੰਬੀ ਗੱਲਬਾਤ ਤੋਂ ਬਾਅਦ ਮੈਂ ਕਿਵੇਂ ਨਾ ਕਿਵੇਂ ਉਸਦੇ ਦਿਮਾਗ਼ ਦੀ ਸਫ਼ਾਈ ਕੀਤੀ ਤੇ ਉਸਨੂੰ ਮੰਗਲੀਕ ਹੋਣ ਦੇ ਵਹਿਮ ਵਿੱਚੋਂ ਬਾਹਰ ਕੱਢਿਆ। ਜੋਤਿਸ਼ ਬਾਰੇ ਇਹ ਮੈਨੂੰ ਕੋਈ ਪਹਿਲੀ ਫੋਨ ਕਾਲ ਨਹੀਂ ਸੀ। ਤਰਕਸ਼ੀਲ ਲਹਿਰ ਦੇ ਇਤਿਹਾਸ ਦੇ ਪਿਛਲੇ 34 ਵਰ੍ਹਿਆਂ ਵਿੱਚ ਹਜ਼ਾਰਾਂ ਵਿਅਕਤੀ ਚਿੱਠੀਆਂ, ਫ਼ੋਨਾਂ ਰਾਹੀਂ ਅਤੇ ਨਿੱਜੀ ਤੌਰ 'ਤੇ ਮਿਲ ਕੇ ਵੀ ਇਸ ਵਿਸ਼ੇ ਤੇ ਗੱਲਬਾਤ ਕਰ ਚੁੱਕੇ ਹਨ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ।

ਮੈਂ ਭਵਿੱਖਬਾਣੀਆਂ ਵਿਚ ਯਕੀਨ ਕਰਦਾ ਹਾਂ – ਜੇ ਤੁਸੀਂ ਮੈਨੂੰ ਪੁੱਛੋ ਕਿ ਕੀ ਮੈਂ ਭਵਿੱਖਬਾਣੀਆਂ ਵਿਚ ਯਕੀਨ ਕਰਦਾ ਹਾਂ? ਤਾਂ ਮੇਰਾ ਜੁਆਬ ਹਾਂ ਵਿਚ ਹੋਵੇਗਾ। ਮੈਂ ਉਨ੍ਹਾਂ ਭਵਿੱਖਬਾਣੀਆਂ ਵਿਚ ਯਕੀਨ ਕਰਦਾ ਹਾਂ ਜਿਨ੍ਹਾਂ ਦਾ ਆਧਾਰ ਵਿਗਿਆਨਕ ਹੁੰਦਾ ਹੈ। ਮੈਂ ਸਾਇੰਸ ਅਧਿਆਪਕ ਰਿਹਾ ਹਾਂ। ਮੈਂ ਦੱਸ ਸਕਦਾ ਸਾਂ ਕਿ ਮੇਰਾ ਕਿਹੜਾ ਵਿਦਿਆਰਥੀ ਜਮਾਤ ਵਿੱਚੋਂ ਪਹਿਲੇ ਨੰਬਰ ਤੇ ਆਵੇਗਾ ਅਤੇ ਕਿੰਨੇ ਵਿਦਿਆਰਥੀ ਪਾਸ ਹੋਣਗੇ। ਮੈਂ ਉਨ੍ਹਾਂ ਦੇ ਟੈਸਟ ਲਏ ਸਨ ਅਤੇ ਉਨ੍ਹਾਂ ਦੇ ਪੇਪਰ ਮਾਰਕ ਕੀਤੇ ਸਨ ਜਿਨ੍ਹਾਂ ਦੇ ਆਧਾਰ 'ਤੇ ਮੈਂ ਉਨ੍ਹਾਂ ਦੀ ਪ੍ਰੀਖਿਆ ਵਿਚੋਂ ਕਾਰਗੁਜ਼ਾਰੀ ਦੀ ਭਵਿੱਖਬਾਣੀ ਕਰ ਸਕਦਾ ਸਾਂ। ਇੱਕ ਮੌਸਮ ਵਿਗਿਆਨੀ ਬੱਦਲਾਂ ਦੀ ਦਿਸ਼ਾ, ਸੰਘਣਤਾ, ਦਬਾਓ ਅਤੇ ਤਾਪਮਾਨ ਦਾ ਮਾਪ ਕਰਕੇ ਦੱਸ ਸਕਦਾ ਹੈ ਕਿ ਅਗਲੇ ਕੁੱਝ ਦਿਨਾਂ ਵਿੱਚ ਕਿਸੇ ਇਲਾਕੇ ਵਿਚ ਬਰਸਾਤ ਹੋਣ ਦੀ ਸੰਭਾਵਨਾ ਹੈ ਜਾਂ ਨਹੀਂ। ਇੱਕ ਇੰਜਨੀਅਰ ਇਹ ਦੱਸ ਸਕਦਾ ਹੈ ਕਿ ਉਸਦੀ ਕਾਰ ਇੱਕ ਲੀਟਰ ਪੈਟਰੋਲ ਵਿਚ ਅੰਦਾਜ਼ਨ ਕਿੰਨੀ ਦੂਰੀ ਤੈਅ ਕਰੇਗੀ ਅਤੇ ਉਸਦਾ ਇੰਜਣ ਬਗ਼ੈਰ ਖੁੱਲ੍ਹੇ ਤੋਂ ਕਿੰਨੇ ਲੱਖ ਕਿਲੋਮੀਟਰ ਦਾ ਸਫ਼ਰ ਤੈਅ ਕਰ ਸਕੇਗਾ।

ਇੱਕ ਅੰਕੜਾ ਵਿਗਿਆਨੀ ਇਹ ਦੱਸ ਸਕੇਗਾ ਕਿ ਭਾਰਤ ਦੇ ਇੱਕ ਅਰਬ ਇਕੱਤੀ ਕਰੋੜ ਲੋਕਾਂ ਲਈ ਆਉਣ ਵਾਲੇ ਸਾਲ ਵਿੱਚ ਕਿੰਨੇ ਅੰਨ ਦੀ ਜ਼ਰੂਰਤ ਪਵੇਗੀ ਅਤੇ ਦੇਸ਼ ਦੇ ਅੰਨ ਭੰਡਾਰਾਂ ਦੀ ਸਥਿਤੀ ਵੇਖ ਕੇ ਉਹ ਇਹ ਵੀ ਦੱਸ ਸਕਦਾ ਹੈ ਕਿ ਕਿੰਨੇ ਭਾਰਤਵਾਸੀ ਕਿੰਨੀਆਂ ਰਾਤਾਂ ਭੁੱਖੇ ਢਿੱਡਾਂ ਨਾਲ ਸੌਣ ਦਾ ਯਤਨ ਕਰਨਗੇ?

ਇਸ ਲਈ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਭਵਿੱਖਬਾਣੀਆਂ ਕਰਨਾ ਸੰਭਵ ਹੈ ਪਰ ਭਵਿੱਖਬਾਣੀਆਂ ਕਰਨ ਦਾ ਆਧਾਰ ਵਿਗਿਆਨਕ ਹੋਣਾ ਬਹੁਤ ਜ਼ਰੂਰੀ ਹੈ। ਜੇ ਕਿਸੇ ਗੱਲ ਦਾ ਆਧਾਰ ਵਿਗਿਆਨਕ ਨਹੀਂ ਤਾਂ ਉਸ ਆਧਾਰ 'ਤੇ ਕੀਤੀਆਂ ਭਵਿੱਖਬਾਣੀਆਂ ਵੀ ਸਹੀ ਨਹੀਂ ਹੋ ਸਕਦੀਆਂ।

ਜੋਤਿਸ਼ ਗ਼ੈਰ ਵਿਗਿਆਨਕ ਕਿਵੇਂ? – ਜੋਤਿਸ਼ ਵਿੱਦਿਆ ਦਾ ਆਧਾਰ ਬਿਲਕੁੱਲ ਹੀ ਗ਼ੈਰ ਵਿਗਿਆਨਕ ਹੈ। ਇਸ ਲਈ ਜੋਤਿਸ਼ ਦੀਆਂ ਭਵਿੱਖਬਾਣੀਆਂ ਬਿਲਕੁੱਲ ਹੀ ਗ਼ਲਤ ਹੁੰਦੀਆਂ ਹਨ। ਹੁਣ ਤੁਸੀਂ ਜਾਨਣਾ ਚਾਹੋਗੇ ਕਿ ਜੋਤਿਸ਼ ਦਾ ਆਧਾਰ ਗ਼ੈਰ ਵਿਗਿਆਨਕ ਕਿਵੇਂ ਹੈ? ਜੋਤਿਸ਼ ਦੇ ਗਰੰਥਾਂ ਦੀ ਰਚਨਾ ਲਗਭਗ ਇੱਕ ਹਜ਼ਾਰ ਸਾਲ ਪਹਿਲਾਂ ਹੋਈ ਹੈ। ਇਨ੍ਹਾਂ ਗਰੰਥਾਂ ਦੇ ਰਚਨਹਾਰੇ ਬੁੱਧੀਮਾਨ ਵਿਅਕਤੀ ਸਨ ਅਤੇ ਸਾਨੂੰ ਭਾਰਤ ਵਾਸੀਆਂ ਨੂੰ ਉਨ੍ਹਾਂ 'ਤੇ ਮਾਣ ਹੈ, ਪਰ ਉਸ ਸਮੇਂ ਵਿਗਿਆਨਕ ਜਾਣਕਾਰੀ ਤੇ ਉਪਕਰਣ ਹੀ ਉਪਲਬਧ ਨਹੀਂ ਸਨ। ਇਸ ਲਈ ਉਨ੍ਹਾਂ ਨੇ ਜੋ ਵੀ ਅੰਦਾਜ਼ੇ ਲਗਾਏ ਉਹ ਠੀਕ ਹੋ ਹੀ ਨਹੀਂ ਸਕਦੇ ਸਨ। ਕਿਉਂਕਿ ਦੂਰਬੀਨ ਦੀ ਖੋਜ ਨੂੰ ਤਾਂ ਅਜੇ ਪੰਜ ਸੌ ਵਰ੍ਹੇ ਵੀ ਨਹੀਂ ਹੋਏ।

ਜੋਤਿਸ਼ ਦੇ ਗ੍ਰਹਿ ਤੇ ਵਿਗਿਆਨ ਦੇ ਗ੍ਰਹਿ – ਜੋਤਿਸ਼ੀਆਂ ਅਨੁਸਾਰ ਤਾਂ ਸੂਰਜ, ਬੁੱਧ, ਸ਼ੁੱਕਰ, ਮੰਗਲ, ਬ੍ਰਹਿਸਪਤੀ, ਸ਼ਨੀ ਅਤੇ ਚੰਨ ਸੱਤ ਗ੍ਰਹਿ ਹਨ। ਇਹ ਸਾਰੇ ਧਰਤੀ ਦੁਆਲੇ ਚੱਕਰ ਲਾ ਰਹੇ ਹਨ। ਪਰ ਅਸਲੀਅਤ ਇਹ ਨਹੀਂ ਸਗੋਂ ਇਹ ਹੈ ਕਿ ਚੰਦ ਤੋਂ ਬਗ਼ੈਰ ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੁਆਲੇ ਚੱਕਰ ਲਾ ਰਹੇ ਹਨ। ਦੂਸਰੀ ਗੱਲ ਜੋਤਸ਼ੀਆਂ ਅਨੁਸਾਰ ਸੂਰਜ ਇੱਕ ਗ੍ਰਹਿ ਹੈ ਪਰ ਅੱਜ ਪੰਜਵੀਂ ਜਮਾਤ ਦਾ ਵਿਦਿਆਰਥੀ ਜਾਣਦਾ ਹੈ ਕਿ ਸੂਰਜ ਇੱਕ ਗ੍ਰਹਿ ਨਹੀਂ ਸਗੋਂ ਇੱਕ ਤਾਰਾ ਹੈ। ਇਸੇ ਤਰ੍ਹਾਂ ਜੋਤਿਸ਼ੀ ਚੰਦਰਮਾ ਨੂੰ ਵੀ ਇੱਕ ਗ੍ਰਹਿ ਮੰਨ ਕੇ ਤੁਰਦੇ ਹਨ ਪਰ ਵਿਗਿਆਨ ਅਨੁਸਾਰ ਤਾਂ ਚੰਦਰਮਾ ਇੱਕ ਉਪਗ੍ਰਹਿ ਹੈ, ਜੋ ਧਰਤੀ ਦੁਆਲੇ ਚੱਕਰ ਲਾਉਂਦਾ ਹੈ। ਜੋਤਿਸ਼ ਦੇ ਗਰੰਥਾਂ ਵਿੱਚ ਧਰਤੀ ਨੂੰ ਚੌਰਸ ਮੰਨਿਆ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਇਹ ਸਥਿਰ ਹੈ। ਉਨ੍ਹਾਂ ਅਨੁਸਾਰ ਸੂਰਜ ਚੰਦਰਮਾ ਤੋਂ ਨੇੜੇ ਹੈ। ਸਾਰੇ ਗ੍ਰਹਿ ਸੂਰਜ ਨਾਲੋਂ ਵੱਧ ਦੂਰ ਹਨ।

ਅਗਲੀ ਗੱਲ ਜੋ ਜੋਤਸ਼ੀਆਂ ਦੀ ਗ਼ਲਤ ਹੈ ਉਹ ਰਾਹੂ ਤੇ ਕੇਤੂ ਦੀ ਹੈ, ਜਿਸਨੂੰ ਉਹ ਕਹਿੰਦੇ ਹਨ ਕਿ ਇਹ ਗ੍ਰਹਿ ਮਨੁੱਖ ਦੀ ਕਿਸਮਤ ਤੇ ਮਾੜਾ ਅਸਰ ਪਾਉਂਦੇ ਹਨ। ਪਰ ਮੈਂ ਤੀਹ ਸਾਲ ਸਾਇੰਸ ਪੜ੍ਹਾਉਂਦਾ ਰਿਹਾ ਹਾਂ, ਰਾਹੂ ਤੇ ਕੇਤੂ ਕਿਤੇ ਵੀ ਵਿਗਿਆਨ ਦੇ ਨੌ ਗ੍ਰਹਿਆਂ ਦੀ ਸੂਚੀ ਵਿਚ ਸ਼ਾਮਿਲ ਹੀ ਨਹੀਂ ਹਨ। ਜਦੋਂ ਜੋਤਿਸ਼ੀਆਂ ਨਾਲ ਇਸ ਵਿਸ਼ੇ ਤੇ ਗੱਲ ਕਰਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਰਾਹੂ ਤੇ ਕੇਤੂ ਸਾਡੇ ਕਾਲਪਨਿਕ ਗ੍ਰਹਿ ਹਨ। ਇਸ ਲਈ ਇਨ੍ਹਾਂ ਦੀ ਹੋਂਦ ਤਾਂ ਹੈ ਹੀ ਨਹੀਂ। ਫਿਰ ਇਹ ਮਾੜਾ ਪ੍ਰਭਾਵ ਕਿਵੇਂ ਪਾਉਣਗੇ? ਗ੍ਰਹਿ ਜੋ ਨਵੇਂ ਲੱਭੇ ਗਏ –ਇਸੇ ਤਰ੍ਹਾਂ ਜਦੋਂ 1781 ਵਿੱਚ ਯੂਰੇਨਸ ਦੀ ਖੋਜ ਹੋਈ ਤਾਂ ਜੋਤਿਸ਼ੀਆਂ ਦੀ ਪੁਜੀਸ਼ਨ ਬੜੀ ਹਾਸੋਹੀਣੀ ਹੋ ਗਈ। ਕੁੱਝ ਚਲਾਕ ਜੋਤਿਸ਼ੀਆਂ ਨੇ ਇਸ ਨੂੰ ਆਪਣੀਆਂ ਕਿਤਾਬਾਂ ਵਿਚ ਸ਼ਾਮਿਲ ਕਰ ਲਿਆ। ਫਿਰ 1846 ਵਿਚ ਵਿਗਿਆਨੀਆਂ ਨੂੰ ਨੈਪਚੂਨ ਦੇ ਦਰਸ਼ਨ ਹੋ ਗਏ। ਜੋਤਿਸ਼ੀਆਂ ਨੂੰ ਫਿਰ ਆਪਣੀਆਂ ਕਿਤਾਬਾਂ ਬਦਲਣੀਆਂ ਪੈ ਗਈਆਂ। 1930 ਵਿਚ ਵਿਗਿਆਨਕਾਂ ਨੂੰ ਪਲੂਟੋ ਮਿਲ ਗਿਆ। ਕਿਵੇਂ ਨਾ ਕਿਵੇਂ ਕਰਕੇ ਜੋਤਿਸ਼ੀਆਂ ਨੇ ਇਸ ਨੂੰ ਵੀ ਆਪਣੀਆਂ ਕਿਤਾਬਾਂ ਵਿਚ ਦਰਸਾਉਣਾ ਸ਼ੁਰੂ ਕਰ ਦਿੱਤਾ। 2005 ਵਿਚ ਵਿਗਿਆਨਕਾਂ ਨੇ ਪਲੂਟੋ ਦੇ ਗੁਣਾਂ ਦਾ ਅਧਿਐਨ ਕੀਤਾ ਤਾਂ ਉਹ ਬਾਕੀ ਗ੍ਰਹਿਆਂ ਨਾਲੋਂ ਕੁੱਝ ਵੱਖਰੇ ਸਨ। ਇਸ ਲਈ ਹੁਣ ਉਹਨਾਂ ਨੇ ਪਲੂਟੋ ਤੋਂ ਨੌਂਵੇਂ ਗ੍ਰਹਿ ਹੋਣ ਦਾ ਦਰਜਾ ਖੋਹ ਲਿਆ ਹੈ, ਸਗੋਂ ਉਸ ਨੂੰ ਉਸਦੇ ਨਜ਼ਦੀਕੀ ਕੁੱਝ ਹੋਰ ਸਮਾਨ ਗੁਣਾਂ ਵਾਲੇ ਆਕਾਸ਼ੀ ਪਿੰਡਾਂ ਦੀ ਇੱਕ ਲੜੀ ਵਿਚ ਸ਼ਾਮਿਲ ਕਰ ਦਿੱਤਾ ਗਿਆ ਹੈ।

ਇਸ ਤਰ੍ਹਾਂ ਵਿਗਿਆਨਕ ਜਾਣਕਾਰੀਆਂ ਵਿਚ ਤਬਦੀਲੀਆਂ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੋਤਿਸ਼ੀਆਂ ਨੇ ਤਾਂ ਆਪਣੇ ਗਿਆਨ ਦਾ ਆਧਾਰ ਪ੍ਰਾਚੀਨ ਗਰੰਥਾਂ ਨੂੰ ਬਣਾਇਆ ਹੈ ਜਿਨ੍ਹਾਂ ਨੂੰ ਬਦਲਣਾ ਉਨ੍ਹਾਂ ਲਈ ਬੜਾ ਮੁਸ਼ਕਿਲ ਹੁੰਦਾ ਹੈ। ਇਸ ਤਰ੍ਹਾਂ ਵਿਗਿਆਨ ਦੀ ਹਰ ਖੋਜ਼ ਜੋਤਿਸ਼ੀਆਂ ਨੂੰ ਉਸਲਵੱਟੇ ਲੈਣ ਲਈ ਮਜ਼ਬੂਰ ਕਰ ਦਿੰਦੀ ਹੈ। ਅਸਲੀ ਸਥਿਤੀ ਤੇ ਵਿਖਾਈ ਦੇਣ ਵਾਲੀ ਸਥਿਤੀ – ਜੋਤਸ਼ੀਆਂ ਅਨੁਸਾਰ ਜੇ ਬੱਚੇ ਦੇ ਜਨਮ ਸਮੇਂ ਵਿੱਚ ਇੱਕ ਸੈਕਿੰਡ ਦਾ ਫ਼ਰਕ ਵੀ ਪੈ ਜਾਵੇ ਤਾਂ ਉਨ੍ਹਾਂ ਦਾ ਸਾਰਾ ਟੇਵਾ ਗ਼ਲਤ ਹੋ ਜਾਂਦਾ ਹੈ ਪਰ ਜੋਤਸ਼ੀਆਂ ਨੂੰ ਇਹ ਨਹੀਂ ਪਤਾ ਕਿ ਉਹ ਜਨਮ ਸਮੇਂ ਦੀ ਲਗਨ ਵਿਚ ਜਿਹੜੇ ਗ੍ਰਹਿਆਂ ਦੀ ਪੁਜੀਸ਼ਨ ਵੇਖਦੇ ਹਨ ਉਹ ਨਕਲੀ ਹੁੰਦੀ ਹੈ ਅਸਲੀ ਨਹੀਂ। ਉਦਾਹਰਣ ਦੇ ਤੌਰ 'ਤੇ ਸੂਰਜ ਦੀ ਦੂਰੀ ਸਾਥੋਂ ਪੰਦਰਾਂ ਕਰੋੜ ਕਿਲੋਮੀਟਰ ਹੈ। ਪ੍ਰਕਾਸ਼ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਰਫ਼ਤਾਰ ਨਾਲ ਚਲਦਾ ਹੋਇਆ ਧਰਤੀ ਤੇ ਪਹੁੰਚਣ ਲਈ 500 ਸੈਕਿੰਡ ਭਾਵ 8 ਮਿੰਟ 20 ਸੈਕਿੰਡ ਲਾ ਦਿੰਦਾ ਹੈ। ਹੁਣ ਸੂਰਜ ਦੀ ਅਸਲੀ ਪੁਜੀਸ਼ਨ ਤਾਂ 8 ਮਿੰਟ 20 ਸੈਕਿੰਡ ਪਹਿਲਾਂ ਵਾਲੀ ਹੋਈ ਨਾ ਕਿ ਜੋ ਵਿਖਾਈ ਦਿੰਦੀ ਹੈ। ਇਸ ਤਰ੍ਹਾਂ ਜੁਪੀਟਰ ਤੇ ਨੈਪਚੂਨ ਤੋਂ ਪ੍ਰਕਾਸ਼ ਪਹੁੰਚਣ ਨੂੰ ਘੰਟੇ ਲੱਗ ਜਾਂਦੇ ਨੇ। ਗ੍ਰਹਿ ਦਾ ਮਨੁੱਖ ਤੇ ਪ੍ਰਭਾਵ – ਹੁਣ ਅਗਲਾ ਸੁਆਲ ਪੈਦਾ ਹੁੰਦਾ ਹੈ ਕਿ ਕੀ ਇਹ ਗ੍ਰਹਿ ਮਨੁੱਖੀ ਕਿਸਮਤ ਤੇ ਕੋਈ ਪ੍ਰਭਾਵ ਨਹੀਂ ਪਾਉਂਦੇ ਹਨ। ਇਹ ਸਵੀਕਾਰ ਕਰਦਾ ਹਾਂ ਕਿ ਗ੍ਰਹਿਆਂ ਦਾ ਮਨੁੱਖੀ ਕਿਸਮਤ ਤੇ ਪ੍ਰਭਾਵ ਵੀ ਜ਼ਰੂਰ ਪੈਂਦਾ ਹੈ। ਜੇ ਚੰਦਰਮਾ ਧਰਤੀ ਦੇ ਸਮੁੰਦਰਾਂ ਵਿਚ ਆਪਣੀ ਗੁਰੂਤਾ ਸ਼ਕਤੀ ਨਾਲ ਜਵਾਰਭਾਟੇ ਲਿਆ ਸਕਦਾ ਹੈ ਤਾਂ ਮਨੁੱਖੀ ਮਨ ਵਿਚ ਵੀ ਤਰਲ ਭਰਿਆ ਹੋਇਆ ਹੈ। ਉਸਦੇ ਉੱਪਰ ਚੰਦਰਮਾ ਦੀ ਖਿੱਚ ਸ਼ਕਤੀ ਦਾ ਕੋਈ ਪ੍ਰਭਾਵ ਨਹੀਂ ਹੋਊ। ਇਹ ਕਿਵੇਂ ਹੋ ਸਕਦਾ ਹੈ? ਪਰ ਮੇਰਾ ਸੁਆਲ ਇਹ ਹੈ ਕਿ ਕੁੱਤੇ ਨੂੰ 21 ਦਿਨ ਰੋਟੀ ਪਾਉਣ ਨਾਲ ਇਹ ਗੁਰੂਤਾ ਆਕਰਸ਼ਣ ਦਾ ਪ੍ਰਭਾਵ ਕਿਵੇਂ ਘਟ ਜਾਵੇਗਾ। ਮੈਂ ਤਾਂ ਆਪਣੀ ਪੜ੍ਹਾਈ ਦੇ ਦੌਰਾਨ ਇਹ ਪੜ੍ਹਿਆ ਸੀ ਕਿ ਇਸ ਪ੍ਰਭਾਵ ਨੂੰ ਘਟਾਉਣ ਲਈ ਜਾਂ ਤਾਂ ਚੰਦਰਮਾ ਦਾ ਭਾਰ ਘਟਾਉਣਾ ਪਊ ਜਾਂ ਉਸਦੀ ਦੂਰੀ ਨੂੰ ਵਧਾਉਣਾ ਪਊ। ਕਿਉਂਕਿ ਖਿੱਚ ਸ਼ਕਤੀ ਇਨ੍ਹਾਂ ਦੋ ਚੀਜ਼ਾਂ ਤੇ ਹੀ ਨਿਰਭਰ ਹੁੰਦੀ ਹੈ। ਇੱਕ ਭਾਰ ਤੇ ਦੂਸਰੀ ਉਨ੍ਹਾਂ ਦੇ ਕੇਂਦਰਾਂ ਵਿਚਕਾਰਲੀ ਦੂਰੀ। ਹੁਣ ਇੱਕ ਕੁੱਤੇ ਨੂੰ ਰੋਟੀ ਪਾਉਣ ਵਾਲੀ ਗੱਲ ਨੂੰ ਮੈਂ ਕਿਵੇਂ ਆਪਣੇ ਦਿਮਾਗ਼ ਵਿਚ ਪਾਵਾਂ? ਇਹ ਤਾਂ ਨਿਊਟਨ ਦੇ ਗੁਰੂਤਾ ਖਿੱਚ ਦੇ ਨਿਯਮ ਦੀਆਂ ਧੱਜੀਆਂ ਉਡਾਉਣ ਵਾਲੀ ਗੱਲ ਹੋਈ। ਵਿਗਿਆਨਕ ਗੱਲਾਂ ਦੀ ਜਾਣਕਾਰੀ ਹੋਣ ਕਰਕੇ ਮੇਰੇ ਤਾਂ ਇਹ ਗੱਲ ਹਜ਼ਮ ਹੋ ਹੀ ਨਹੀਂ ਸਕਦੀ। ਫਿਰ ਦੂਸਰੀ ਗੱਲ ਵੀ ਲੈ ਲਈਏ। ਇਨ੍ਹਾਂ ਗ੍ਰਹਿਆਂ ਦਾ ਪ੍ਰਭਾਵ ਮੇਰੇ ਤੇ ਕਿਵੇਂ ਵੱਧ ਹੈ ਕਿਸੇ ਹੋਰ ਤੇ ਇਹ ਕਿਵੇਂ ਘੱਟ ਹੈ? ਕਦੇ ਵੀ ਕੋਈ ਜੋਤਿਸ਼ੀ ਇਸ ਗੱਲ ਦਾ ਤਸੱਲੀਬਖਸ਼ ਜੁਆਬ ਨਹੀਂ ਦੇ ਸਕਦਾ। ਜੇ ਅਗਾਂਹ ਵੀ ਗੱਲ ਤੋਰੀਏ ਤਾਂ ਜੇ ਮੇਰੀ ਜੇਬ ਵਿਚੋਂ ਕੁੱਝ ਪੈਸੇ ਨਿਕਲ ਕੇ ਜਦੋਂ ਜੋਤਿਸ਼ੀ ਦੀ ਜੇਬ ਵਿਚ ਚਲੇ ਜਾਣਗੇ ਤਾਂ ਇਹ ਪ੍ਰਭਾਵ ਕਿਵੇਂ ਖ਼ਤਮ ਹੋ ਜਾਵੇਗਾ। ਇਸ ਤੋਂ ਅਗਲੀ ਗੱਲ ਰਾਹੂ ਤੇ ਕੇਤੂ ਤਾਂ ਕੋਈ ਗ੍ਰਹਿ ਹੀ ਨਹੀਂ ਫਿਰ ਉਹ ਕਿਵੇਂ ਪ੍ਰਭਾਵ ਪਾਉਣਗੇ। ਨਿਊਟਨ ਦੇ ਗੁਰੂਤਾ ਖਿੱਚ ਅਨੁਸਾਰ ਤਾਂ ਜੇ ਕਿਸੇ ਚੀਜ਼ ਦਾ ਭਾਰ ਜ਼ੀਰੋ ਹੋਵੇਗਾ ਤਾਂ ਉਸਦਾ ਆਕਰਸ਼ਣ ਬਲ ਵੀ ਜ਼ੀਰੋ ਹੀ ਹੋਵੇਗਾ।

**ਜਨਮ ਕੁੰਡਲੀਆਂ –** ਜਨਮ ਕੁੰਡਲੀਆਂ ਤਿਆਰ ਕਰਨ ਲਈ ਤਿੰਨ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਬੱਚੇ ਦਾ ਜਨਮ ਸਮਾਂ, ਸਥਾਨ ਅਤੇ ਰਾਸ਼ੀ ਚੱਕਰ। ਰਾਸ਼ੀ ਚੱਕਰ ਤਾਂ ਕਿਸੇ ਵੀ ਜੋਤਿਸ਼ ਦੀ ਕਿਤਾਬ ਵਿੱਚ ਹੁੰਦਾ ਹੈ ਤੇ ਉਸ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਜਨਮ ਸਮਾਂ ਅੱਜ ਕੱਲ੍ਹ ਡਾਕਟਰਾਂ ਤੇ ਨਿਰਭਰ ਹੈ। ਉਹ ਛੇਵੇਂ ਮਹੀਨੇ ਤੋਂ ਬਾਅਦ ਬੱਚੇ ਦਾ ਜਨਮ ਸੀਜੇਰੀਅਨ ਉਪਰੇਸ਼ਨ ਰਾਹੀਂ ਕਰ ਸਕਦੇ ਹਨ। ਜਨਮ ਸਥਾਨ ਗਰਭਵਤੀ ਇਸਤਰੀ ਦੀ ਦੇਖਭਾਲ ਕਰਨ ਵਾਲੇ ਮਾਪਿਆਂ ਜਾਂ ਪਤੀ ਉੱਪਰ ਨਿਰਭਰ ਕਰਦਾ ਹੈ। ਉਹ ਜਦੋਂ ਵੀ ਅਤੇ ਜਿੱਥੇ ਵੀ ਚਾਹੇ ਬੱਚੇ ਦਾ ਜਨਮ ਕਰਵਾ ਸਕਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਇਹ ਤਿੰਨੇ ਚੀਜ਼ਾਂ ਮਨੁੱਖ ਤੇ ਨਿਰਭਰ ਹਨ। ਇਨ੍ਹਾਂ ਵਿੱਚ ਕੋਈ ਵੀ ਚੀਜ਼ ਅਜਿਹੀ ਨਹੀਂ ਜਿਹੜੀ ਕੁਦਰਤ ਤੇ ਨਿਰਭਰ ਹੈ। ਇਸ ਲਈ ਜੇ ਜੋਤਸ਼ੀਆਂ ਨੂੰ ਪਤਾ ਹੈ ਕਿ ਫਲਾਨੇ ਸਮੇਂ ਅਤੇ ਸਥਾਨ ਤੇ ਪੈਦਾ ਹੋਇਆ ਬੱਚਾ ਭਾਰਤ ਦਾ ਪ੍ਰਧਾਨ ਮੰਤਰੀ ਬਣੇਗਾ ਤਾਂ ਜਲੰਧਰ ਦਾ ਇੰਦਰ ਕੁਮਾਰ ਗੁਜਰਾਲ ਕਦੇ ਵੀ ਭਾਰਤ ਦਾ ਪ੍ਰਧਾਨ ਮੰਤਰੀ ਨਾ ਬਣਦਾ ਕਿਉਂਕਿ ਉਸਨੂੰ ਤਾਂ ਜੋਤਿਸ਼ ਵਿੱਚ ਹੀ ਭੋਰਾ ਭਰ ਯਕੀਨ ਨਹੀਂ ਸੀ ਅਤੇ ਨਾ ਹੀ ਜੋਤਿਸ਼ ਨੂੰ ਨਾ ਮੰਨਣ ਵਾਲਾ ਅੰਮ੍ਰਿਤਸਰ ਦਾ ਵਸਨੀਕ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਜਾ ਬੈਠਦਾ। ਹੁਣ ਜੇ ਇੰਦਰਾ ਗਾਂਧੀ ਭਾਰਤ ਦੀ ਪ੍ਰਧਾਨ ਮੰਤਰੀ ਬਣੀ ਸੀ ਇਹ ਇਸ ਲਈ ਥੋੜੇ ਪ੍ਰਧਾਨ ਮੰਤਰੀ ਬਣੀ ਸੀ ਕਿ ਉਸਦੀ ਕਿਸਮਤ ਵਿਚ ਪ੍ਰਧਾਨ ਮੰਤਰੀ ਬਣਨਾ ਲਿਖਿਆ ਸੀ। ਸਗੋਂ ਉਹ ਤਾਂ ਪ੍ਰਧਾਨ ਮੰਤਰੀ ਇਸ ਲਈ ਬਣੀ ਸੀ ਕਿ ਉਹ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਧੀ ਸੀ। ਜੇ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ ਸੀ ਤਾਂ ਉਹ ਇਸ ਕਰਕੇ ਥੋੜੇ ਪ੍ਰਧਾਨ ਮੰਤਰੀ ਬਣਿਆ ਸੀ ਕਿ ਉਸਦੀ ਕਿਸਮਤ ਵਿਚ ਪ੍ਰਧਾਨ ਮੰਤਰੀ ਬਣਨਾ ਲਿਖਿਆ ਸੀ ਸਗੋਂ ਉਹ ਤਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦਾ ਦੋਹਤਾ ਅਤੇ ਸ੍ਰੀਮਤੀ ਇੰਦਰਾ ਗਾਂਧੀ ਦਾ ਸਪੁੱਤਰ ਸੀ। ਹੁਣ ਜੇ ਕੱਲ੍ਹ ਨੂੰ ਸੋਨੀਆ ਗਾਂਧੀ ਜਾਂ ਰਾਹੁਲ ਗਾਂਧੀ ਵਿੱਚੋਂ ਕੋਈ ਪ੍ਰਧਾਨ ਮੰਤਰੀ ਬਣਦਾ ਹੈ ਤਾਂ ਉਹ ਸਿਰਫ ਇਸ ਕਰਕੇ ਬਣੇਗਾ ਕਿ ਉਹ ਭਾਰਤ ਦੇ ਇੱਕ ਸਥਾਪਿਤ ਪਰਿਵਾਰ ਦੇ ਮੈਂਬਰ ਹਨ।

### ਫਰਾਂਸੀਸੀ ਵਿਗਿਆਨਕ ਦਾ ਤਜਰਬਾ

ਇੱਥੋਂ ਮੈਂ ਤੁਹਾਨੂੰ ਫਰਾਂਸ ਦੇ ਇੱਕ ਵਿਗਿਆਨਕ ਗਾਕੂਲਿਨ ਦੁਆਰਾ ਕੀਤੇ ਤਜ਼ਰਬੇ ਬਾਰੇ ਵੀ ਦੱਸਣਾ ਚਾਹੁੰਦਾ ਹਾਂ। ਉਸਨੇ ਅਖ਼ਬਾਰ ਵਿੱਚ ਇੱਕ ਇਸ਼ਤਿਹਾਰ ਦਿੱਤਾ, "ਤੁਸੀਂ ਮੈਨੂੰ ਆਪਣਾ ਨਾਂ, ਪਤਾ, ਜਨਮ ਸਮਾਂ ਅਤੇ ਸਥਾਨ ਲਿਖ ਕੇ ਭੇਜੋ, ਮੈਂ ਤੁਹਾਨੂੰ ਤੁਹਾਡੀ ਜਨਮ ਪੱਤਰੀ ਬਣਾ ਕੇ ਭੇਜਾਗਾਂ।'' ਲੱਗਭੱਗ 1500 ਦੇ ਕਰੀਬ ਵਿਅਕਤੀਆਂ ਨੇ ਉਸਨੂੰ ਆਪਣੇ ਵੇਰਵੇ ਭੇਜੇ। ਉਸਨੇ ਸਭ ਨੂੰ ਪੱਤਰੀਆਂ ਬਣਾ ਕੇ ਭੇਜ ਦਿੱਤੀਆਂ ਅਤੇ ਉਨ੍ਹਾਂ ਦੇ ਹੇਠਾਂ ਇੱਕ ਲਾਈਨ ਲਿਖ ਦਿੱਤੀ ਕਿ "ਕਿ ਮੇਰੇ ਦੁਆਰਾ ਭੇਜੀ ਗਈ ਜਨਮ ਪੱਤਰੀ ਤੁਹਾਡੀ ਸਖਸ਼ੀਅਤ ਤੇ ਕਿੰਨੀ ਕੁ ਢੁੱਕਦੀ ਹੈ? ਕ੍ਰਿਪਾ ਕਰਕੇ ਵਾਪਸੀ ਪੱਤਰ ਰਾਹੀ ਮੈਨੂੰ ਇਹ ਦੱਸਣ ਦੀ ਖੇਚਲ ਕਰਨਾ।'' ਲੱਗਭੱਗ 94ਗ ਵਿਅਕਤੀਆਂ ਨੇ ਉਸਦੇ ਪੱਤਰ ਦਾ ਜੁਆਬ ਭੇਜ ਕੇ ਲਿਖਿਆ ਕਿ "ਉਸ ਦੁਆਰਾ ਭੇਜੀ ਗਈ ਜਨਮ ਪੱਤਰੀ ਦੀਆਂ ਬਹੁਤ ਸਾਰੀਆਂ ਗੱਲਾਂ ਬਿਲਕੁਲ ਸਾਡੀ ਸਖਸ਼ੀਅਤ ਅਨੁਸਾਰ ਹਨ।'' ਫਿਰ ਉਸ ਨੇ ਉਨ੍ਹਾਂ ਸਾਰਿਆਂ ਨੂੰ ਲਿਖਿਆ ਕਿ "ਮੈਂ ਤੁਹਾਨੂੰ ਜੋ ਜਨਮ ਪੱਤਰੀਆਂ ਭੇਜੀਆਂ ਸਨ, ਉਹ ਇੱਕੋ ਹੀ ਸਨ ਤੇ ਇਹ ਉਸ ਅਪਰਾਧੀ ਦੀਆਂ ਸਨ ਜਿਸਨੇ 27 ਵਿਅਕਤੀਆਂ ਨੂੰ ਚੂਨੇ ਦੇ ਟੱਬ ਵਿਚ ਡੁਬੋ ਕੇ ਮਾਰਿਆ ਸੀ ਅਤੇ ਉਸਨੂੰ 1946 ਵਿਚ ਫਾਂਸੀ ਤੇ ਲਟਕਾਇਆ ਗਿਆ ਸੀ।'' ਸੋ ਜੋਤਿਸ਼ੀ ਜਨਮ ਪੱਤਰੀਆਂ ਵਿੱਚ ਕਦੇ ਵੀ ਕਿਸੇ ਵਿਸ਼ੇਸ਼ ਵਾਪਰਨ ਵਾਲੀ ਘਟਨਾ ਦਾ ਜ਼ਿਕਰ ਨਹੀਂ ਕਰਨਗੇ। ਉਹ ਤਾਂ ਆਮ ਜਿਹੀਆਂ ਗੱਲਾਂ ਲਿਖਣਗੇ ਕਿ "ਤੇਰੇ ਕੋਲ ਪੈਸਾ ਬਹੁਤ ਆਵੇਗਾ ਪਰ ਟਿਕੇਗਾ ਨਹੀਂ। ਤੂੰ ਵਿਦੇਸ਼ ਦੀ ਯਾਤਰਾ ਕਰੇਗਾ।'' ਹੁਣ ਹਰ ਰੋਜ਼ 200 ਰੁਪਏ ਕਮਾਉਣ ਵਾਲਾ ਵਿਅਕਤੀ ਵੀ ਸੋਚੇਗਾ ਕਿ ਮੇਰੇ ਕੋਲ ਪੈਸਾ ਆਉਂਦਾ ਤਾਂ ਬਹੁਤ ਹੈ ਅਤੇ ਜਾਂਦਾ ਬਹੁਤ ਹੈ। ਹਰ ਨੇਪਾਲ ਦੀ ਯਾਤਰਾ ਕਰਨ ਵਾਲਾ ਸੋਚੇਗਾ ਕਿ ਜੋਤਿਸ਼ੀ ਦੀ ਗੱਲ ਸਹੀ ਸਿੱਧ ਹੋਈ ਹੈ।'' ਇਸ ਤਰ੍ਹਾਂ ਇਹ ਵਿਅਕਤੀ ਤਾਂ ਕੋਠੇ 'ਤੇ ਖੜੇ ਹੋ ਜਾਣਗੇ ਅਤੇ ਦੋਵੇਂ ਹੱਥ ਖੜ੍ਹੇ ਕਰ ਲੈਣਗੇ ਕਿ ਜੋਤਿਸ਼ੀ ਦੀਆਂ ਸਾਡੀ ਜਨਮ ਪੱਤਰੀ ਵਿੱਚ ਲਿਖੀਆਂ ਗੱਲਾਂ ਸਹੀ ਸਿੱਧ ਹੋਈਆਂ ਹਨ। ਪਰ ਜਿਨ੍ਹਾਂ ਨੂੰ ਦੱਸੀਆਂ ਹੋਈਆਂ ਗੱਲਾਂ ਗਲਤ ਨਿਕਲ ਜਾਂਦੀਆਂ ਹਨ ਉਨ੍ਹਾਂ ਨੇ ਕਿਹੜਾ ਕਿਸੇ ਨੂੰ ਦੱਸਣੀਆਂ ਹਨ। ਪ੍ਰਸਿੱਧ ਨਾਟਕਕਾਰ ਸੈਕਸਪੀਅਰ ਆਪਣੇ ਕਿਸੇ ਨਾਟਕ ਵਿੱਚ ਆਪਣੇ ਇੱਕ ਪਾਤਰ ਬਰੂਟਸ ਤੋਂ ਕਹਾਉਂਦਾ ਹੈ ਕਿ "ਜੋਤਸ਼ੀ ਕਿਸਮਤ ਵਾਲੇ ਹੁੰਦੇ ਹਨ ਉਨ੍ਹਾਂ ਦੀਆਂ ਕਹੀਆਂ 100 ਗੱਲਾਂ ਵਿਚੋਂ ਜੇ 99 ਝੂਠ ਵੀ ਨਿਕਲ ਜਾਣ ਤਾਂ ਉਨ੍ਹਾਂ ਦੀ ਕੋਈ ਬੇਇੱਜਤੀ ਨਹੀਂ ਹੁੰਦੀ ਪਰ ਇੱਕ ਸੱਚੀ ਗੱਲ ਨਾਲ ਹੀ ਉਨ੍ਹਾਂ ਦੀ ਗੁੱਡੀ ਅਸਮਾਨੀ ਚੜ ਜਾਂਦੀ ਹੈ।'' ਝੰਡੀਆਂ ਵਾਲਾ ਜੋਤਸ਼ੀ – ਇੱਥੇ ਮੈਂ ਆਪਣੇ ਬਚਪਨ ਵਿੱਚ ਵਾਪਰੀ ਇੱਕ ਘਟਨਾ ਦਾ ਜ਼ਿਕਰ ਵੀ ਜ਼ਰੂਰ ਕਰਨਾ ਚਾਹਾਗਾਂ। ਧੂਰੀ ਦੇ ਨਜ਼ਦੀਕ ਇੱਕ ਪਿੰਡ ਰਾਜੋ ਮਾਜਰਾ ਹੈ। ਮੇਰੇ ਚਾਚਾ ਜੀ ਇਸ ਪਿੰਡ ਵਿੱਚ ਪਟਵਾਰੀ ਲੱਗੇ ਹੋਏ ਸਨ। ਇੱਕ ਜੋਤਸ਼ੀ ਸੰਤ ਨੇ ਉੱਥੇ ਦੇ ਰੇਲਵੇ ਸਟੇਸ਼ਨ ਦੇ ਨੇੜੇ ਡੇਰੇ ਲਾਏ ਹੋਏ ਹਨ। ਬਹੁਤ ਸਾਰੀਆਂ ਗਰਭਵਤੀ ਇਸਤਰੀਆਂ ਉਸ ਕੋਲ ਜਾਂਦੀਆਂ ਤਾਂ ਉਹ ਹਰੇਕ ਨੂੰ ਕਹਿ ਦਿੰਦਾ, "ਬੀਬੀ ਤੇਰੇ ਲੜਕਾ ਹੋਵੇਗਾ ਇੱਥੇ ਝੰਡੀ ਗੱਡ ਜਾਵੀਂ। ਬੱਸ ਫਿਰ ਕੀ ਸੀ? ਸਾਲ ਭਰ ਵਿਚ ਹੀ ਝੰਡੀਆਂ ਹੀ ਝੰਡੀਆਂ ਨਜ਼ਰ ਆਉਣ ਲੱਗ ਪਈਆਂ। ਜਿਨ੍ਹਾਂ ਦੇ ਲੜਕੇ ਹੋ ਜਾਂਦੇ ਉਹ ਜਥਾ ਲੈ ਕੇ ਝੰਡੀ ਲਾਉਣ ਲਈ ਤੁਰ ਪੈਂਦੀਆਂ। ਲੜਕੀ ਪੈਦਾ ਹੋਣ ਵਾਲਾ ਕੋਈ ਪਰਿਵਾਰ ਝੰਡੀ ਪੁੱਟਣ ਲਈ ਨਹੀਂ ਗਿਆ। ਇਸ ਤਰ੍ਹਾਂ ਜੋਤਸ਼ੀ ਕੋਲ ਜੇ ਦੋ ਇਸਤਰੀਆਂ ਜਾਂਦੀਆਂ ਹਨ ਤਾਂ ਉਹ ਗਰਭਵਤੀ ਇਸਤਰੀ ਨੂੰ ਕਹਿ ਦਿੰਦਾ ਹੈ ਕਿ ਤੇਰੇ ਲੜਕਾ ਪੈਦਾ ਹੋਵੇਗਾ। ਪਰ ਨਾਲ ਦੀ ਨੂੰ ਕਹਿ ਦਿੰਦਾ ਹੈ ਕਿ ਇਸਦੇ ਲੜਕੀ ਪੈਦਾ ਹੋਵੇਗੀ। ਹੁਣ ਸੰਭਾਵਨਾਵਾਂ ਦੋ ਹੀ ਹਨ ਇਨ੍ਹਾਂ ਵਿਚੋਂ ਇੱਕ ਨੇ ਤਾਂ ਠੀਕ ਹੋਣਾ ਹੀ ਹੈ। ਜੇ ਗਰਭਵਤੀ ਨੂੰ ਦੱਸੀ ਗੱਲ ਠੀਕ ਹੋ ਜਾਂਦੀ ਹੈ ਤਾਂ ਉਹ ਕੁੱਝ ਸਾਥਣਾਂ ਨਾਲ ਜੋਤਿਸ਼ੀ ਜੀ ਲਈ ਦਕਸ਼ਣਾ ਲੈ ਕੇ ਪੁੱਜ ਜਾਂਦੀ ਹੈ। ਨਹੀਂ ਦੂਸਰੀ ਨੇ ਤੇ ਇਹ ਪ੍ਰਚਾਰ ਕਰਨਾ ਹੀ ਹੈ ਕਿ ਜੋਤਸ਼ੀ ਜੀ ਨੇ ਮੈਨੂੰ ਤਾਂ ਪਹਿਲਾ ਹੀ ਠੀਕ ਦੱਸ ਦਿੱਤਾ ਸੀ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪੀ.ਕੇ. ਚੁੰਬਰ ਕੈਲੇਫੋਰਨੀਅ ਅਤੇ ਡਾ.ਕੇ.ਕੇ. ਰੱਤੂ ਸਾਹਿਤ ਸਭਾ ਦੇ ਰੂ-ਬ-ਰੂ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਡਾ. ਕ੍ਰਿਸ਼ਨ ਕੁਮਾਰ ਰੱਤੂ ਸਾਬਕਾ ਡਾਇਰੈਕਟਰ ਚੰਡੀਗੜ੍ਹ ਦੂਰਦਰਸ਼ਨ ਕੇਂਦਰ ਅਤੇ ਸ੍ਰੀ ਪੀ. ਕੇ. ਚੁੰਬਰ ਮੁਖ ਸੰਪਾਦਕ ਦੇਸ਼ ਦੁਆਬਾ ਤੇ ਅੰਬੇਡਕਰ ਟਾਇਮਜ਼ ਕੈਲੇਫੋਰਨੀਆ ਨਾਲ ਇੱਕ ਰੂ-ਬ-ਰੂ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਮਦਨ ਵੀਰਾ ਨੇ ਕੀਤੀ। ਸਭ ਤੋਂ ਪਹਿਲਾਂ ਸਭਾ ਵਲੋ ਪਿਛਲੇ ਦਿਨੀ ਕ੍ਰਾਂਤੀਕਾਰੀ ਅਤੇ ਜੁਝਾਰੂ ਕਵੀ ਪਾਸ਼ ਤੇ ਕਰਵਾਏ ਸਮਾਗਮ ਦਾ ਰੀਵਿਊ ਕਰਦਿਆਂ ਹਾਜ਼ਰੀ ਅਤੇ ਪ੍ਰਪੱਕਤਾ ਪੱਖੋਂ ਇਸ ਸਮਾਗਮ ਨੂੰ ਸਰਾਹਿਆ ਗਿਆ। ਡਾ.ਜਸਵੰਤ ਰਾਏ ਨੇ ਚੁੰਬਰ ਬਾਰੇ ਅਤੇ ਮਦਨ ਵੀਰਾ ਨੇ ਡਾ. ਰੱਤੂ ਦੇ ਜੀਵਨ, ਰਚਨਾਵਾਂ ਅਤੇ ਸਾਹਿਤਕ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਦਿੱਤੀ। ਚੁੰਬਰ ਨੇ ਵਿਦੇਸ਼ੀ ਧਰਤੀ ਤੇ ਮੀਡੀਆ ਵਿਚ ਆ ਰਿਹੇ ਨਿਘਾਰ ਅਤੇ ਇਸ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਦੋਸਤਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਮੀਡੀਆ ਦੀ ਮਹੱਤਤਾ ਬਾਰੇ ਵੀ ਬੇਬਾਕ ਜਵਾਬ ਦਿੱਤੇ। ਡਾ. ਰੱਤੂ ਨੇ ਸਾਹਿਤ ਦੇ ਖੇਤਰ ਵਿਚ ਆਪਣੇ 50 ਸਾਲ ਪੂਰੇ ਕਰਨ ਤੇ ਸਾਹਿਤ, ਸਾਹਿਤਕਾਰਾਂ ਅਤੇ ਸਮਾਜ ਨਾਲ਼ ਜੋੜ ਕੇ ਬਹੁਤ ਸਾਰੇ ਤਜ਼ਰਬੇ ਸਾਂਝੇ ਕੀਤੇ।ਨੌਕਰੀ ਦੌਰਾਨ ਕਿਵੇਂ ਨਰੋਏ ਸਾਹਿਤ ਅਤੇ ਅਣਗੌਲ਼ੇ ਸਾਹਿਤਕਾਰਾਂ ਨੂੰ ਮੁੱਖ ਧਾਰਾ ਵਿਚ ਲਿਆਂਦਾ ਬਾਰੇ ਵੀ ਨਿੱਠ ਕੇ ਗੱਲਾਂ ਕੀਤੀਆਂ। ਸਭਾ ਵਲੋਂ ਦੋਵੇਂ ਵਿਸ਼ੇਸ਼ ਮਹਿਮਾਨਾਂ ਨੂੰ ਪੁਸਤਕਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਕਰਵਾਏ ਗਏ ਕਵੀ ਦਰਬਾਰ ਵਿਚ ਸੁਰਿੰਦਰ ਸਿੰਘ ਕੰਗਵੀ, ਕੁਲਤਾਰ ਸਿੰਘ ਕੁਲਤਾਰ, ਗੁਰਬਖਸ਼ ਡੋਗਰਾ, ਤ੍ਰਿਪਤਾ ਕੇ. ਸਿੰਘ, ਪ੍ਰਿੰ. ਸਤਵੰਤ ਕਲੋਟੀ, ਬਬੀਤਾ ਰਾਣੀ, ਹਰਦੀਪ ਗਿੱਲ, ਲਖਵਿੰਦਰ ਰਾਮ, ਸਤੀਸ਼ ਕੁਮਾਰ, ਆਯੂਸ਼, ਗੌਰਬ, ਪਾਠਕ ਹਰਦੀਪ, ਵਿਜੇ ਕੁਮਾਰ, ਗੁਰਨਾਮ ਪ੍ਰੀਤ, ਨਵਤੇਜ ਗੜ੍ਹਦੀਵਾਲਾ, ਕੁਲਵਿੰਦਰ ਰੂਹਾਨੀ, ਸ਼ਿਫਾਲੀ, ਅੰਕੁਸ਼ ਰਾਏ ਨੇ ਹਿੱਸਾ ਲਿਆ। ਪ੍ਰਧਾਨਗੀ ਭਾਸ਼ਣ ਵਿਚ ਮਦਨ ਵੀਰਾ ਨੇ ਜਿੱਥੇ ਬਾਹਰੋਂ ਵਿਦਵਾਨਾਂ ਦਾ ਧੰਨਵਾਦ ਕੀਤਾ ਉੱਥੇ ਪੇਸ਼ ਕੀਤੀਆਂ ਗਈਆਂ ਰਚਨਾਵਾਂ ਤੇ ਭਾਵਪੂਰਤ ਟਿੱਪਣੀਆਂ ਵੀ ਦਿੱਤੀਆਂ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ। ਇਸ ਮੌਕੇ ਹੋਰ ਵੀ ਬਹੁਤ ਸਾਰੇ ਸਾਹਿਤ ਪ੍ਰੇਮੀ ਹਾਜ਼ਰ ਸਨ।




**ਰਿਪੋਰਟ: ਡਾ. ਜਸਵੰਤ ਰਾਏ ਜਨਰਲ ਸਕੱਤਰ ਸਾਹਿਤ ਸਭਾ** (9815825999)

# ਪੰਜਾਬੀ ਸਾਹਿਤ ਸਭਾ ਵਲੋਂ ਪ੍ਰੋ.ਮਲਕੀਤ ਜੌੜਾ ਦੀ ਕਾਵਿ ਪੁਸਤਕ ਲੋਕ-ਅਰਪਣ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਇੱਕ ਵਿਸ਼ੇਸ਼ ਮੀਟਿੰਗ ਡਾ. ਪਰਮਜੀਤ ਸਿੰਘ ਪ੍ਰਿੰਸੀਪਲ ਸਰਕਾਰੀ ਕਾਲਜ ਹੁਸ਼ਿਆਰਪੁਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਪ੍ਰੋ. ਸੁਰਜੀਤ ਜੱਜ ਉਚੇਚੇ ਤੌਰ ਤੇ ਸ਼ਾਮਿਲ ਹੋਏ। ਸਭਾ ਦੇ ਪ੍ਰਧਾਨ ਮਦਨ ਵੀਰਾ ਨੇ ਆਏ ਹੋਏ ਵਿਦਵਾਨਾਂ ਲਈ ਜੀ ਆਇਆਂ ਸ਼ਬਦ ਆਖਦਿਆਂ ਸਭਾ ਦੁਆਰਾ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਇੱਕ ਝਾਤ ਪੁਆਈ। ਕਾਵਿ ਪੁਸਤਕ ਬਾਰੇ ਵਿਦਵਾਨਾਂ ਨੇ ਆਪਣੇ ਵਿਚਾਰ ਵਿਅਕਤ ਕਰਦਿਆਂ ਕਿਹਾ ਕਿ ਮਲਕੀਤ ਦੀ ਕਵਿਤਾ ਦੇ ਕੇਂਦਰ ਵਿਚ ਵਰਣ ਵੰਡ ਵਾਲੇ ਭਾਰਤੀ ਸਮਾਜ 'ਚ ਉਸ ਬੇਪਛਾਣ ਕੀਤੇ ਗਏ ਦਮਿਤ ਅਤੇ ਦਲਿਤ ਮਨੁਖ ਦੇ ਨੈਣ ਨਕਸ਼ ਉਘੜਦੇ ਹਨ ਜਿਨ੍ਹਾਂ ਲਈ ਸਮਾਜ ਵਿਚ ਬਰਾਬਰੀ ਦੀ ਗੱਲ ਅਜੋਕੇ ਦੌਰ ਵਿਚ ਵੀ 'ਦਿੱਲੀ ਦੂਰ' ਵਾਲੀ ਗੱਲ ਹੈ। ਉਸਦੀ ਕਾਵਿਧਾਰਾ ਜਾਤੀਗਤ ਵਿਤਕਰੇ ਦੇ ਵਿਰੁਧ ਚੇਤਨਾ ਦਾ ਪਸਾਰ ਹੀ ਨਹੀਂ ਹੈ ਸਗੋਂ ਆਰਥਿਕ ਕਾਣੀ ਵੰਡ ਦੀ ਰਾਜਨੀਤੀ ਵਿਰੁਧ ਆਪਣਾ ਪ੍ਰਤੀਕਰਮ ਦਰਜ ਕਰਦੀ ਹੈ। ਜੌੜਾ ਦੀ ਸਮੁਚੀ ਸ਼ਾਇਰੀ ਮਾਨਵਤਾਵਾਦੀ ਨਜ਼ਰੀਏ ਦਾ ਪ੍ਰਗਟਾਅ ਕਰਦੀ ਹੋਈ ਮੰਡੀ ਦੇ ਦੌਰ ਵਿਚ ਮਾਨਵੀ ਸਰੋਕਾਰਾਂ ਦੀ ਗੱਲ ਕਰਦੀ ਹੈ।

ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਪਰਮਜੀਤ ਸਿੰਘ ਨੇ ਪੇਸ਼ ਕੀਤੇ ਗਏ ਵਿਚਾਰਾਂ ਤੇ ਆਪਣੀਆਂ ਟਿੱਪਣੀਆਂ ਦਿੰਦੇ ਹੋਏ ਇਸ ਚੌਥੇ ਕਾਵਿ ਸੰਗ੍ਰਹਿ ਲਈ ਪ੍ਰੋ. ਮਲਕੀਤ ਜੌੜਾ ਨੂੰ ਵਧਾਈ ਦਿੱਤੀ। ਸਟੇਜ ਦੀ ਕਾਰਵਾਈ ਡਾ.ਜਸਵੰਤ ਰਾਏ ਨੇ ਬਾਖੂਬੀ ਨਿਭਾਈ। ਇਸ ਮੌਕੇ ਅਮੋਲਕ ਸਿੰਘ, ਸੁਰਿੰਦਰ ਕੰਗਵੀ, ਸਤੀਸ਼ ਕੁਮਾਰ, ਗੁਰਦਿਆਲ ਰੌਸ਼ਨ, ਨਵਤੇਜ ਗੜ੍ਹਦੀਵਾਲਾ, ਡਾ. ਮਨਮੋਹਨ ਸਿੰਘ ਤੀਰ, ਤ੍ਰਿਪਤਾ ਕੇ. ਸਿੰਘ, ਸਤਵੰਤ ਕਲੋਟੀ, ਰਾਮ ਲਾਲ ਭਗਤ, ਕੁਲਤਾਰ ਸਿੰਘ ਕੁਲਤਾਰ, ਵਿਜੇ ਕਲਸੀ, ਅਮਰੀਕ ਡੋਗਰਾ, ਸ਼ਮਸ਼ੇਰ ਮੋਹੀ, ਅਵਤਾਰ ਹੋਠੀ, ਪ੍ਰੋ. ਸੰਦੀਪ ਸੀਕਰੀ, ਪਰਵੀਨ, ਆਯੂਸ਼, ਗੁਰਦੀਪ ਸ਼ੇਰਗੜ੍ਹ, ਡਾ. ਅਜੀਤ ਸਿੰਘ ਜੱਬਲ ਅਤੇ ਹਰਜਿੰਦਰ ਹਰਗੜ੍ਹੀਆ ਸ਼ਾਮਿਲ ਸਨ।



**ਰਿਪੋਰਟ: ਡਾ. ਜਸਵੰਤ ਰਾਏ ਜਨਰਲ ਸਕੱਤਰ ਪੰਜਾਬੀ ਸਭਾ** (9815825999)

# ਕਾਂਤੀ ਮੋਹਨ 'ਸੰਘਰਸ਼ੀ ਯੋਧਾ' ਅਵਾਰਡ ਨਾਲ ਸਨਮਾਨਿਤ

**ਅੱਪਰਾ (ਨਿਰਮਲ ਗੁੜਾ)–**ਅੰਬੇਡਕਰ ਮਿਸ਼ਨਰੀ, ਅੰਨਿਆਂ, ਬੇਇਨਸਾਫੀ ਅਤੇ ਗਰੀਬਾਂ ਨਾਲ ਹੋ ਰਹੇ ਧੱਕੇ ਵਿਰੁੱਧ ਹਿੱਕ ਤਾਣ ਕੇ ਚਟਾਨ ਵਾਂਘ ਖੜਨ ਵਾਲ਼ੇ ਮੁਠੱਡਾ ਕਲਾਂ ਦੇ ਸਰਪੰਚ ਕਾਂਤੀ ਮੋਹਨ ਨੂੰ ਅੱਪਰਾ ਦੇ ਡੇਰਾ ਸੰਤ ਟਹਿਲ ਦਾਸ ਵਿਖੇ ਪ੍ਰਬੰਧਕ ਕਮੇਟੀ ਅਤੇ ਇਲਾਕਾ ਵਾਸੀਆਂ ਵਲੋਂ 'ਸੰਘਰਸ਼ੀ ਯੋਧਾ ਕਾਂਤੀ ਮੋਹਨ' ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਡੇਰਾ ਸੰਤ ਟਹਿਲ ਦਾਸ ਵਿਖੇ ਡੇਰੇ ਦੇ ਸੰਚਾਲਕ ਸੰਤ ਆਤਮਾ ਦਾਸ ਜੀ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਥੇ ਇਲਾਕੇ ਭਰ ਤੋਂ ਅੰਬੇਡਕਰ ਸਭਾਵਾਂ ਦੇ ਮੈਂਬਰ, ਸਤਿਗੁਰ ਰਵਿਦਾਸ ਸਭਾਵਾਂ ਦੇ ਮੈਂਬਰ ਅਤੇ ਇਲਾਕਾ ਵਾਸੀ ਹਾਜਰ ਹੋਏ। ਸਮਾਗਮ ਵਿੱਚ ਕਾਂਤੀ ਮੋਹਨ ਸਰਪੰਚ ਮੁਠੱਡਾ ਕਲਾਂ ਦਾ ਪਹੁਚਣ ਤੇ ਫੁਲਾਂ ਦੇ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਸੰਤ ਆਤਮਾ ਦਾਸ ਜੀ ਨੇ ਕਿਹਾ ਕਿ ਨੇ ਸਾਨੂੰ ਸਤਿਗੁਰ ਰਵਿਦਾਸ ਮਹਾਂਰਾਜ ਜੀ ਨੇ ਜਿਵੇਂ ਮਖੀਲ ਦੀਆਂ ਮੱਖੀਆਂ ਵਾਂਘ ਇਕੱਠੇ ਰਹਿਣ ਲਈ ਪ੍ਰੇਰਤ ਕੀਤਾ ਹੈ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਨੇ 'ਪੜ੍ਹੋ, ਜੁੜੋ ਤੇ ਸੰਘਰਸ਼ ਕਰੋ' ਦਾ ਨਾਹਰਾ ਦਿਤਾ ਹੈ, ਜੋ ਲੋਕ ਰਹਿਬਰਾਂ ਦੇ ਪਾਏ ਪੂਰਨਿਆਂ ਤੇ ਚਲਦੇ ਹੋਏ ਸਮਾਜ ਲਈ ਰਾਹ ਦਸੇਰਾ ਸਾਬਿਤ ਹੁੰਦੇ ਹਨ ਉਹਨਾਂ ਨੂੰ ਹਮੇਸ਼ਾਂ ਬਣਦਾ ਮਾਣ ਸਤਿਕਾਰ ਦੇਣਾ ਸਮਾਜ ਦੀ ਜਿਮੇਵਾਰੀ ਹੈ।

ਇਸ ਮੌਕੇ ਸਰਪੰਚ ਕਾਂਤੀ ਮੋਹਨ ਨੇ ਕਿਹਾ ਕਿ ਜਿਨ੍ਹਾਂ ਚਿਰ ਸਮਾਜ ਰਾਜਨੀਤੀ ਅਤੇ ਸੰਘਰਸ਼ ਦੇ ਰਸਤੇ ਵਾਰੇ ਜਾਣਕਾਰੀ ਰੱਖ ਕੇ ਮੰਜਿਲ ਵੱਲ ਨਹੀਂ ਵਧਦਾ ਉਹਨਾਂ ਚਿਰ ਸਮਾਜ ਤਰੱਕੀ ਨਹੀਂ ਕਰ ਸਕਦਾ, ਰਹਿਬਰਾਂ ਦੇ ਜਨਮ ਦਿਨ ਮਨਾਉਣ ਦਾ ਤਦ ਹੀ ਫਾਇਦਾ ਹੈ ਜੇਕਰ ਅਸੀਂ ਉਹਨਾਂ ਦੇ ਦਰਸਾਏ ਰਸਤਿਆਂ ਤੇ ਚਲਾਂਗੇ। ਇਸ ਮੌਕੇ ਕਾਂਤੀ ਮੋਹਨ ਨੇ ਪ੍ਰਬੰਧਕਾਂ ਵਲੋਂ ਮਾਣ ਸਨਮਾਨ ਦੇਣ ਤੇ ਤਹਿ ਦਿਲੋਂ ਧੰਨਵਾਦ ਕੀਤਾ।

ਇਸ ਮੌਕੇ ਦੇਸ ਰਾਜ ਰਾਜੂ, ਕਮਲ ਕੁਮਾਰ, ਗੋਪਾਲ ਰਾਮ ਬੈਂਸ, ਰਾਮ ਕਿਸ਼ਨ, ਬਸਪਾ ਆਗੂ ਤਿਲਕ ਰਾਜ, ਅਵਿਨਾਸ਼ ਅੱਪਰਾ, ਰਵਿੰਦਰ ਕੁਮਾਰ ਕੁੱਕੂ ਸਰਪੰਚ ਮੰਡੀ, ਰਾਮ ਨਰੰਜਣ, ਹਰਜਸਕਰਨ, ਰਵਿੰਦਰ ਗੁੱਡੂ, ਸੁਨੀਲ ਕੁਮਾਰ, ਸੁਰਿੰਦਰ ਕੁਮਾਰ, ਨਰੇਸ਼ ਕੁਮਾਰ, ਹਰਜਿੰਦਰ ਸੋਨੂੰ, ਰੋਹਿਤ ਖੋਥੜਾਂ, ਹਰਮੇਸ਼ ਲਾਲ ਸੁਆਣ, ਮੋਹਣ ਲਾਲ ਸੁਆਣ, ਰੋਹਿਤ, ਸੁਰਿੰਦਰ, ਮਿੰਟੂ, ਭਜਨ ਕੌਰ, ਨਿੰਦਰ ਕੌਰ, ਸੀਮਾ ਰਾਣੀ ਪੰਚ, ਜਸਪ੍ਰੀਤ ਕੌਰ, ਬਿੰਦਰ ਕੌਰ, ਸੁਖਵਿੰਦਰ ਕੌਰ, ਜਸਵਿੰਦਰ ਕੌਰ, ਸੀਮਾ ਕਲੇਰ, ਸੰਦੀਪ ਕੌਰ, ਕਿਰਨਦੀਪ, ਬਲਜੀਤ ਕੌਰ, ਮਨਜੀਤ ਕੌਰ, ਪ੍ਰੀਤੀ, ਕਮਲਾ ਦੇਵੀ, ਸੋਮਾ ਦੇਵੀ ਅਤੇ ਹੋਰ ਵੀ ਸੇਵਾਦਾਰ ਮੌਜੂਦ ਸਨ।



# ਗੁਰੂ ਨਾਨਕ ਭਾਈ ਲਾਲੋ ਰਾਮਗੜ੍ਹੀਆ ਕਾਲਜ ਵਿਖੇ ਕੰਪਿਊਟਰ ਸਾਇੰਸ ਵਿਭਾਗ ਵਲੋਂ ਆਈ.ਟੀ.ਫੈਸਟ 2018-2019 ਕਰਵਾਇਆ

**ਫਗਵਾੜਾ–** ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਫਗਵਾੜਾ ਦੇ ਨਿਗਰਾਨ ਹੇਠ ਚੱਲ ਰਹੇ ਗੁਰੂ ਨਾਨਕ ਭਾਈ ਲਾਲੋ ਰਾਮਗੜ੍ਹੀਆ ਕਾਲਜ ਫਾਰ ਵੂਮੈਨ ਫਗਵਾੜਾ ਵਿਖੇ ਪ੍ਰਧਾਨ ਮੈਡਮ ਮਿਸਿਜ਼ ਮਨਪ੍ਰੀਤ ਕੌਰ ਭੋਗਲ, ਡਾਇਰੈਕਟਰ ਮੈਡਮ ਵਿਉਮਾ ਢੱਟ ਭੋਗਲ , ਪ੍ਰਿੰਸੀਪਲ ਮੈਡਮ ਡਾ. ਮਿਸਿਜ਼ ਰੁਪਿੰਦਰਜੀਤ ਕੌਰ ਗਰੇਵਾਲ, ਆਫਿਸ ਸੁਪਰਡੈਂਟ ਸ੍ਰੀ ਅਵਤਾਰ ਸਿੰਘ ਅਤੇ ਸਮੂਹ ਟੀਚਿੰਗ ਸਟਾਫ ਦੇ ਸਹਿਯੋਗ ਨਾਲ ਕੰਪਿਊਟਰ ਵਿਭਾਗ ਵਲੋਂ ਮਿਤੀ 1-10-2018 ਨੂੰ ਆਈ.ਟੀ.ਫੈਸਟ ਮਨਾਇਆ ਗਿਆ। ਆਈ.ਟੀ ਫੈਸਟ ਬਹੁਤ ਸਾਰੇ ਕੰਪਿਊਟਰ ਵਿਸ਼ੇ ਨਾਲ ਸੰਬੰਧਿਤ ਕੰਪੀਟੀਸ਼ਨ ਦਾ ਸੰਗਠਨ ਹੈ, ਜਿਸ ਵਿੱਚ ਸਲਾਇਡ ਪ੍ਰੈਜ਼ੈਂਟੇਸ਼ਨ ਮੁਕਾਬਲਾ, ਤੇਜ਼ ਟਾਪਿੰਗ ਸਪੀਡ ਮੁਕਾਬਲਾ, ਕਾਰਡ ਮੇਕਿੰਗ ਮੁਕਾਬਲਾ ਅਤੇ ਇਨਫਾਰਮੇਸ਼ਨ ਟੈਕਨੌਲੋਜੀ ਨਾਲ ਸੰਬੰਧਿਤ ਪ੍ਰਸ਼ਨ/ਉਤਰ ਮੁਕਾਬਲੇ ਵੀ ਕਰਵਾਏ ਗਏ। ਬੀ.ਸੀ.ਏ/ਬੀ.ਏ./ ਬੀ.ਐਸ.ਸੀ.ਇਕਨੌਮਿਕਸ ਭਾਗ ਪਹਿਲਾ,ਦੂਜਾ ਅਤੇ ਤੀਜਾ ਦੀਆਂ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

ਇਹਨਾਂ ਮੁਕਾਬਲਿਆਂ ਵਿੱਚ ਪਹਿਲੇ ਮੁਕਾਬਲੇ ਸਲਾਇਡ ਪ੍ਰੈਜ਼ੈਂਟੇਸ਼ਨ ਵਿਚੋਂ ਮਨੀਸ਼ਾ (ਬੀ.ਸੀ.ਏ. ਸਮੈਸਟਰ ਪੰਜਵਾਂ) ਦੀ ਵਿਦਿਆਰਥਣ ਪਹਿਲੇ ਸਥਾਨ ਤੇ, ਲਵਪ੍ਰੀਤ ਕੌਰ (ਬੀ.ਸੀ.ਏ. ਸਮੈਸਟਰ ਤੀਜਾ) ਦੀ ਵਿਦਿਆਰਥਣ ਦੂਜੇ ਅਤੇ ਗੁਰਪ੍ਰੀਤ ਕੌਰ (ਬੀ.ਸੀ.ਏ. ਸਮੈਸਟਰ ਤੀਜਾ) ਦੀ ਵਿਦਿਆਰਥਣ ਨੇ ਤੀਜਾ ਸਥਾਨ ਹਾਸਲ ਕੀਤਾ। ਤੇਜ਼ ਟਾਈਪਿੰਗ ਸਪੀਡ ਮੁਕਾਬਲੇ ਵਿੱਚ ਬੀ.ਸੀ.ਏ. ਸਮੈਸਟਰ ਤੀਜਾ ਦੀ ਵਿਦਿਆਰਥਣ ਮਿਸ ਗੁਰਪ੍ਰੀਤ ਕੌਰ ਨੇ ਪਹਿਲਾ, ਬੀ.ਸੀ.ਏ. ਸਮੈਸਟਰ ਤੀਜਾ ਦੀ ਵਿਦਿਆਰਥਣ ਮਿਸ ਲਵਪ੍ਰੀਤ ਕੌਰ ਨੇ ਦੂਜਾ ਅਤੇ ਬੀ.ਏ.ਸਮੈਸਟਰ ਪਹਿਲਾ ਦੀ ਵਿਦਿਆਰਥਣ ਮਿਸ ਸਾਧਨਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸੇ ਤਰ੍ਹਾਂ ਕਾਰਡ ਮੇਕਿੰਗ ਮੁਕਾਬਲੇ ਵਿੱਚੋਂ ਬੀ.ਸੀ.ਏ.ਸਮੈਸਟਰ ਪਹਿਲਾ ਦੀ ਵਿਦਿਆਰਥਣ ਮਿਸ ਮੋਨਿਕਾ ਨੇ ਪਹਿਲਾ, ਬੀ.ਸੀ.ਏ. ਸਮੈਸਟਰ ਪਹਿਲਾ ਦੀ ਵਿਦਿਆਰਥਣ ਮਿਸ ਕੁਨਿਕਾ ਨੇ ਦੂਜਾ ਅਤੇ ਬੀ.ਸੀ..ਏ.ਸਮੈਸਟਰ ਪਹਿਲਾ ਦੀ ਵਿਦਿਆਰਥਣ ਮਿਸ ਲਵਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਰੁਪਿੰਦਰਜੀਤ ਕੌਰ ਗਰੇਵਾਲ ਜੀ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਵੱਖ-ਵੱਖ ਮੁਕਾਬਲਿਆਂ ਵਿਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਦੀ ਹੌਂ-ਸਲਾ ਅਫਜ਼ਾਈ ਵੀ ਕੀਤੀ। ਇਸ ਮੌਕੇ ਤੇ ਜੱਜਮੈਂਟ ਦੀ ਭੂਮਿਕਾ ਪ੍ਰੋ: ਹਰਪ੍ਰੀਤ ਕੌਰ(ਸਰੀਰਿਕ ਸਿੱਖਿਆ ਵਿਭਾਗ), ਪ੍ਰੋ: ਪ੍ਰੀਤਪਾਲ ਕੌਰ(ਕੰਪਿਊਟਰ ਵਿਭਾਗ), ਪ੍ਰੋ:ਮਿਸਿਜ਼ ਰਜਵਿੰਦਰ ਕੌਰ(ਇਕਨੌਮਿਕਸ ਵਿਭਾਗ), ਪ੍ਰੋ: ਚੇਤਨਾ ਜਲੋਟਾ (ਹਿੰਦੀ ਵਿਭਾਗ) ਅਤੇ ਪ੍ਰੋ: ਅਮਨਜੋਤ(ਕੰਪਿਊਟਰ ਵਿਭਾਗ) ਵਲੋਂ ਨਿਭਾਈ ਗਈ। ਇਹ ਮੁਕਾਬਲੇ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ: ਪ੍ਰੀਤਪਾਲ ਕੌਰ ਦੀ ਨਿਗਰਾਨੀ ਹੇਠ ਕਰਵਾਏ ਗਏ, ਜਿਸ ਵਿੱਚ ਕੰਪਿਊਟਰ ਵਿਭਾਗ ਦੇ ਸਟਾਫ ਪ੍ਰੋ: ਸੋਨੀਆ ਅਤੇ ਪ੍ਰੋ:ਅਮਨਜੋਤ ਕੌਰ ਨੇ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਆਪਣਾ ਯੋਗਦਾਨ ਪਾਇਆ।





ਬੀਤੀ 8 ਅਕਤੂਬਰ, 2018 ਨੂੰ ਜਲੰਧਰ ਵਿਖੇ ਮਹਾਤਮਾ ਰਾਵਣ ਦਾ ਪੁਤਲਾ ਜਲਾਉਣ ਦੇ ਵਿਰੋਧ ਵਿੱਚ ਡੀ ਸੀ ਸਾਹਿਬ ਜਲੰਧਰ ਨੂੰ ਵੱਖ ਵੱਖ ਅੰਬੇਡਕਰ, ਭਗਵਾਨ ਵਾਲਮਿਕੀ ਜੀ, ਗੁਰੂ ਰਵਿਦਾਸ ਸਭਾਵਾਂ ਵੱਲੋਂ ਮੰਗ ਪੱਤਰ ਦਿੱਤਾ ਗਿਆ ਕਿ ਰਾਵਣ ਦੇ ਪੁਤਲੇ ਨੂੰ ਨਾ ਜਲਾਇਆ ਜਾਵੇ।
ਜਾਰੀ ਕਰਤਾ- ਰਮਨ ਮਾਹੀ ਪ੍ਰਧਾਨ ਪੰਜਾਬ ਅੰਬੇਡਕਰ ਟਾਇਗਰ ਫੌਰਸ 9914308659

# ਮੋਦੀ ਬਣੇ 'ਚੈਂਪੀਅਨ ਆਫ਼ ਦਿ ਅਰਥ'



ਸੰਯੁਕਤ ਰਾਸ਼ਟਰ – ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਛੇ ਵਿਅਕਤੀਆਂ ਤੇ ਸੰਸਥਾਵਾਂ ਨੂੰ ਵਾਤਾਵਰਨ ਸਬੰਧੀ ਸੰਯੁਕਤ ਰਾਸ਼ਟਰ (ਯੂਐਨ) ਦਾ ਸਿਖਰਲਾ ਪੁਰਸਕਾਰ 'ਚੈਂਪੀਅਨਜ਼ ਆਫ਼ ਦਿ ਅਰਥ ਐਵਾਰਡ' ਦੇਣ ਲਈ ਚੁਣਿਆ ਗਿਆ ਹੈ। ਇਨ੍ਹਾਂ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮਾਨੂਅਲ ਮੈਕਰੌਂ ਤੇ ਕੋਚੀਨ ਕੌਮਾਂਤਰੀ ਹਵਾਈ ਅੱਡਾ ਵੀ ਸ਼ਾਮਲ ਹੈ। ਸ੍ਰੀ ਮੋਦੀ ਤੇ ਸ੍ਰੀ ਮੈਕਰੌਂ ਦੀ ਚੋਣ ਪਾਲਿਸੀ ਲੀਡਰਸ਼ਿਪ ਵਰਗ ਵਿੱਚ ਕੀਤੀ ਗਈ ਹੈ, ਜਿਨ੍ਹਾਂ ਨੇ ਇੰਟਰਨੈਸ਼ਨਲ ਸੋਲਰ ਅਲਾਇੰਸ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ। ਯੂਐਨ ਐਨਵਾਇਰਨਮੈਂਟ ਪ੍ਰੋਗਰਾਮ ਨੇ ਕਿਹਾ ਕਿ ਵਾਤਾਵਰਨ ਪੱਖੀ ਅਹਿਮ ਯੋਗਦਾਨ ਲਈ ਇਹ ਸਨਮਾਨ ਦਿੱਤਾ ਜਾ ਗਿਆ ਹੈ।

# ਅਧਿਆਪਕਾਂ ਦੀ ਤਨਖਾਹ ਘਟਾ ਕੇ ਪੱਕੇ ਕਰਨ ਦੇ ਪੰਜਾਬ ਸਰਕਾਰ ਦੇ ਫ਼ੈਸਲੇ ਦੀ ਜਮਹੂਰੀ ਅਧਿਕਾਰ ਸਭਾ ਵੱਲੋਂ ਨਿੰਦਾ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਨੇ 8886 ਅਧਿਆਪਕਾਂ ਦੀ ਤਨਖਾਹ ਘਟਾ ਕੇ ਪੱਕੇ ਕਰਨ ਦੇ ਪੰਜਾਬ ਸਰਕਾਰ ਦੇ ਫ਼ੈਸਲੇ ਦੀ ਸਖ਼ਤ ਨਿਖੇਧੀ ਕੀਤੀ ਹੈ। ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ,ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਪ੍ਰੈਸ ਸਕੱਤਰ ਡਾ ਅਜੀਤਪਾਲ ਸਿੰਘ ਨੇ ਕਿਹਾ ਕਿ ਇਹ ਅਧਿਆਪਕ ਕੇਂਦਰ ਸਰਕਾਰ ਤੋਂ ਸਹਾਇਤਾ ਪ੍ਰਾਪਤ ਸਕੀਮ ਅਧੀਨ ਨੌਕਰੀ ਕਰ ਰਹੇ ਹਨ। ਇਨ੍ਹਾਂ ਦੀ ਅੱਧੀ ਤਨਖਾਹ ਕੇਂਦਰ ਸਰਕਾਰ ਤੇ ਅੱਧੀ ਪੰਜਾਬ ਸਰਕਾਰ ਨੇ ਦੇਣੀ ਹੁੰਦੀ ਹੈ। ਤਿੰਨ ਸਾਲਾਂ ਵਿੱਚ ਇਨ੍ਹਾਂ ਨੂੰ ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ ਵਿੱਚ ਪੱਕੇ ਕਰਨਾ ਹੁੰਦਾ ਹੈ। ਪਰ ਪੰਜਾਬ ਸਰਕਾਰ ਨੇ ਇੱਕ ਪੱਖਪਾਤੀ ਫ਼ੁਰਮਾਨ ਜਾਰੀ ਕਰਦਿਆਂ ਇਨ੍ਹਾਂ ਅਧਿਆਪਕਾਂ ਨੂੰ ਕਿਹਾ ਹੈ ਕਿ ਉਹ ਜਾਂ ਤਾਂ 15300 ਰੁਪਏ ਪ੍ਰਤੀ ਮਹੀਨਾ ਤਨਖਾਹ ਤੇ ਕੰਮ ਕਰਨ ਦੀ ਸਹਿਮਤੀ ਦੇਣ ਤੇ ਸਰਕਾਰ ਉਨ੍ਹਾਂ ਨਾਲ ਤਿੰਨ ਸਾਲਾਂ ਬਾਅਦ ਪੱਕੇ ਕਰਨ ਦਾ ਭਰੋਸਾ ਦੇਵੇਗੀ ਜਾਂ ਫਿਰ ਜਿਉਂ ਦਾ ਤਿਉਂ ਗੁਜ਼ਾਰਾ ਕਰੀ ਜਾਣ। 45 ਹਜ਼ਾਰ ਰੁਪਏ ਤਨਖਾਹ ਲੈ ਰਹੇ ਅਧਿਆਪਕ ਨੂੰ 15300 ਰੁਪਏ ਤੇ ਕੰਮ ਕਰਨ ਨੂੰ ਕਹਿਣਾ ਇਸ ਤੋਂ ਵੱਡਾ ਮਜ਼ਾਕ ਕੌਮ ਦੇ ਨਿਰਮਾਤਾ ਅਧਿਆਪਕ ਵਰਗ ਨਾਲ ਹੋਰ ਕੀ ਹੋ ਸਕਦਾ ਹੈ? ਜਿੱਥੇ ਬੇਰੁਜ਼ਗਾਰੀ ਦਿਨੋ ਦਿਨ ਵਧ ਰਹੀ ਹੈ ਉੱਥੇ ਸਰਕਾਰਾਂ ਰੁਜ਼ਗਾਰ ਦੇਣ ਦੇ ਨਾਂ ਹੇਠ ਲੋਕਾਂ ਨਾਲ ਕੋਝੇ ਮਜ਼ਾਕ ਕਰਨ ਤੇ ਤੁਲੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤੱਕ ਸਰਕਾਰ ਮੁਲਾਜ਼ਮਾ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਢਿੱਡ ਭਰਨ ਜੋਗੀ ਤਨਖ਼ਾਹ ਨਹੀ ਦਿੰਦੀ ਤਾਂ ਉਨ੍ਹਾਂ ਤੋਂ ਪੂਰਾ ਕੰਮ ਲੈਣ ਦੀ ਤੱਵਕੋ ਕਿਵੇਂ ਕੀਤੀ ਜਾ ਸਕਦੀ ਹੈ? ਪੰਜਾਬ ਵਿੱਚ ਸਿਹਤ ਤੇ ਸਿੱਖਿਆ ਦਾ ਪੱਧਰ ਨੀਵਾਂ ਕਰਨ ਵਿੱਚ ਸਰਕਾਰ ਦੀਆਂ ਠੇਕੇ ਤੇ ਰੁਜ਼ਗਾਰ ਦੇਣ ਦੀਆਂ ਨਵੀਆਂ ਆਰਥਕ ਨੀਤੀਆਂ ਜ਼ਿੰਮੇਵਾਰ ਹਨ। ਇਕ ਐਮ ਬੀ ਬੀ ਐਸ ਡਾਕਟਰ ਨੂੰ 30 ਹਜ਼ਾਰ ਰੁਪਏ ਠੇਕੇ ਤੇ ਨੌਕਰੀ ਦੀ ਪੇਸ਼ਕਸ਼ ਕਰਨੀ ਵੀ ਉੱਚ ਸਿੱਖਿਆ ਦਾ ਨਿਰਾਦਰ ਹੈ। ਬੇਰੁਜ਼ਗਾਰੀ ਇਸ ਕਦਰ ਤੱਕ ਵੱਧ ਗਈ ਹੈ ਕਿ ਇੱਕ ਦਰਜਾ ਚਾਰ ਮੁਲਾਜ਼ਮ ਦੀ ਅਸਾਮੀ ਲਈ ਪੀਐੱਚ ਡੀ ਦੀ ਡਿਗਰੀ ਵਾਲੇ ਨੌਜਵਾਨ ਅਰਜ਼ੀ ਦਿੰਦੇ ਹਨ। ਜਮਹੂਰੀ ਅਧਿਕਾਰ ਸਭਾ ਸਮਝਦੀ ਹੈ ਕਿ ਸਿਹਤ ਅਤੇ ਸਿੱਖਿਆ ਮਨੁੱਖ ਦੇ ਮੁੱਢਲੇ ਜਮਹੂਰੀ ਹੱਕ ਹਨ ਅਤੇ ਸਰਕਾਰ ਵੱਲੋਂ ਇਹ ਮੁਹੱਈਆ ਕਰਵਾਉਣਾ ਉਸ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਸਭਾ ਮੰਗ ਕਰਦੀ ਹੈ ਕਿ ਕੌਮ ਦੇ ਨਿਰਮਾਤਾ ਕਹੇ ਜਾਣ ਵਾਲੇ ਅਧਿਆਪਕ ਵਰਗ ਨੂੰ ਸਨਮਾਨਜਨਕ ਤੇ ਸਿਹਤਮੰਦ ਜ਼ਿੰਦਗੀ ਜਿਉਣ ਲਈ ਘੱਟੋ ਘੱਟ ਲੋੜੀਂਦੀ ਤਨਖਾਹ ਯਕੀਨੀ ਬਣਾਈ ਜਾਵੇ। ਠੇਕੇ ਤੇ ਭਰਤੀ ਦੀ ਥਾਂ ਪੱਕੀਆਂ ਨੌਕਰੀਆਂ ਦਿੱਤੀਆਂ ਜਾਣ ਜਿਨ੍ਹਾਂ ਵਿੱਚ ਸਾਰੇ ਕਿਰਤ ਕਾਨੂੰਨਾਂ ਦੀ ਪਾਲਣਾ ਕੀਤੀ ਗਈ ਹੋਵੇ। 8886 ਅਧਿਆਪਕਾਂ ਦੀ ਤਨਖਾਹ ਘਟਾ ਕੇ ਪੱਕੇ ਕਰਨ ਦਾ ਫਾਰਮੂਲਾ ਵਾਪਸ ਲਿਆ ਜਾਵੇ ਅਤੇ ਉਨ੍ਹਾਂ ਨੂੰ ਪਹਿਲਾਂ ਮਿਲਦੀ ਤਨਖ਼ਾਹ ਸੁਰੱਖਿਅਤ ਕੀਤੀ ਜਾਵੇ।

**ਜਾਰੀ ਕਰਤਾ– ਡਾਕਟਰ ਅਜੀਤਪਾਲ ਸਿੰਘ**
**ਪ੍ਰੈਸ ਸਕੱਤਰ**
**ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਇਕਾਈ ਬਠਿੰਡਾ**

# 40 ਮੈਂਬਰੀ ਪ੍ਰਤੀਨਿਧੀ ਮੰਡਲ ਦੁਆਰਾ ਐਲ ਪੀ ਯੂ 'ਚ ਹੋਣ ਜਾ ਰਹੀ 106 ਵੀਂ ਸਾਇੰਸ ਕਾਂਗਰੇਸ ਦੀ ਤਿਆਰੀਆਂ ਦੀ ਸਮੀਖਿਆ

## ਸੰਸਾਰ 'ਚ ਵਿਸ਼ਾਲਤਮ ਸਾਇੰਸ ਕਾਂਗਰੇਸ (ਆਈ ਐਸ ਸੀ) ਜਨਵਰੀ 2019 'ਚ ਐਲ ਪੀ ਯੂ 'ਚ ਆਯੋਜਿਤ ਹੋਵੇਗੀ

**ਜਲੰਧਰ–** ਪੰਜਾਬ ਦੇ ਗਵਰਨਰ ਅਤੇ ਚੰਡੀਗੜ ਦੇ ਪ੍ਰਸ਼ਾਸਕ ਮਹਾਮਹੀਮ ਸ਼੍ਰੀ ਵਿਜੇਂਦਰ ਪਾਲ ਸਿੰਘ ਬਦਨੌਰ ਲਵਲੀ ਪ੍ਰੋਫੇਸ਼ਨਲ ਯੂਨੀਵਰਸੀਟੀ ਪੁਹੰਚੇ। ਉਹਨਾਂ ਨੇ ਐਲ ਪੀ ਯੂ ਕੈਂਪਸ 'ਚ ਜਨਵਰੀ 2019 ਮਹੀਨੇ 'ਚ ਆਯੋਜਿਤ ਹੋਣ ਜਾ ਰਹੀ ਵਿਸ਼ਵ ਦੀ ਵਿਸ਼ਾਲਤਮ 106 ਵੀਂ ਇੰਡਿਅਨ ਸਾਇੰਸ ਕਾਂਗਰੇਸ ਦੀ ਤੈਆਰਿਆਂ ਦੀ ਸਮੀਖਿਆ ਭਾਰਤ ਸਰਕਾਰ ਵੱਲੋਂ ਭੇਜੇ ਗਏ 40 ਮੈਂਬਰੀ ਪ੍ਰਤੀਨਿਧੀ ਮੰਡਲ ਦੀ ਤਰਜਮਾਨੀ ਕਰਦਿਆਂ ਕੀਤੀ। ਗਵਰਨਰ ਬਦਨੌਰ ਨੇ ਕਾਂਫਰੈਂਸ ਦੀ ਐਗਜ਼ੀਕਿਯੂਟੀਵ ਕਮੇਟੀ ਅਤੇ ਕਾਂਸਿਲ ਦੇ ਮੈਂਬਰਾਂ ਨੂੰ ਸੰਬੋਧਿਤ ਕਰਦਿਆਂ ਕਾਂਫਰੈਂਸ ਨੂੰ ਪੂਰੀ ਤਰਾਂ ਸਫਲ ਬਣਾਉਣ ਲਈ ਕਿਹਾ। ਇਸ ਮੌਕੇ ਤੇ '106 ਵੀਂ ਸਾਇੰਸ ਕਾਂਗਰੇਸ ਵਿਗਿਆਨ ਜੋਤ' ਰੈਲੀ ਦਾ ਆਯੋਜਨ ਵੀ ਕੀਤਾ ਗਿਆ।

ਜਿਕਰਯੋਗ ਹੈ ਕਿ ਇਸ ਕਾਨਫਰੰਸ ਦਾ ਸ਼ੁਭਾਰੰਭ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਰਣਗੇ ਜਿਸ ਵਿੱਚ ਦੁਨਿਆ ਭਰ ਤੋਂ 300 ਟਾਪ ਵਿਗਿਆਨਕਾਂ ਅਤੇ ਨੋਬਲ ਪੁਰਸਕਾਰ ਵਿਜੇਤਾਵਾਂ ਸਹਿਤ 15000 ਪ੍ਰਤੀਨਿਧਿਆਂ ਦੇ ਭਾਗ ਲੈਣ ਦੀ ਉਮੀੱਦ ਹੈ। ਕਾਂਫਰੈਂਸ ਦਾ ਮੁੱਖ ਟਿਚਾ ਭਾਰਤ 'ਚ ਵਿਗਿਆਨ ਅਤੇ ਰਿਸਰਚ ਨੂੰ ਵਧਾਵਾ ਦੇਣਾ ਅਤੇ ਨਵੀਨਤਾਵਾਂ ਨੂੰ ਸਮਰਥਨ ਦੇਣਾ ਹੈ। ਮਹਾਮਹੀਮ ਗਵਰਨਰ ਨੇ ਐਲ ਪੀ ਯੂ ਦੇ 65 ਅਧਿਆਪਕਾਂ ਨੂੰ ਅਕਾਦਮਿਕ ਅਤੇ ਰਿਸਰਚ ਐਕਸੀਲੈਂਸ ਅਵਾਰਡ ਵੀ ਵੰਡੇ। ਸਟਾਫ ਮੈਂਬਰਾਂ ਨੂੰ ਸੰਬੋਧਿਤ ਕਰਦਿਆਂ



ਉਹਨਾਂ ਨੇ ਸਾਰਿਆਂ ਨੂੰ ਸਾਈਸ ਕਾਂਫਰੈਂਸ ਦੀ ਮੇਜ਼ਬਾਨੀ ਦੀ ਵਿਸ਼ਾਲ ਚੁਣੌਤੀ ਨੂੰ ਸਵੀਕਾਰ ਕਰਣ ਲਈ ਬਧਾਈ ਦੀਤੀ ਅਤੇ ਇਸ ਦੇ ਸਫਲ ਸੰਚਾਲਨ ਲਈ ਪ੍ਰੇਰਿਤ ਵੀ ਕੀਤਾ। ਉਹਨਾਂ ਨੇ ਪੰਜਾਬ ਰਾਜ ਦੇ ਗਵਰਨਰ ਹੋਣ ਦੇ ਨਾਤੇ ਗਰਵ ਵੀ ਮਹਿਸੂਸ ਕੀਤਾ ਕਿ ਉਹਨਾਂ ਦੇ ਰਾਜ ਦੇ ਖੇਤਰ 'ਚ ਆਉਂਦੇ ਐਲ ਪੀ ਯੂ 'ਚ ਵਿਸ਼ਾਲ ਵਿਗਿਆਨ ਕਾਨਫਰੰਸ ਦਾ ਆਯੋਜਨ ਹੋਣ ਜਾ ਰਿਹਾ ਹੈ। ਸ਼੍ਰੀ ਬਦਨੌਰ ਨੇ ਸਾਰੀਆਂ ਨੂੰ ਮਿਲ ਕੇ ਕੰਮ ਕਰਣ ਲਈ ਪ੍ਰੇਰਿਤ ਕੀਤਾ ਤਾਂ ਜੋ ਇਹ ਕਾਨਫਰੰਸ ਦੁਜਿਆਂ ਲਈ ਬੈਂਚ ਮਾਰਕ ਦੇ ਤੌਰ ਤੇ ਸਥਾਪਿਤ ਹੋ ਸਕੇ। ਉਹਨਾਂ ਨੇ ਅਧਿਆਪਕਾਂ ਨੂੰ ਇਨੋਵੇਟਿਵ ਡਿਸਰਪਟਰ ਲਈ ਬਣਨ ਲਈ ਕਿਹਾ ਅਤੇ ਇਹੀ ਭਾਵਨਾ ਵਿਦਿਆਰਥੀਆਂ 'ਚ ਵਧਾਉਣ ਲਈ ਵੀ ਕਿਹਾ। ਇਸ ਤੋਂ ਪਹਿਲਾਂ ਐਲ ਪੀ ਯੂ ਦੇ ਚਾਂਸਲਰ ਸ਼੍ਰੀ ਅਸ਼ੋਕ ਮਿਤਲ ਨੇ ਮਾਨਯੋਗ ਗਵਰਨਰ ਨੂੰ ਉਹਨਾਂ ਦੁਆਰਾ ਸ਼ੂਟਿੰਗ ਚੈਂਪਿਅਨਸ਼ਿਪ 'ਚ ਰਜਤ ਪਦਕ ਜਿਤਣ, ਇੱਕ ਸਮਰਪਿਤ ਸਿਖਿਆਰਥੀ ਅਤੇ ਵਿਜੇਤਾ ਹੋਣ ਲਈ ਵਧਾਈ ਦਿਤੀ। ਸ਼੍ਰੀ ਮਿਤਲ ਨੇ ਸਮੀਖਿਆ ਕਰਣ ਪਹੁੰਚੀ ਆਈ ਐਸ ਸੀ ਏ ਦੀ ਟੀਮ ਨੂੰ ਭਰੋਸਾ ਦਿੱਤਾ ਕੀ ਐਲ ਪੀ ਯੂ ਉਹਨਾਂ ਦੀ ਉਮੀਦਾਂ ਤੇ ਖਰਾ ਉਤਰੇਗੀ। ਸ਼੍ਰੀ ਮਿਤਲ ਨੇ ਇਹ ਵੀ ਦਸਿਆ ਕਿ ਪੁਰਸਕਾਰ ਪ੍ਰਾਪਤ ਕਰਣ ਵਾਲੇ ਟੱਾਪ 14 ਅਧਿਆਪਕਾਂ ਨੂੰ ਵਿਦੇਸ਼ੀ ਦੌਰੇ ਤੇ ਵੀ ਭੇਜਿਆ ਜਾਵੇਗਾ ਤਾਂ ਜੋ ਉਹ ਅਪਣੇ ਗਿਆਨ ਅਤੇ ਵਿਗਿਆਨ 'ਚ ਵਾਧਾ ਕਰ ਸਕਣ।

# ਗੁਰੂ ਨਾਨਕ ਭਾਈ ਲਾਲੋ ਰਾਮਗੜ੍ਹੀਆ ਕਾਲਜ ਵਿਖੇ ਇਕਨੌਮਿਕਸ ਵਿਭਾਗ ਵਲੋਂ ਗਰੁੱਪ ਡਿਸਕਸ਼ਨ ਮੁਕਾਬਲਾ ਕਰਵਾਇਆ

**ਫਗਵਾੜਾ–** ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਫਗਵਾੜਾ ਦੇ ਨਿਗਰਾਨ ਹੇਠ ਚੱਲ ਰਹੇ ਗੁਰੂ ਨਾਨਕ ਭਾਈ ਲਾਲੋ ਰਾਮਗੜ੍ਹੀਆ ਕਾਲਜ ਫਾਰ ਵੂਮੈਨ ਫਗਵਾੜਾ ਵਿਖੇ ਪ੍ਰਧਾਨ ਮੈਡਮ ਮਿਸਿਜ਼ ਮਨਪ੍ਰੀਤ ਕੌਰ ਭੋਗਲ, ਡਾਇਰੈਕਟਰ ਮੈਡਮ ਵਿਉਮਾ ਢੱਟ ਭੋਗਲ, ਪ੍ਰਿੰਸੀਪਲ ਮੈਡਮ ਡਾ. ਮਿਸਿਜ਼ ਰੁਪਿੰਦਰਜੀਤ ਕੌਰ ਗਰੇਵਾਲ, ਆਫਿਸ ਸੁਪਰਡੈਂਟ ਸ਼੍ਰੀ ਅਵਤਾਰ ਸਿੰਘ ਅਤੇ ਸਮੂਹ ਟੀਚਿੰਗ ਸਟਾਫ ਦੇ ਸਹਿਯੋਗ ਨਾਲ ਅਰਥ ਸ਼ਾਸਤਰ ਵਿਭਾਗ ਵਲੋਂ ਵਿਸ਼ਾ "ਬ੍ਰੇਨ ਡ੍ਰੇਨ" ਤੇ 'ਗਰੁੱਪ ਡਿਸਕਸ਼ਨ' ਕਰਵਾਈ ਗਈ। ਇਕਨੌਮਿਕਸ ਵਿਭਾਗ ਦੇ ਮੁਖੀ ਪ੍ਰੋ: ਰਜਵਿੰਦਰ ਕੌਰ, ਪ੍ਰੋ:ਜਸਪ੍ਰੀਤ ਕੌਰ ਅਤੇ ਪ੍ਰੋ: ਰਾਜਵਿੰਦਰ ਕੌਰ ਦੀ ਨਿਗਰਾਨੀ ਹੇਠ ਵਿਦਿਆਰਥਣਾਂ ਨੇ ਗਰੁੱਪ ਡਿਸਕਸ਼ਨ ਮੁਕਾਬਲੇ ਵਿੱਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਵਿਦਿਆਰਥਣਾਂ ਨੇ ਇਸ ਵਿਸ਼ੇ



ਦੇ ਪੱਖ ਤੇ ਵਿਰੋਧ ਵਿੱਚ ਆਪਣੀਆਂ ਦਲੀਲਾਂ ਪੇਸ਼ ਕੀਤੀਆਂ। ਇਸ ਮੁਕਾਬਲੇ ਵਿੱਚ ਬੀ. ਐਸ. ਸੀ. ਇਕਨਾਮਿਕਸ ਸਮੈਸਟਰ ਪੰਜਵਾਂ ਦੀ ਵਿਦਿਆਰਥਣ ਰਾਜਵਿੰਦਰ ਕੌਰ ਨੂੰ ਜੇਤੂ ਐਲਾਨਿਆ ਗਿਆ। ਪ੍ਰਿੰਸੀਪਲ ਮੈਡਮ ਡਾ: ਮਿਸਿਜ਼ ਰੁਪਿੰਦਰਜੀਤ ਕੌਰ ਗਰੇਵਾਲ ਜੀ ਨੇ ਜੇਤੂ ਵਿਦਿਆਰਥਣ ਤੇ ਬਾਕੀ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਅਤੇ ਹੌਂਸਲਾ ਅਫਜ਼ਾਈ ਕਰਦਿਆਂ ਪੜ੍ਹਾਈ ਨਾਲ ਹੋਰ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ।

# ਨਾਟਕਾਂ ਅਤੇ ਗੀਤਾਂ ਦੇ ਰੰਗਾਂ 'ਚ ਰੰਗਿਆ ਹੋਏਗਾ 27ਵਾਂ ਮੇਲਾ ਗ਼ਦਰੀ ਬਾਬਿਆਂ ਦਾ

**ਜਲੰਧਰ–** ਗ਼ਦਰੀ ਬਾਬਿਆਂ ਦੇ 27ਵੇਂ ਮੇਲੇ 'ਚ ਪੇਸ਼ ਕੀਤੇ ਜਾਣ ਵਾਲੇ ਨਾਟਕਾਂ, ਗੀਤ, ਸੰਗੀਤ, ਕੋਰਿਓਗਰਾਫ਼ੀਆਂ ਅਤੇ ਜਾਗੋ ਦੀਆਂ ਪੇਸ਼ਕਾਰੀ ਨੂੰ ਅੰਤਿਮ ਛੋਹ ਦਿੰਦੇ ਹੋਏ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਨੇ ਮੇਲੇ 'ਚ ਦੇਸ਼ ਵਿਦੇਸ਼ ਤੋਂ ਸ਼ਾਮਲ ਹੋਣ ਵਾਲੇ ਦਰਸ਼ਕਾਂ/ਸਰੋਤਿਆਂ ਲਈ ਇਕ ਯਾਦਗਾਰੀ ਤੋਹਫ਼ਾ ਅਤੇ ਅਮਿੱਟ ਯਾਦ ਭੇਟ ਕਰਨ ਦਾ ਮਾਣ ਮਹਿਸੂਸ ਕਰਦਿਆਂ ਕਿਹਾ ਹੈ ਕਿ ਇਹ ਮੇਲਾ ਭਖ਼ਦੇ ਮਸਲਿਆਂ ਅਤੇ ਚੋਟੀ ਦੀ ਕਲਾ ਦਾ ਸੰਗਮ ਹੋਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ ਹੇਠ ਹੋਈ ਗੰਭੀਰ ਵਿਚਾਰ-ਚਰਚਾ ਉਪਰੰਤ ਪਾਸ ਨਾਟਕਾਂ ਅਤੇ ਗੀਤਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 30 ਅਕਤੂਰ ਸ਼ਾਮ 6:30 ਵਜੇ ਪੀਪਲਜ਼ ਵਾਇਸ ਵੱਲੋਂ ਫ਼ਿਲਮ ਸ਼ੋਅ ਅਤੇ ਆਜ਼ਾਦ ਥੀਏਟਰ ਗਰੁੱਪ (ਲੇਖਕ ਅਜੈ ਸ਼ਰਮਾ, ਨਿਰਦੇਸ਼ਕ ਰਵਿੰਦਰ ਭਗਤ) ਵੱਲੋਂ ਨਾਟਕ 'ਮੁਕਤੀ' ਖੇਡਿਆ ਜਾਏਗਾ। 31 ਅਕਤੂਬਰ ਸ਼ਾਮ 6:30 ਵਜੇ ਰੁਜ਼ਗਾਰ ਪ੍ਰਾਪਤੀ ਰੰਗ ਮੰਚ ਇਪਟਾ ਮੋਗਾ (ਨਿਰਦੇਸ਼ਕ ਵਿੱਕੀ ਮਹੇਸ਼ਰੀ) ਵੱਲੋਂ 'ਪਿਸ਼ਾਵਰ ਐਕਸਪ੍ਰੈਸ' ਨਾਟਕ ਖੇਡਿਆ ਜਾਏਗਾ। ਪਹਿਲੀ ਨਵੰਬਰ ਸਵੇਰੇ 10 ਵਜੇ ਜਨਰਲ ਸਕੱਤਰ ਗੁਰਮੀਤ ਸਿੰਘ 'ਜੀ ਆਇਆਂ' ਕਹਿਣਗੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਨੌਨਿਹਾਲ ਸਿੰਘ, ਗ਼ਦਰੀ ਝੰਡਾ ਲਹਿਰਾਉਣ ਉਪਰੰਤ ਇੱਕ ਸੁਨੇਹਾ ਦੇਣਗੇ ਅਤੇ ਉਸੇ ਵੇਲੇ ਅਮੋਲਕ ਸਿੰਘ ਦੀ ਰਚਨਾ "ਸੂਰਜ ਕਦੇ ਮਰਿਆ ਨਹੀਂ" ਝੰਡੇ ਦਾ ਗੀਤ ਸੰਗੀਤ-ਨਾਟ ਵਿਧੀ 'ਚ ਹੋਏਗਾ। ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੇ ਪ੍ਰਧਾਨਗੀ ਭਾਸ਼ਣ, ਹਰਵਿੰਦਰ ਭੰਡਾਲ ਦੀ ਪੁਸਤਕ 'ਕਾਰਲ ਮਾਰਕਸ: ਵਿਅਕਤੀ, ਯੁੱਗ ਅਤੇ ਸਿਧਾਂਤ' ਅਤੇ ਸੋਵੀਨਰ ਲੋਕ ਅਰਪਣ ਹੋਏਗਾ। ਸ਼ਹੀਦਾਂ ਦੇ ਪਿੰਡਾਂ ਦਾ ਸਨਮਾਨ ਹੋਏਗਾ। ਜਾਣੇ-ਪਹਿਚਾਣੇ ਵਿਦਵਾਨ ਪ੍ਰੋ. ਆਨੰਦ ਤੈਲਤੁੰਬੜੇ ਦੇ ਮੁੱਖ ਭਾਸ਼ਣ ਉਪਰੰਤ ਦੇਸ ਰਾਜ ਛਾਜਲੀ ਲੋਕ ਸੰਗੀਤ ਮੰਡਲੀ ਛਾਜਲੀ, ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ) ਗੀਤਾਂ ਤੋਂ ਇਲਾਵਾ ਪੀਪਲਜ਼ ਥੀਏਟਰ, ਲਹਿਰਾਗਾਗਾ (ਸੈਮੂਅਲ ਜੌਨ) 'ਗਧਾ ਅਤੇ ਸ਼ੇਰ' ਨਾਟਕ ਪੇਸ਼ ਕਰੇਗੀ। ਸ਼ਾਮ 4 ਵਜੇ ਤੋਂ 5:45 ਵਜੇ ਤੱਕ ਵਿਚਾਰ ਚਰਚਾ ਹੋਏਗੀ। ਸ਼ਾਮ 6 ਵਜੇ ਫੁਲਵਾੜੀ ਕਲਾ ਕੇਂਦਰ ਲੋਹੀਆਂ (ਰਚਨਾ ਤੇ ਨਿਰਦੇਸ਼ਨ ਜਾਗੀਰ ਜੋਸਣ) ਦੇਸ਼ ਭਗਤ ਹਾਲ ਦੇ ਮੁੱਖ ਦੁਆਰ ਤੋਂ ਸ਼ੁਰੂ ਕਰਕੇ ਨਾਟਕਾਂ ਵਾਲੀ ਮੰਚ ਤੱਕ 'ਜਾਗੋ' ਕੱਢੀ ਜਾਏਗੀ। ਪਹਿਲੀ ਨਵੰਬਰ ਦੀ ਸ਼ਾਮ 6:30 ਵਜੇ ਤੋਂ 2 ਨਵੰਬਰ ਸਰਘੀ ਵੇਲੇ ਤੱਕ ਨਾਟਕਾਂ ਅਤੇ ਗੀਤ ਸੰਗੀਤ ਦੀ ਲੜੀ ਚੱਲਦੀ ਰਹੇਗੀ। ਇਸ ਲੜੀ ਵਿੱਚ ਸੁਚੇਤਕ ਰੰਗ ਮੰਚ ਮੋਹਾਲੀ (ਲੇਖਕ ਸ਼ਬਦੀਸ਼, ਨਿਰਦੇਸ਼ਕ ਅਨੀਤਾ ਸ਼ਬਦੀਸ਼) ਵੱਲੋਂ 'ਮਨ ਮਿੱਟੀ ਦਾ ਬੋਲਿਆ' ਖੇਡਿਆ ਜਾਏਗਾ। ਡਾ. ਸਵਰਾਜਵੀਰ ਦਾ ਲਿਖਿਆ, ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ ਮੰਚ ਅੰਮ੍ਰਿਤਸਰ ਨਾਟਕ ਪੇਸ਼ ਕਰੇਗਾ 'ਧਰਮ ਗੁਰੂ'। ਪ੍ਰੋ. ਅਜਮੇਰ ਸਿੰਘ ਔਲਖ ਦੀ ਰਚਨਾ ਅਤੇ ਨਿਰਦੇਸ਼ਨਾ 'ਚ ਲੋਕ ਕਲਾ ਮੰਚ ਮਾਨਸਾ ਵੱਲੋਂ ਨਾਟਕ ਹੋਏਗਾ 'ਐਸੇ ਜਨ ਵਿਰਲੇ ਸੰਸਾਰਿ'। ਗੁਰਮੀਤ ਕੜਿਆਲਵੀ ਦੀ ਰਚਨਾ ਕੀਰਤੀ ਕਿਰਪਾਲ ਦੀ ਨਿਰਦੇਸ਼ਨਾ 'ਚ ਨਾਟਿਯਮ ਅਭਿਨੇਤਾ ਦਾ ਰੰਗ ਮੰਚ ਬਠਿੰਡਾ ਨਾਟਕ ਪੇਸ਼ ਕਰੇਗਾ 'ਸਿਲਤਰਾਂ'। ਮਾਨਵਤਾ ਕਲਾ ਮੰਚ ਨਗਰ (ਜਸਵਿੰਦਰ ਪੱਪੀ) ਕੋਰਿਓਗਰਾਫ਼ੀਆਂ ਪੇਸ਼ ਕਰੇਗਾ। ਲੋਕ ਸੰਗੀਤ ਮੰਡਲੀ ਜੀਦਾ (ਜਗਸੀਰ ਜੀਦਾ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਨਿਰਮਾਣ, ਅੰਮ੍ਰਿਤਪਾਲ ਬਠਿੰਡਾ, ਅਜਮੇਰ ਅਕਲੀਆ, ਰੁਪਿੰਦਰ ਕੌਰ ਰੰਧਾਵਾ, ਵੱਖ-ਵੱਖ ਸੂਬਿਆਂ ਤੋਂ ਆਪਣੀਆਂ ਸੰਗੀਤ ਮੰਡਲੀਆਂ ਗੀਤਾਂ ਦਾ ਰੰਗ ਭਰਨਗੀਆਂ। ਜ਼ਿਕਰਯੋਗ ਹੈ ਕਿ ਇਹ ਤਿੰਨ ਰੋਜ਼ਾ ਮੇਲਾ 30 ਅਕਤੂਬਰ ਸਵੇਰੇ 10 ਵਜੇ ਸ਼ਮ੍ਹਾ ਰੌਸ਼ਨ ਕਰਨ ਨਾਲ ਸ਼ੁਰੂ ਹੋਏਗਾ। ਇਸ ਰੋਜ਼ ਗਾਇਨ ਅਤੇ ਭਾਸ਼ਣ ਮੁਕਾਬਲਾ, ਦੂਜੇ ਦਿਨ 31 ਅਕਤੂਬਰ ਨੂੰ ਕੁਇਜ਼ ਅਤੇ ਪੇਟਿੰਗ ਮੁਕਾਬਲਾ ਹੋਏਗਾ।



After getting IAS results (she stood topper) she introduced her father to the whole world !

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਚੁੰਬਰ ਭਾਈਚਾਰੇ ਦਾ ਸਲਾਨਾ ਸ਼ਰਾਧ ਮੇਲਾ ਸਮਾਪਤ



**ਸ਼ਾਮਚੁਰਾਸੀ, (ਚੁੰਬਰ)** – ਚੁੰਬਰ ਭਾਈਚਾਰੇ ਦੇ ਜਠੇਰਿਆਂ ਦਾ ਸਲਾਨਾ ਸ਼ਰਾਧ ਮੇਲਾ ਹਰ ਸਾਲ ਦੀ ਤਰ੍ਹਾਂ ਚੁੰਬਰ ਜਠੇਰੇ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਪਿੰਡ ਫਰਾਲਾ ਵਿਖੇ ਧੰਨ-ਧੰਨ ਬਾਬਾ ਕਲਾਸ਼ ਜੀ, ਬੀਬੀ ਸੰਗੋ ਜੀ ਅਤੇ ਮਸਤ ਬਾਬਾ ਗੁਗਨੂੰ ਜੀ ਨੂੰ ਯਾਦ ਕਰਦਿਆਂ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਧਾਨ ਇੰਦਰਜੀਤ ਕਾਲਾ, ਉਪ ਪ੍ਰਧਾਨ ਰੋਸ਼ਨ ਲਾਲ, ਹੈਪੀ ਫਰਾਲਾ, ਜੀਤ ਰਾਮ ਸਰਪੰਚ, ਸੁਰਿੰਦਰ ਪਾਲ ਨੰਬਰਦਾਰ, ਕੁਲਵਿੰਦਰ ਸਿੰਘ, ਡਾ. ਲਹਿੰਬਰ, ਸ਼ੰਭੂ ਰਾਮ ਕੁਲਥਮ, ਮੋਹਣ ਲਾਲ ਕੁਲਥਮ, ਬਲਵੀਰ ਚੇਅਰਮੈਨ, ਮੈਨੇਜਰ ਨੰਦ ਲਾਲ ਫਰਾਲਾ, ਲਹਿੰਬਰ ਸੰਘੇ ਜਗੀਰ ਅਤੇ ਹੋਰ ਪ੍ਰਬੰਧਕਾਂ ਦੀ ਹਾਜ਼ਰੀ ਵਿਚ ਝੰਡੇ ਦੀ ਰਸਮ ਅਦਾ ਕੀਤੀ ਗਈ, ਇਸ ਉਪਰੰਤ ਵਿਸ਼ਾਲ ਪੰਡਾਲ ਦੀਵਾਨ ਸਜਾਏ ਗਏ। ਜਿਸ ਵਿਚ ਬੀਬੀ ਤਾਰੋ ਜੀ ਸਾਬਰ ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲਿਆਂ ਨੇ ਸੰਗਤ ਨੂੰ ਦਰਸ਼ਨ ਦਿੰਦਿਆਂ ਪ੍ਰਵਚਨ ਕੀਤੇ।

ਇਸ ਮੌਕੇ ਮਿਸ਼ਨਰੀ ਗਾਇਕ ਰਾਜ ਦਦਰਾਲ, ਕੁਲਦੀਪ ਚੁੰਬਰ, ਸਰਬਜੀਤ ਮੱਟੂ, ਪੰਮਾ ਕੁਲਥਮ, ਰੇਖਾ ਰਾਣੀ, ਸ਼ੁਸ਼ਮਾ ਰਾਣਾ, ਜੋਤ ਧਾਮੀਆਂ, ਮੁਖਤਿਆਰ ਚੁੰਬਰ ਸਮੇਤ ਕਈ ਹੋਰ ਗਾਇਕ ਆਪਣਾ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ। ਆਈ ਸੰਗਤ ਵਿਚ ਲੰਗਰ ਅਤੁੱਟ ਵਰਤਾਇਆ ਗਿਆ।

# ਕਲਰ ਡਾਇਵਰਸਿਟੀ-ਚੈਰਿਟੀ ਫੈਸ਼ਨ ਸ਼ੋਅ ਦੇ ਵਿਚ ਪੰਜਾਬਣਾਂ ਦੇ ਗਿੱਧੇ ਨੇ ਪਾਈ ਧਮਾਲ



**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)** – ਨਿਊਜ਼ੀਲੈਂਡ ਦੀਆਂ ਫੈਸ਼ਨ ਮਾਡਲਜ਼ ਅਤੇ ਸੁੰਦਰਤਾ ਮੁਕਾਬਲੇ ਜਿੱਤਣ ਵਾਲੀਆਂ ਮਹਿਲਾਵਾਂ ਨੇ ਬ੍ਰੈਸਟ ਕੈਂਸਰ ਦੀ ਰੋਕਥਾਮ ਦੇ ਲਈ ਅਤੇ ਪਾਲਤੂ ਜਾਨਵਰਾਂ ਦੀ ਸੁਰੱਖਿਆ ਇਕ ਫੰਡ ਰੇਜ਼ਿੰਗ ਸਮਾਗਮ 'ਕਲਰ ਡਾਇਵਰਸਿਟੀ-ਚੌਰਿਟੀ ਫੈਸ਼ਨ ਸ਼ੋਅ' ਪੈਨਮਿਊਰ ਕਮਿਊਨਿਟੀ ਹਾਲ ਦੇ ਵਿਚ ਆਯੋਜਿਤ ਕੀਤਾ। ਇਸ ਸ਼ੋਅ ਦੇ ਵਿਚ ਨਿਊਜ਼ੀਲੈਂਡ, ਫੀਜ਼ੀ, ਫੀਲਪੀਨਜ਼ ਅਤੇ ਭਾਰਤੀ ਮਹਿਲਾਵਾਂ ਨੇ ਭਾਗ ਲੈ ਕੇ ਫੈਸ਼ਨ ਸ਼ੋਅ ਦੇ ਨਾਲ-ਨਾਲ ਸਭਿਆਚਾਰਕ ਵੰਨਗੀਆਂ ਵੀ ਪੇਸ਼ ਕੀਤੀਆਂ। ਪੰਜਾਬਣਾ ਨੇ ਇਸ ਮੌਕੇ ਗਿੱਧੇ ਦੀ ਧਮਾਲ ਦੇ ਨਾਲ ਆਪਣੀ ਪੰਜਾਬੀ ਸਭਿਆਚਾਰ ਦਾ ਰੰਗ ਭਰ ਕੇ ਸਮਾਗਮ ਨੂੰ ਚਾਰ ਚੰਦ ਲਾ ਦਿੱਤੇ। ਰੇਡੀਓ ਸਪਾਈਸ ਦੀ ਤਰਫ ਤੋਂ ਗਈ ਇਸ ਟੀਮ ਨੇ ਜਿੱਥੇ ਭਾਰਤੀ ਮਹਿਲਾਵਾਂ ਦੇ ਗਿੱਧਾ ਪ੍ਰਚਿਲਤ ਪਹਿਰਾਵੇ, ਵਿਰਸੇ ਨਾਲ ਜੁੜੇ ਛੱਜ, ਪੱਖੀਆਂ, ਬਟੋਰੇ, ਥਾਲੀਆਂ ਆਦਿ ਨਾਲ ਪੱਛਮੀ ਪਹਿਰਾਵੇ ਉਤੇ ਪੂਰੀ ਪੈਂਠ ਬਣਾਈ ਰੱਖੀ ਉਥੇ ਲੋਕਾਂ ਦੀਆਂ ਖੂਬ ਤਾੜੀਆਂ ਬਟੋਰੀਆਂ।

# ਲੋਕਾਂ ਦੇ ਜਾਨੀ ਤੇ ਮਾਲੀ ਨੁਕਸਾਨ ਨੂੰ ਰੋਕਣ ਲਈ ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਤੁਰੰਤ ਹੱਲ ਕੱਢਿਆ ਜਾਵੇ- ਜਮਹੂਰੀ ਅਧਿਕਾਰ ਸਭਾ ਜਿਲ੍ਹਾ ਇਕਾਈ ਬਠਿੰਡਾ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਨੇ ਅਵਾਰਾ ਪਸ਼ੂਆਂ (ਖਾਸ ਤੌਰ ਤੇ ਛੱਡੇ ਗਏ ਗਊਵੰਸ਼) ਕਾਰਨ ਹੋ ਰਹੇ ਜਾਨੀ ਤੇ ਮਾਲੀ ਨੁਕਸਾਨ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਸਮੱਸਿਆ ਦਾ ਕੋਈ ਪੱਕਾ ਤੇ ਪੁਖਤਾ ਹੱਲ ਕੱਢੇ ਜਾਣ ਦੀ ਮੰਗ ਕੀਤੀ ਹੈ। ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਤੇ ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਸ਼ਹਿਰਾ ਤੇ ਪਿੰਡਾਂ ਵਿੱਚ ਅਵਾਰਾ ਪਸ਼ੂਆਂ ਕਾਰਨ ਕੀਮਤੀ ਜਾਨਾਂ ਚਲੀਆਂ ਗਈਆਂ ਹਨ। ਆਵਾਰਾ ਪਸ਼ੂ ਕਿਸਾਨਾਂ ਦੀਆਂ ਫ਼ਸਲਾਂ ਦਾ ਉਜਾੜਾ ਹੀ ਨਹੀਂ ਕਰਦੇ ਬਲਕਿ ਭਿਆਨਕ ਸੜਕੀ ਹਾਦਸਿਆਂ ਦਾ ਕਾਰਨ ਵੀ ਬਣਦੇ ਹਨ ਜਿਸ ਚੋਂ ਕਈ ਜਾਨਲੇਵਾ ਸਾਬਤ ਹੋ ਚੁੱਕੇ ਹਨ। ਕਈ ਥਾਵਾਂ ਤੇ ਤਾਂ ਆਵਾਰਾ ਪਸ਼ੂਆਂ ਦਾ ਜਿਵੇਂ 'ਕਬਜ਼ਾ' ਹੀ ਹੋ ਗਿਆ ਹੈ, ਜੋ ਰਸਤਿਆਂ ਵਿਚ ਧਰਨਾ ਮਾਰ ਕੇ ਬੈਠ ਜਾਂਦੇ ਹਨ ਤੇ ਇਸ ਨਾਲ ਗੱਡੀਆਂ ਦਾ ਹੋਣਾ ਜਾਣਾ ਰੁਕ ਜਾਂਦਾ ਹੈ। ਬੀਤੇ ਦਿਨੀਂ ਅਵਾਰਾ ਪਸ਼ੂਆਂ ਦੇ ਕਾਰਨ ਹੀ ਇੱਕ ਪਰਿਵਾਰ ਦੇ ਇਕਲੌਤੇ ਨੌਜਵਾਨ ਡਿੰਪਲ ਦੀ ਜਾਨ ਚਲੀ ਗਈ। ਇਹ ਹਾਦਸਾ 28 ਸਤੰਬਰ ਨੂੰ ਬਠਿੰਡਾ ਰਾਮਪੁਰਾ ਸੜਕ ਤੇ ਆਦੇਸ਼ ਮੈਡੀਕਲ ਕਾਲਜ ਦੇ ਨੇੜੇ ਤਰੁਨ ਕੁਮਾਰ ਉਰਫ਼ ਡਿੰਪਲ ਪੁੱਤਰ ਦਿਆ ਚੰਦ ਦੀ ਆਵਾਰਾ ਪਸ਼ੂਆਂ ਨਾਲ ਟੱਕਰ ਹੋ ਕੇ ਮੌਤ ਹੋ ਗਈ ਸੀ। ਇਸੇ ਤਰ੍ਹਾਂ ਹੀ ਬਠਿੰਡਾ ਦੀ ਸੌ ਫੁੱਟੀ ਰੋਡ ਤੇ ਗੁਰੂ ਨਾਨਕ ਸਕੂਲ ਪਾਸ ਹੋਈ ਆਵਾਰਾ ਪਸ਼ੂਆਂ ਦੀ ਟੱਕਰ ਕਾਰਨ ਆਪਣੇ ਜਨਮ ਦਿਨ ਵਾਲੇ ਦਿਨ ਹੀ ਮੋਹਿਤ ਮਹੇਸ਼ਵਰੀ ਨਾ ਦੇ ਸਕੂਲ ਵਿੱਚ ਪੜਦੇ ਲੜਕੇ ਦੀ ਮੌਤ ਹੋ ਗਈ ਸੀ। ਬਰਨਾਲਾ ਰੋਡ ਤੇ ਹੀ ਆਵਾਰਾ ਪਸ਼ੂ ਨਾਲ ਟਕਰਾ ਕੇ ਇੱਕ ਬਾਡੀ ਬਿਲਡਰ ਨੌਜਵਾਨ ਦੀ ਮੌਤ ਹੋ ਗਈ ਸੀ।ਇਸ ਤਰਾਂ ਹੀ ਫਾਜ਼ਿਲਕਾ ਦੇ ਰਵੀਕਾਂਤ ਨਾਂ ਦੇ ਇੱਕ ਵਿਅਕਤੀ ਦੀ ਆਵਾਰਾ ਪਸ਼ੂਆਂ ਕਾਰਨ ਮੌਤ ਹੋ ਗਈ। ਜਨਤਾ ਨਗਰ ਚ ਰਹਿੰਦੇ ਇਕ ਨੌਜਵਾਨ ਦੀ ਗੋਨਿਆਣਾ ਬਠਿੰਡਾ ਮਾਰਗ ਤੇ ਪਸ਼ੂਆਂ ਦੀ ਟੱਕਰ ਕਾਰਨ ਮੌਤ ਹੋ ਗਈ ਸੀ। ਪਿਛਲੇ ਸਾਲ ਨਵੀਂ ਬਸਤੀ ਦੀ ਗਲੀ ਨੰਬਰ ਤਿੰਨ ਚ ਇੱਕ ਬਜ਼ੁਰਗ ਨੂੰ ਆਵਾਰਾ ਪਸ਼ੂ ਨੇ ਟੱਕਰ ਮਾਰੀ ਤੇ ਉਸ ਦੀ ਮੌਤ ਹੋ ਗਈ। 8 ਸਤੰਬਰ ਨੂੰ ਅੰਮ੍ਰਿਤਸਰ ਨੇੜੇ ਦੀ ਰਹਿਣ ਵਾਲੀ ਬਜ਼ੁਰਗ ਕਸ਼ਮੀਰ ਕੌਰ ਨੂੰ ਸੜਕ ਪਾਰ ਕਰਦੇ ਸਮੇਂ ਇੱਕ ਸਾਨ੍ਹ ਨੇ ਸਿੰਗ ਤੇ ਚੁੱਕ ਕੇ ਜ਼ਮੀਨ ਤੇ ਪਟਕ ਦਿੱਤਾ ਜਿਸ ਕਾਰਨ ਦੋ ਦਿਨਾਂ ਬਾਅਦ ਉਸਨੇ ਦਮ ਤੋੜ ਦਿੱਤਾ। 10 ਸਤੰਬਰ ਨੂੰ ਤਰਨ ਤਾਰਨ ਦੇ ਇੱਕ ਚੌਕ ਵਿੱਚ ਭੱਜੇ ਆਉਂਦੇ ਇਕ ਸਾਨ੍ਹ ਵਲੋਂ ਇੱਕ ਮੋਟਰ ਸਾਈਕਲ ਸਵਾਰ ਬਲਜੀਤ ਸਿੰਘ ਗਿੱਲ ਨੂੰ ਟੱਕਰ ਮਾਰ ਦੇਣ ਨਾਲ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ, 4 ਅਕਤੂਬਰ ਨੂੰ ਮਲੋਟ ਦੇ ਪਿੰਡ ਆਲਮ ਵਾਲਾ ਨੇੜੇ ਲਵਾਰਸ ਪਸ਼ੂ ਸਾਹਮਣੇ ਆ ਜਾਣ ਕਰਕੇ ਅਲਟੋ ਕਾਰ ਦੇ ਬੇਕਾਬੂ ਹੋ ਕੇ ਰੁੱਖ ਨਾਲ ਟਕਰਾਉਣ ਤੇ ਇੱਕੋ ਪਰਿਵਾਰ ਦੇ ਚਾਰ ਮੈਂਬਰਾਂ ਦੀ ਮੌਤ ਹੋ ਗਈ ਤੇ ਤਿੰਨ ਗੰਭੀਰ ਜਖਮੀ ਹੋ ਗਏ। ਚਾਰ ਅਕਤੂਬਰ ਨੂੰ ਹੀ ਮੋਗੇ ਦੇ ਪਿੰਡ ਬੁੱਕਣ ਵਾਲਾ 'ਚ ਅਠੱਤਰ ਸਾਲਾ ਕਿਸਾਨ ਗੁਰਮੇਲ ਸਿੰਘ ਦੇ ਢਿੱਡ ਚ ਲਾਵਾਰਸ ਸਾਨ ਵੱਲੋਂ ਸਿੰਗ ਮਾਰ ਦੇਣ ਨਾਲ ਜ਼ਖਮੀ ਕਿਸਾਨ ਦੀ ਹਸਪਤਾਲ ਵਿਚ ਜਾ ਕੇ ਇਲਾਜ ਦੌਰਾਨ ਮੌਤ ਹੋ ਗਈ। ਅਜਿਹੀਆ



ਤਰਸਯੋਗ ਮੌਤਾਂ ਦੀ ਗਿਣਤੀ ਹੋਰ ਵੀ ਵੱਧ ਹੈ। ਵਧਦੇ ਅਵਾਰਾ ਪਸ਼ੂਆਂ ਕਾਰਨ ਹੋ ਰਹੇ ਨੁਕਸਾਨ ਸਬੰਧੀ ਬਠਿੰਡੇ ਦੀਆਂ ਕਰੀਬ ਸਾਰੀਆਂ ਹੀ ਸਮਾਜ ਸੇਵੀ ਸੰਸਥਾਵਾਂ ਨੇ ਕਈ ਵਾਰ ਆਪਣਾ ਰੋਸ ਪ੍ਰਗਟ ਕੀਤਾ ਹੈ ਅਤੇ ਇਸ ਜਟਿਲ ਹੁੰਦੀ ਜਾ ਰਹੀ ਸਮੱਸਿਆ ਦਾ ਕੋਈ ਸਾਰਥਕ ਹੱਲ ਕੱਢੇ ਜਾਣ ਦੀ ਪ੍ਰਸ਼ਾਸਨ ਅਤੇ ਨਗਰ ਨਿਗਮ ਕੋਲ ਮੰਗ ਰੱਖੀ ਹੈ ਪਰ ਸਰਕਾਰ ਤੇ ਨਿਗਮ ਦੋਨੋਂ ਹੀ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ। ਇਸ ਸਮੱਸਿਆ ਦੇ ਪੱਕੇ ਹੱਲ ਲਈ ਲੋਕ ਅਦਾਲਤ ਵਿੱਚ ਕੀਤੀ ਗਈ ਇੱਕ ਅਪੀਲ ਦੀ ਸੁਣਵਾਈ ਵੀ ਜਾਰੀ ਹੈ। ਪਸ਼ੂਆ ਦੀ ਸਾਭ ਸੰਭਾਲ ਲਈ ਨਗਰ ਨਿਗਮ ਲੋਕਾਂ ਤੋਂ ਗਊ ਸੈੱਸ ਵੀ ਲੈਂਦੀ ਹੈ ਪਰ ਫਿਰ ਵੀ ਇਹ ਸਮਸਿਆ ਦਿਨ-ਬ-ਦਿਨ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ। ਸਭਾ ਸਮਝਦੀ ਹੈ ਕਿ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨਾ ਸਰਕਾਰ ਦੀ ਮੁੱਢਲੀ ਜਿੰਮੇਵਾਰੀ ਬਣਦੀ ਹੈ ਤਾਂ ਕਿ ਲੋਕ ਸੁਰਖਿਅਤ ਜਿੰਦਗੀ ਬਸਰ ਕਰ ਸਕਣ। ਸਭਾ ਮੰਗ ਕਰਦੀ ਹੈ ਕਿ ਸ਼ਹਿਰਾਂ ਦੇ ਲੋਕਾਂ ਨਾਲ ਮਿਲ ਬੈਠ ਕੇ ਇਸ ਸਮੱਸਿਆ ਦਾ ਪੱਕਾ ਤੇ ਸਾਰਥਕ ਹੱਲ ਕੱਢਿਆ ਜਾਵੇ।




## 9 ਅਕਤੂਬਰ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਗੁਰੂ ਰਾਮਦਾਸ ਸਾਹਿਬ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਰਾਮਦਾਸ ਜੀ ਦਾ ਸਮਾਂ 1534-1581 ਤੱਕ ਦਾ ਹੈ। ਹਮਾਯੂੰ 1530 ਵਿਚ ਮੁਗਲ ਬਾਦਸ਼ਾਹ ਬਣਿਆ। ਪੰਜਾਬ ਵਿਚ ਰਾਜਨੀਤਿਕ ਅਰਾਜਕਤਾ ਸੀ। ਅਕਬਰ 1556 ਵਿਚ ਮੁਗਲ ਬਾਦਸ਼ਾਹ ਬਣਿਆ। ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਜੀ ਉਸ ਸਮੇਂ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਹੇਠ ਗੋਇੰਦਵਾਲ ਵਿਖੇ ਸਿੱਖ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਅਤੇ ਹਿੰਦੂ ਪਰਜਾ ਵਿਚ ਵੈਰ ਵਿਰੋਧ ਸੀ। ਸਾਰੇ ਧਰਮ ਅੱਗੇ ਕਈ ਵਰਗਾ ਵਿਚ ਵੰਡੇ ਹੋਏ ਸਨ। ਜਾਤ-ਪਾਤ, ਧੜੇਬੰਦੀ, ਲੁੱਟ-ਖਸੁੱਟ ਜ਼ੋਰਾਂ ਤੇ ਸੀ। ਲੋਕ ਗਿਆਨ ਵਿਹੂਣੇ ਭਟਕ ਰਹੇ ਸਨ। ਪਰ ਬਾਦਸ਼ਾਹ ਅਕਬਰ ਆਪ ਖੁੱਲ੍ਹਦਿਲੀ ਦਾ ਮਾਲਕ ਸੀ। ਸਿੱਖ ਧਰਮ ਲਈ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਵਿਚ ਗੁਰੂ ਰਾਮਦਾਸ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ ਗੁਰਗੱਦੀ ਪ੍ਰਾਪਤ ਕੀਤੀ। ਪ੍ਰਚੱਲਿਤ ਝੂਠੇ ਕਰਮਕਾਂਡਾਂ, ਰੀਤਾਂ ਰਸਮਾਂ ਦਾ ਵਿਰੋਧ ਕਰਕੇ ਇਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 24 ਸਤੰਬਰ ਸੰਨ 1534 ਨੂੰ ਪਿਤਾ ਹਰਿਦਾਸ ਮਾਤਾ ਅਨੂਪ ਦੇਵੀ/ਦਯਾ ਕੌਰ ਦੀ ਕੁੱਖੋਂ ਪਲੇਠਾ ਪੁੱਤਰ ਜੰਮਿਆ। ਉਹਨਾਂ ਦੇ ਪਿਤਾ ਚੂਨਾ ਮੰਡੀ ਲਾਹੌਰ ਵਿਚ ਇਕ ਸਧਾਰਨ ਦੁਕਾਨਦਾਰ ਸਨ ਪਲੇਠਾ ਪੁੱਤਰ ਹੋਣ ਕਰਕੇ ਜੇਠਾ ਪ੍ਰਸਿੱਧ ਹੋਇਆ। ਆਪ ਸ਼ਰਧਾ ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਦੇ ਮਾਲਕ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ-ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਹਨਾਂ ਨੂੰ ਪਿੰਡ ਬਾਸਰਕੇ ਲੈ ਆਈ, ਜਿੱਥੇ ਆਪ ਘੁੰਙਣੀਆ ਵੇਚ ਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਰੱਬ ਸਬੱਬੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਇੱਥੇ ਹੀ ਹੋਈ। ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਙਣੀਆਂ ਵੇਚਣ ਦਾ ਹੀ ਕੰਮ ਕੀਤਾ। ਆਪਦਾ ਕੰਮ ਸ਼ਾਂਤ-ਚਿੱਤ, ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫ਼ਤ ਹੀ ਵੰਡ ਦਿੰਦੇ ਸਨ। ਕਾਰ ਵਿਹਾਰ ਦੇ ਨਾਲ-ਨਾਲ ਗੁਰੂ ਘਰ ਵਿਚ ਸੇਵਾ ਸਿਮਰਨ ਸਤਿਸੰਗ ਵੀ ਕਰਦੇ। ਉਹ ਆਪਦੇ ਮਿੱਠੇ ਅਤੇ ਨਿਮਰਤਾ ਦੇ ਸੁਭਾਅ ਕਰਕੇ ਸੰਗਤਾਂ ਵਿਚ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿਚ ਰੁਚੀ ਵਧਦੀ ਗਈ। ਉਹ ਮਧੁਰ ਸੁਰ ਵਿਚ ਗਾਉਂਦੇ ਅਤੇ ਤੰਤੀ ਸਾਜ ਵੀ ਵਜਾਉਂਦੇ। ਇਸ ਤਰ੍ਹਾਂ 7 ਸਾਲ ਦੀ ਉਮਰ ਤੋਂ ਲੱਗਭੱਗ 20 ਸਾਲ ਦੀ ਉਮਰ ਤੱਕ ਆਪ ਰਿਸ਼ਟ-ਪੁਸ਼ਟ ਹੋ ਚੁੱਕੇ ਸਨ। ਗੁਰੂ ਅਮਰਦਾਸ ਜੀ ਜੇਠਾ ਜੀ ਦੇ ਸੁਭਾਅ, ਰਹਿਣੀ-ਬਹਿਣੀ, ਬੋਲ-ਚਾਲ, ਸੇਵਾ ਸਿਮਰਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਸੰਪੰਨ ਕੀਤਾ। ਪਿਤਰੀ ਸਨੇਹ ਕਰਕੇ ਦੰਪਤੀ ਨੂੰ ਆਪਣੇ ਪਰਿਵਾਰ ਵਿਚ ਹੀ ਰੱਖ ਲਿਆ। ਆਪ ਜੀ ਦੀ ਸੰਤਾਨ ਵਜੋਂ ਤਿੰਨ ਸਾਹਿਬਜਾਦੇ- ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂ ਘਰ ਦੀ ਸੇਵਾ ਵਿਚ ਜੁਟੇ ਰਹੇ। ਉਹਨਾਂ ਨੇ ਗੁਰਸਿੱਖੀ ਜੀਵਨ ਨੂੰ ਸਮਝ ਲਿਆ ਸੀ। ਜਦੋਂ ਗੁਰੂ ਅਮਰਦਾਸ ਜੀ ਨੇ ਬਾਉਲੀ ਦਾ ਕੰਮ ਆਰੰਭ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰਾ ਪ੍ਰਬੰਧ ਸੰਭਾਲ ਲਿਆ। ਆਪ ਕਾਰ ਸੇਵਾ ਕਰਦੇ, ਟੋਕਰੀ ਢੋਇਆ ਕਰਦੇ ਸਨ। ਲੋਕਾਂਚਾਰੀ ਅਤੇ ਰਿਸ਼ਤੇਦਾਰੀ ਤੋਂ ਉਪਰ ਉਠ ਕੇ ਸੇਵਾ ਕਰਦੇ ਰਹੇ। ਜਿਸ ਨਾਲ ਉਹਨਾਂ ਨੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਮੁਕਤੀ ਦਾ ਮਾਰਗ ਲੱਭਿਆ।



ਗੁਰੂ ਅਮਰਦਾਸ ਜੀ ਉਹਨਾਂ ਦੀ ਨਿਸ਼ਕਾਮ, ਅਣਥੱਕ ਸੇਵਾ ਭਾਵਨਾ ਵੇਖ ਕੇ ਪ੍ਰਸੰਨ ਹੁੰਦੇ ਸਨ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੀ ਕਿਰਪਾ ਅਤੇ ਵਿਸ਼ਵਾਸ ਦੇ ਪਾਤਰ ਬਣ ਗਏ। ਜਦੋਂ ਅਕਬਰ ਦੇ ਦਰਬਾਰ ਵਿਚ ਗੋਂਦੇ ਨਾਲ ਹੋਰ ਜਾਤੀ ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਵਿਰੁੱਧ ਸ਼ਿਕਾਇਤ ਕੀਤੀ ਤਾਂ ਅਕਬਰ ਨੇ ਗੁਰੂ ਸਾਹਿਬ ਨੂੰ ਤਲਬ ਕਰਨ ਦਾ ਹੁਕਮ ਦਿੱਤਾ। ਤਾਂ ਉਹਨਾਂ ਨੇ ਭਾਈ ਜੇਠਾ ਜੀ ਨੂੰ ਪੱਖ ਪੂਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂਆਂ ਦੀ ਗੁਰਬਾਣੀ ਦੀ ਘੋਖ ਕੀਤੀ ਹੋਈ ਸੀ। ਤਦ ਹੀ ਬੜੀ ਗੰਭੀਰਤਾ ਨਾਲ ਆਪਣੇ ਪੱਖ ਨੂੰ ਸ਼ਾਂਤੀਪੂਰਵਕ ਪੇਸ਼ ਕੀਤਾ ਕਿ ਸਾਡਾ ਲੋਕ ਭਲਾਈ ਦਾ ਮਨੋਰਥ ਹੈ। ਅਕਬਰ ਬਾਦਸ਼ਾਹ ਦੇ ਸ਼ੰਕੇ ਦੂਰ ਹੋ ਗਏ ਤਾਂ ਸਾਰੇ ਦੋਸ਼ ਖਾਰਜ ਕਰ ਦਿੱਤੇ।

ਸੇਵਾ, ਭਗਤੀ, ਪ੍ਰੇਮ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ ਉਹਨਾਂ ਦੀ ਘਾਲਣਾ ਨੂੰ ਵੇਖ ਕੇ ਗੁਰੂ ਅਮਰਦਾਸ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆਂ ਦਾ ਦਰਦ ਦੂਰ ਕਰਨ ਦੇ ਯੋਗ ਹਨ। ਉਹ ਹੁਣ ਗੁਰਤਾ ਦੇ ਯੋਗ ਹਨ, ਤਦ 1 ਸਤੰਬਰ 1574 ਨੂੰ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਦਾ ਨਾਂ ਦੇ ਕੇ ਗੁਰਗੱਦੀ 'ਤੇ ਬਿਠਾਇਆ।

ਗੁਰਬਾਣੀ ਰਚਨਾ ਦੇ ਕਾਰਜ ਖੇਤਰ ਵਿਚ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਦੀ ਨਕਲ ਕਰਦੇ ਰਹੇ, ਜਿਸ ਨਾਲ ਉਹਨਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਹਨਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿਚ ਢਾਲ ਲਿਆ ਸੀ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੈ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਖ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮ ਜਪਾਵੈ॥
(ਅੰਗ 305)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਉਹਨਾਂ ਦੇ 638 ਪਦੇ, 30 ਸੰਗੀਤ ਰਾਗਨੀਆਂ ਵਿਚ ਦਰਜ ਹਨ। ਜਿਵੇਂ: ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਹਨਾਂ ਦੇ 31 ਸਲੋਕ ਵਾਰਾਂ ਤ ਵਧੀਕ ਵਿਚ ਹਨ। ਆਪ ਜੀ ਦੀ ਗੁਰਬਾਣੀ ਰਾਜਨੀਤਿਕ ਕੁਰੀਤੀਆਂ ਦਾ ਸੰਕੇਤ ਦਿੰਦੀ ਹੈ। ਸਵੈ-ਮਾਣ ਦਾ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆ ਜਾਂਦਾ ਹੈ, ਨਾ ਕਿ ਜਾਤ ਨਾਲ। ਹਉਮੈ ਦਾ ਤਿਆਗ ਕਰਕੇ ਪ੍ਰਮਾਤਮਾ ਅੱਗੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ। ਨਾਮਦਾਨ, ਇਸ਼ਨਾਨ ਤੇ ਸੁੱਚੀ ਕਿਰਤ, ਵੰਡ ਛਕਣਾ ਸਿੱਖੀ ਦੇ ਮੀਰੀ-ਗੁਣ ਹਨ। ਅਜਿਹੀ ਰਹਿਤ ਲਾਗੂ ਕਰ ਦਿੱਤੀ ਕਿ ਅੰਮ੍ਰਿਤ ਵੇਲੇ ਦਾ ਇਸ਼ਨਾਨ ਤੇ ਨਾਮ ਜਾਪਦੇ ਰਹਿਣਾ ਹੀ ਸਿੱਖ ਦਾ ਉੱਤਮ ਕਰਮ ਹੈ। ਜੋ ਨਾਮੁ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ ਤੇ ਪਹਿਰਾ ਦੇਣ ਦਾ ਉਪਦੇਸ਼ ਹੈ।ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਣਾ। ਪ੍ਰਮਾਤਮਾ ਨਾਲ ਮੇਲ ਦਾ ਰਾਹ ਹੈ।

ਗੁਰੂ ਰਾਮਦਾਸ ਜੀ ਨੇ ਸੰਨ 1579 ਵਿਚ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਸਥਾਨ 'ਤੇ ਭੇਜਿਆ, ਜਿੱਥੇ ਹੁਣ ਅੰਮ੍ਰਿਤਸਰ ਵੱਸਿਆ ਹੋਇਆ ਹੈ ਕਿ ਉਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾਂ ਸੰਤੋਖਸਰ ਦੀ ਖੁਦਾਈ ਕਰਵਾਈ। ਜਿਸ ਟਾਹਲੀ ਹੇਠ ਆਪ ਬੈਠਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਸੁਸ਼ੋਭਿਤ ਹੈ।

ਗੁਰਗੱਦੀ ਤੋਂ ਕੁਝ ਚਿਰ ਪਹਿਲੇ ਗੁਰੂ ਰਾਮਦਾਸ ਜੀ ਨੇ 1574 ਵਿਚ ਪਿੰਡ 'ਗੁਰੂ ਕਾ ਚਕ' ਦੀ ਨੀਂਹ ਰੱਖੀ, ਜਿਸਦਾ ਨਾਂ ਰਾਮਦਾਸਪੁਰ ਜਾਂ ਚੱਕ ਰਾਮਦਾਸ ਹੋ ਗਿਆ। ਸੰਨ 1577 ਵਿਚ ਜਿਸ ਥਾਂ 'ਤੇ ਦਰਬਾਰ ਸਾਹਿਬ ਹੈ, ਨਗਰ ਵਸਾਉਣਾ ਆਰੰਭ ਕੀਤਾ। ਗੁਰੂ ਰਾਮਦਾਸ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ ਤੇ ਆਰਥਿਕ ਪੱਖੋਂ, ਰੁਜ਼ਗਾਰ ਪੱਖੋਂ ਖੁਸ਼ਹਾਲ ਹੋਣ। ਉਹਨਾਂ ਦੀ ਕਿਰਤ ਕਮਾਈ ਵਿਚ ਕੋਈ ਥੁੜ੍ਹ ਨਾ ਹੋਵੇ। ਆਪਸੀ ਮਿਲਵਰਤਨ, ਪ੍ਰੇਮ ਪਿਆਰ ਤੇ ਸਾਂਝੇ ਭਾਈਚਾਰਕ ਤੌਰ 'ਤੇ ਵੱਸਣ। ਉਹਨਾਂ ਵੱਖ-ਵੱਖ ਜਾਤਾਂ, ਫਿਰਕਿਆਂ ਦੇ ਵੱਖ-ਵੱਖ ਹੁਨਰਮੰਦ, ਨਿਪੁੰਨ ਦਸਤਕਾਰਾਂ ਨੂੰ ਵਸਾਇਆ, ਜਿਹਨਾਂ ਨੇ ਸਮੂਹਿਕ ਤੌਰ ਤੇ ਇਕ ਬਜ਼ਾਰ ਦੇ ਰੂਪ ਵਿਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਜ਼ਾਰ ਵਸਾਇਆ ਸੀ। ਸੰਨ 1577 ਵਿਚ ਗੁਰੂ ਰਾਮਦਾਸ ਜੀ ਨੇ ਦੁੱਖ ਭੰਜਨੀ ਬੇਰੀ ਦੀ ਥਾਂ ਤੇ ਅੰਮ੍ਰਿਤ ਸਰੋਵਰ ਦੀ ਖੁਦਾਈ ਆਰੰਭ ਕਰਵਾਈ। ਇਸਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਜਿਸ ਨਾਲ ਇਸ ਨਗਰ ਦਾ ਨਾਂ ਅੰਮ੍ਰਿਤਸਰ ਪੈ ਗਿਆ। ਆਪ ਨੇ ਆਪਣੇ ਲਈ ਇਕ ਮਕਾਨ ਵੀ ਬਣਵਾਇਆ, ਜਿਸਦਾ ਨਾਂ ਗੁਰੂ ਕੇ ਮਹਿਲ ਪੈ ਗਿਆ।

ਖਡੂਰ ਸਾਹਿਬ, ਗੋਇੰਦਵਾਲ ਅਤੇ ਕਰਤਾਰਪੁਰ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਇਵੇਂ ਹੀ ਜਾਰੀ ਰੱਖਿਆ। ਸੰਗਤਾਂ ਦੀ ਗਿਣਤੀ ਵਧਦੀ ਗਈ। ਸਰੋਵਰ ਦੇ ਵਿਚਕਾਰ ਹਰਿਮੰਦਰ ਉਸਾਰਨ ਦੀ ਯੋਜਨਾ ਬਣੀ। ਸ਼ਹਿਰ ਦੀ ਵਜੋਂ ਲਈ ਉਸਾਰੀ ਦੇ ਕੰਮ ਜਾਰੀ ਸਨ। ਇਹਨਾਂ ਖਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇਕੱਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਕੇ ਲਿਆਉਂਦੇ ਅਤੇ ਕੇਂਦਰੀ ਖਜਾਨੇ ਵਿਚ ਜਮ੍ਹਾ ਕਰਵਾਉਂਦੇ। ਅੱਗ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਵੀ ਮਸੰਦਾਂ ਕੋਲ ਸੀ।

ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿੱਚੋਂ ਕਰਨੀ ਸੀ। ਉਹ ਪਰਿਵਾਰ ਸਮੇਤ ਗੋਇੰਦਵਾਲ ਚਲੇ ਗਏ। ਗੁਰਗੱਦੀ ਦੇ ਹੱਕ ਲਈ ਪ੍ਰਿਥੀ ਚੰਦ ਦਾ ਵਿਰੋਧ ਵੀ ਜਾਰੀ ਸੀ। ਪਰ 1 ਸਤੰਬਰ 1581 ਨੂੰ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਸੌਂਪ ਕੇ ਜੋਤੀ-ਜੋਤ ਸਮਾ ਗਏ।

# ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਕੀਰਤਨ ਦਰਬਾਰ ਸਜਾਏ ਗਏ





**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਰਬੱਤ ਦੇ ਭਲੇ ਲਈ ਬੀਤੀ 7 ਅਕਤੂਬਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ 7 ਅਕਤੂਬਰ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਸਤਨਾਮ ਸਿੰਘ ਜੀ ਯੂਬਾ ਸਿਟੀ ਵਾਲਿਆਂ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



# ਸਿੱਖਸ ਆਫ ਅਮਰੀਕਾ ਵਲੋਂ ਕਰਤਾਰਪੁਰ ਲਾਂਘੇ ਸਬੰਧੀ ਯੂਨਾਈਟਡ ਸਿੱਖ ਮਿਸ਼ਨ ਦੀ ਹਮਾਇਤ

**ਮੈਰੀਲੈਂਡ- (ਰਾਜ ਗੋਗਨਾ)** - ਸਿੱਖਸ ਆਫ ਅਮਰੀਕਾ ਸੰਸਥਾ ਦੇ ਸੱਦੇ ਤੇ ਯੂਨਾਈਟਡ ਸਿੱਖ ਮਿਸ਼ਨ ਨੇ ਕਰਤਾਰਪੁਰ ਕੋਰੀਡੋਰ ਕਿਤਾਬਚੇ ਨੂੰ ਭਾਰਤ ਸਰਕਾਰ ਤੱਕ ਪਹੁੰਚਾਉਣ ਲਈ ਇੱਕ ਮੀਟਿੰਗ ਰਾਯਲ ਤਾਜ ਰੈਸਟੋਰੈਂਟ ਵਿਖੇ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿੱਚ ਸਿੱਖਸ ਆਫ ਅਮਰੀਕਾ ਤੇ ਬੀ .ਜੇ .ਪੀ ਦੀ ਕੋਰ ਟੀਮ ਨਾਲ ਕੀਤੀ। ਰਛਪਾਲ ਸਿੰਘ ਢੀਂਡਸਾ ਵਲੋਂ ਕਰਤਾਰਪੁਰ ਲਾਂਘੇ ਸਬੰਧੀ ਭਰਪੂਰ ਜਾਣਕਾਰੀ ਦੇਣ ਉਪਰੰਤ ਇਸ ਲਾਂਘੇ ਦੇ ਸਾਰੇ ਪਹਿਲੂਆਂ ਬਾਰੇ ਦੱਸਿਆ। ਜਿਸ ਨੂੰ ਅੱਗੇ ਤੋਰਨ ਲਈ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਡਾ. ਅਡੱਪਾ ਪ੍ਰਸਾਦ ਨੇ ਯੂਨਾਈਟਡ ਸਿੱਖ ਮਿਸ਼ਨ ਦੇ ਉਪਰਾਲੇ ਨੂੰ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਰਾਜਨਾਥ ਹੋਮ ਮਨਿਸਟਰ ਨਾਲ ਵਿਚਾਰਨ ਦਾ ਭਰੋਸਾ ਦਿੱਤਾ। ਉਪਰੰਤ ਪ੍ਰਧਾਨ ਮੰਤਰੀ ਮੋਦੀ ਨਾਲ ਸੰਪਰਕ ਕਰਕੇ ਅਮਰੀਕਾ ਤੋਂ ਇੱਕ ਡੈਲੀਗੇਟ ਯੂਨਾਈਟਡ ਸਿੱਖ ਮਿਸ਼ਨ ਦਾ ਲੈ ਕੇ ਭਾਰਤ ਜਾਣ ਦਾ ਭਰੋਸਾ ਦਿੱਤਾ। ਜੋ ਇਸ ਲਾਂਘੇ ਨੂੰ ਖੁਲਵਾਉਣ ਲਈ ਅਪਨੀ ਮੰਗ ਨੂੰ ਮਨਵਾਉਣ ਲਈ ਭਾਰਤ ਸਰਕਾਰ ਤੇ ਜ਼ੋਰ ਦੇਵੇਗਾ।



ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਰਤਾਰ-ਪੁਰ ਲਾਂਘੇ ਦੇ ਸਬੰਧ ਵਿੱਚ ਯੂਨਾਈਟਡ ਸਿੱਖ ਮਿਸ਼ਨ ਨੂੰ ਹਮਾਇਤ ਦੇਣ ਦਾ ਵਾਅਦਾ ਕੀਤਾ ਹੈ। ਜਿੱਥੇ ਰਛਪਾਲ ਸਿੰਘ ਢੀਂਡਸਾ ਨੇ ਕਰਤਾਰਪੁਰ ਲਾਂਘੇ ਦਾ ਪ੍ਰਾਜੈਕਟ ਡਾ. ਅਡੱਪਾ ਪ੍ਰਸਾਦ ਨੂੰ ਸੌਂਪਿਆ , ਤਾਂ ਜੋ ਇਸ ਨੂੰ ਸਰਕਾਰ ਪੱਧਰ ਤੇ ਛੇਤੀ ਖੁਲ੍ਹਵਾਉਣ ਦੀ ਕੋਸ਼ਿਸ਼ ਕੀਤੀ ਜਾਵੇ।

ਆਸ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਤੇ ਇਸ ਨੂੰ ਸੰਗਤਾਂ ਦੇ ਦਰਸ਼ਨਾਂ ਲਈ ਖੁਲ੍ਹਵਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਬਲਵਿੰਦਰ ਸਿੰਘ ਪ੍ਰਧਾਨ ਰਿਵਰਸਾਈਡ ਗੁਰਦੁਆਰਾ, ਜਤਿੰਦਰਪਾਲ ਸਿੰਘ, ਬਲਜਿੰਦਰ ਸਿੰਘ ਸ਼ੰਮੀ, ਕੰਵਲਜੀਤ ਸਿੰਘ ਸੋਨੀ ਪ੍ਰਧਾਨ, ਗੁਰਚਰਨ ਸਿੰਘ, ਸੁਰਿੰਦਰ ਸਿੰਘ ਇੰਜੀਨੀਅਰ, ਮਨਜਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਸੁਖਪਾਲ ਸਿੰਘ ਧਨੋਆ, ਸੁਰਮੁਖ ਸਿੰਘ ਮਾਣਕੂ, ਡਾ. ਗਿੱਲ, ਡਾ. ਦਰਸ਼ਨ ਸਿੰਘ ਸਲੂਜਾ, ਮੀਤਾ ਸਲੂਜਾ, ਚਤਰ ਸਿੰਘ ਸੈਣੀ ਤੇ ਹੋਰ ਪਤਵੰਤਿਆਂ ਨੇ ਇਸ ਕਰਤਾਰਪੁਰ ਲਾਂਘੇ ਦੀ ਮੀਟਿੰਗ ਦੋਰਾਨ ਹਮਾਇਤ ਕੀਤੀ ਹੈ।

# 78th Barsi of Hazoor Shri Nabh Kanwal Raja Sahib celebrated at Sri Guru Ravidass Temple Pittsburg

Pittsburg- The blessed and dedicated families celebrated 78th Barsi of Hazoor Shri Nabh Kanwal Raja Sahib on October 7, 2018, in Sri Guru Ravidass Temple Pittsburg. Akhand Path Sahib sewa was done by his devotees in the loving memoy of Braham Giani Bhagwan Dass "Raja Sahib. Langar sewa started at 10:00 AM on Friday, October 5 and continued till Sunday, October 7, 2018. Prominent Kirtani Jathas of Bhai Khem Singh ji and Giani Gurnam Singh & Ompal Singh delighted SANGAT with their melodious KIRTAN. Sangat came from all over Northern California to participate. There was feeling of love and spirituality among all. May Waheguru bless HIS devotees.














## ਸੁਖਰਾਮ ਚੰਦੜ (ਤਾਜਪੁਰੀ), ਸਮੂਹ ਚੰਦੜ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੇ 26ਵੇਂ ਸਥਾਪਨਾ ਦਿਵਸ ਤੇ ਸ਼ਰਧਾ ਪੂਰਵਕ ਕੀਤੀ ਗਈ ਸੇਵਾ ਵਜੋਂ ਉਹਨਾਂ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਹੋਈ










ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤਾਂ ਨੇ ਗੁਰੂ ਘਰ ਦਾ 26ਵਾਂ ਸਥਾਪਨਾ ਦਿਵਸ ਭਾਰੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ। ਇਸ ਮੌਕੇ ਸੰਗਤਾਂ ਨੇ ਜਿੱਥੇ ਭਾਰੀ ਗਿਣਤੀ ਵਿਚ ਹਾਜਰੀ ਲਗਵਾਈ, ਉਥੇ ਸੈਕਰਾਮੈਂਟੋ ਦੇ ਸਿਟੀ ਸੁਪਰਵਾਈਜ਼ਰ ਮੈਡਮ ਸੁ ਫਰੋਸਟ ਨੇ ਵੀ ਉਚੇਚੇ ਤੌਰ 'ਤੇ ਗੁਰੂ ਘਰ ਹਾਜਰੀ ਭਰੀ। ਇਸ ਮੌਕੇ ਵੱਖ-ਵੱਖ ਰਾਗੀ, ਢਾਡੀ ਜਥਿਆਂ ਨੇ ਸ਼ਬਦ ਗਾਇਨ ਕੀਤਾ। ਇਸ ਮੌਕੇ ਮੈਡਮ ਸੁ ਫਰੋਸਟ ਅਤੇ ਹੋਰ ਸ਼ਖਸੀਅਤਾਂ ਦਾ ਸਿਰੋਪਾਓ ਅਤੇ ਪਲੈਕ ਨਾਲ ਸਨਮਾਨ ਕੀਤਾ ਗਿਆ।



























# ਨਾਮਵਰ ਗਾਇਕ ਅਨੂਪ ਸਿੰਘ ਚੀਮਾ ਦਾ ਨਵਾਂ ਗੀਤ 'ਅਟਕ ਦੇ ਪਾਣੀ' ਪਾ ਰਿਹਾ ਧਮਾਲ

**ਸੈਕਰਾਮੈਂਟੋ–** ਪੰਜਾਬੀ ਗਾਇਕੀ ਦੇ ਅਖਾੜੇ 'ਚ ਸ. ਅਨੂਪ ਸਿੰਘ ਚੀਮਾ ਦਾ ਨਾਂ ਅਮਰੀਕਾ ਅੰਦਰ ਪੰਜਾਬ ਭਾਈਚਾਰੇ 'ਚ ਖਾਸ ਸਥਾਨ ਰੱਖਦਾ ਹੈ। ਸ. ਚੀਮਾ ਗਾਇਕੀ ਦੇ ਨਾਲ ਨਾਲ ਨਾਟਕਾਂ ਵਿਚ ਵੀ ਖਾਸਾ ਨਾਮਣਾ ਖੱਟ ਚੁੱਕੇ ਹਨ। ਉਹ ਆਪਣੀ ਗਾਇਕੀ ਕਲਾ ਦੇ ਨਾਲ ਨਾਲ ਇਕ ਮਿੱਠੜੇ ਸੁਭਾਅ ਦਾ ਮਾਲਕ ਵੀ ਹੈ।

ਸ. ਅਨੂਪ ਸਿੰਘ ਚੀਮਾ ਅਨੁਸਾਰ ਬੀਤੇ ਦਿਨੀਂ ਉਹਨਾਂ ਦਾ ਇਕ ਨਵਾਂ ਸਿੰਗਲ ਟ੍ਰੈਕ ਗੀਤ 'ਅਟਕ ਦੇ ਪਾਣੀ' ਯੂ-ਟਿਊਬ ਅਤੇ ਫੇਸਬੁੱਕ ਤੇ ਧਮਾਲਾਂ ਪਾ ਰਿਹਾ ਹੈ ਤੇ ਉਹਨਾਂ ਦਾ ਇਹ ਗੀਤ ਵਟਸਐਪ ਆਦਿ ਸਾਧਨਾਂ ਰਾਹੀਂ ਉਹਨਾਂ ਦੇ ਸਰੋਤਿਆਂ 'ਚ ਦਿਨ ਪ੍ਰਤੀ ਦਿਨ ਮਕਬੂਲ ਹੋ ਰਿਹਾ ਹੈ।

'ਅਟਕ ਦੇ ਪਾਣੀ' ਗੀਤ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅੰਦਰ ਸਿੱਖ ਫੌਜਾਂ ਦੇ ਸਿੰਘ ਜਰਨੈਲ ਸ੍ਰ ਹਰੀ ਸਿੰਘ ਨਲੂਆ ਦੀ ਅਗਵਾਈ ਵਿਚ ਅਫਗਾਨਿਸਤਾਨ ਵੱਲ ਜੰਗ-ਏ-ਮੈਦਾਨ ਵਿਚ ਜਾ ਰਹੀਆਂ ਸਨ ਤਾਂ ਅਟਕ ਦਰਿਆ ਦਾ ਪਾਣੀ ਬੇਸ਼ੁਮਾਰ ਚੜ੍ਹਿਆ ਹੋਣ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਮਹਾਨ ਜਰਨੈਲ ਸ. ਹਰੀ ਸਿੰਘ ਨਲੂਆ ਨੂੰ ਕਿਹਾ ਕਿ ਆਪਣੇ ਇਸ ਹਮਲੇ ਨੂੰ ਕੁਝ ਦੇਰ ਲਈ ਰੋਕ ਲਿਆ ਜਾਵੇ ਤਾਂ ਕਿ ਪਾਣੀ ਥੱਲੇ ਉਤਰ ਜਾਵੇ ਤਾਂ ਮਹਾਨ ਜਰਨੈਲ ਹਰੀ ਸਿੰਘ ਨਲੂਆ ਨੇ ਜਵਾਬ ਦਿੱਤਾ ਕਿ ਮਹਾਰਾਜ, ਸਿੰਘਾਂ ਨੇ ਹੁਣ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਕਰ ਦਿੱਤੀ ਹੈ ਤੇ ਹੁਣ ਫੌਜਾਂ ਦੁਸ਼ਮਣਾ ਦਾ ਸੋਧਾ ਲਾ ਕੇ ਹੀ ਦਮ ਲੈਣਗੀਆਂ। ਉਸ ਵਕਤ ਦੇ ਵਾਕਿਆ ਨੂੰ ਦਰਸਾਉਂਦੇ ਇਸ ਗੀਤ ਦੇ ਸ਼ੁਰੂਆਤੀ ਬੋਲ ਹਨ:

ਜਿਗਰੇ ਬੁਲੰਦ ਪੈਰ ਪੁੱਟੀਏ ਮੜਕ ਨਾਲ
ਸਾਡੇ ਜਿੰਨੀ ਹੋਣੀ ਕਿਸੇ ਹੋਰ ਦੀ ਰਿੜਕ ਨਾ
ਅਸੀਂ ਰੋਕ ਲਏ ਅਟਕ ਦੇ ਪਾਣੀ
ਰਾਹ ਸਾਡੇ ਕੌਣ ਰੋਕ ਲਊ ...

ਇਸ ਗੀਤ ਨੂੰ ਪ੍ਰਸਿੱਧ ਗੀਤਕਾਰ ਜੰਡੂ ਲਿੱਤਰਾਂ ਵਾਲਾ ਨੇ ਲਿਖਿਆ, ਸੰਗੀਤ ਰਜ਼ਾ ਹੁਸੈਨ ਜੰਡਿਆਲਾ ਮੰਜ਼ਕੀ ਨੇ ਦਿੱਤਾ ਹੈ। ਸੈਮ ਸਮਰਾ ਨੇ ਇਸ ਗੀਤ ਨੂੰ ਇਨਡੋਰ ਸਟੂਡੀਓ ਸੈਕਰਾਮੈਂਟੋ ਵਿਖੇ ਰਿਕਾਰਡ ਕੀਤਾ ਅਤੇ ਬਾਹਰ ਸ. ਗੁਰਬਖਸ਼ ਸਿੰਘ ਬਾਘਾ ਦੇ ਫਾਰਮ ਤੇ ਫਿਲਮਾਇਆ ਹੈ।

ਗਾਇਕ ਸ. ਅਨੂਪ ਸਿੰਘ ਚੀਮਾ ਦਾ ਕਹਿਣਾ ਹੈ ਕਿ ਮੈਂ ਯੂ. ਕੇ. ਵਾਲੇ ਮਸਤਾਨ ਹੀਰਾ ਜੀ ਦਾ ਵਿਸ਼ੇਸ਼ ਧੰਨ-ਵਾਦ ਕਰਦਾ ਹਾਂ ਤੇ ਇਸਦੇ ਨਾਲ ਚੜ੍ਹਦਾ ਪੰਜਾਬ ਰੋਜ਼ਵਿਲ ਵਾਲੇ ਸਾਰੇ ਭਰਾਵਾਂ ਅਤੇ ਸ. ਗੁਰਬਖਸ਼ ਸਿੰਘ ਬਾਘਾ ਦਾ, ਜਿਹਨਾਂ ਇਸ ਗੀਤ ਨੂੰ ਫਿਲਮਾਉਣ 'ਚ ਸਹਿਯੋਗ ਕੀਤਾ।
































ਗਾਇਕ ਅਨੂਪ ਸਿੰਘ ਚੀਮਾ ਦੀਆਂ ਵੱਖ ਵੱਖ ਸ਼ਖਸੀਅਤਾਂ ਅਤੇ ਗਾਇਕੀ ਦੇ ਵੱਖ ਵੱਖ ਅੰਦਾਜ਼ ਵਿਚ ਕੁਝ ਤਸਵੀਰਾਂ।

# ਕਿੰਗਸ ਸਪੋਰਟਸ ਕਲਚਰ ਕਲੱਬ ਆਫ ਸੈਕਰਾਮੈਂਟੋ ਵੱਲੋਂ ਧੰਨਵਾਦ ਪਾਰਟੀ









ਕਿੰਗਸ ਸਪੋਰਟਸ ਕਲਚਰ ਕਲੱਬ ਆਫ ਸੈਕਰਾਮੈਂਟੋ ਵੱਲੋਂ ਛੇਵਾਂ ਸਲਾਨਾ ਵਰਲਡ ਕਬੱਡੀ ਕੱਪ ਬੜੇ ਹੀ ਵਧੀਆ ਤਰੀਕੇ ਨਾਲ ਕਰਵਾਇਆ ਗਿਆ, ਜਿਸ ਵਿੱਚ ਸਪੋਂਸਰਸ , ਪ੍ਰੋਮੋਟਰਸ, ਵੋਲੰਟੀਅਰਸ ਅਤੇ ਮੀਡੀਆ ਨੇ ਆਪਣਾ ਯੋਗਦਾਨ ਪਾਇਆ ਤੇ ਇਸੇ ਯੋਗਦਾਨ ਲਈ ਇਹਨਾਂ ਦਾ ਧੰਨਵਾਦ ਕਰਨ ਦੇ ਮਕਸਦ ਨਾਲ ਮੀਰਾਜ ਬੈਂਕਿਉਟਸ ਹਾਲ ਸੈਕਰਾਮੈਂਟੋ ਵਿਖੇ ਇੱਕ ਪਾਰਟੀ ਦਾ ਆਯੋਜਨ ਕੀਤਾ ਗਿਆ ਜਿਸ ਦੇ ਜਰੀਏ ਉਹਨਾਂ ਦਾ ਧੰਨਵਾਦ ਕਰਨ ਲਈ ਉਹਨਾਂ ਨੂੰ ਯਾਦਗਾਰੀ ਚਿੰਨ ਦੇ ਕੇ ਉਹਨਾਂ ਦਾ ਮਾਣ ਸਨਮਾਨ ਕੀਤਾ ਗਿਆ। ਸੀਤਲ ਸਿੰਘ ਨਿੱਜਰ ਨੇ ਸਟੇਜ ਸੰਚਾਲਨ ਬਾਖੂਬੀ ਕੀਤਾ ਤੇ ਉਹਨਾਂ ਨੇ ਸਪੋਰਟਸ ਕਲੱਬ ਵੱਲੋਂ ਦਿੱਤੇ ਸੱਦੇ ਤੇ ਆਏ ਸਾਰੇ ਮਹਿਮਾਨਾਂ ਦਾ ਸਾਰੇ ਕਲੱਬ ਦੇ ਮੈਂਬਰਾਂ ਵੱਲੋਂ ਧੰਨਵਾਦ ਕੀਤਾ ਅਤੇ ਆਉਣ ਵਾਲੇ ਸਮੇਂ ਵਿੱਚ ਕਲੱਬ ਵੱਲੋਂ ਕਰਵਾਉਣ ਜਾ ਰਹੇ ਪ੍ਰੋਗਰਾਮਾਂ ਦੇ ਵਿੱਚ ਵੀ ਸਹਿਯੋਗ ਦੇਣ ਲਈ ਅਪੀਲ ਕੀਤੀ।


ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ
We will make your trucking business paperless and Free of DOT hassels.
Steer your business, from hiring to management all from a computer

ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ
ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ
ASK FOR LOAD MANAGEMENT: Easy dispatch by Phone App, Quick POD, Auto Billing, Payroll etc.
DRIVER HIRING: ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ
INSPECTION RECORD: ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ
DRIVING REVIEW: ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ
ACCIDENT REPORTS: ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ
TRUCK MAINTENANCE: ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ
eLog Book Integration COMING SOON
ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ
WE HANDLE DOT AUDITS
Tel: 800.936.4011 • 209.636.0880
GLOBAL SOLUTION FOR TRANSPORTATION (A PAPERLESS SOLUTION FOR TRUCKING)
RAJINDER SINGH
LAKHVIR SINGH
email: info@etruckingsolution.com • www.etruckingsolution.com



L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991


New folding bed verities

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
Loose Fabrics, Groceries, Blankets, Vegetables
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Red Label Tea 900 Gm $ 3.99

Bio Bidet Elite 2 $ 39.99+ Tax

ਪੱਗਾਂ ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

Baksho Kaur Bisla Hardev Singh Bisla
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।

ਸੂਟ ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
ਲਾਈਨਿੰਗ ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
530-671-0439, Fax 530-822-0439 Cell- 530-844-3250
Buy 5 get 1 free

# ਪਹਿਲਾਂ ਏਕੇ ਨੂੰ ਤਰਜੀਹ ...

**ਪਾਰਲੀਮੈਂਟ ਦੇ ਮੈਂਬਰ ਨੂੰ ਉਸ ਦੇ ਅਧਿਕਾਰ ਦੀ ਵਰਤੋਂ ਨਾ ਕਰਨ ਦੇਣਾ ਉਨ੍ਹਾਂ ਲੱਖਾਂ ਲੋਕਾਂ ਦੀ ਤੌਹੀਨ ਹੁੰਦੀ ਹੈ, ਜਿਨ੍ਹਾਂ ਨੇ ਉਸ ਨੂੰ ਵੋਟ ਦਿੱਤੀ ਹੋਵੇ। ਭਾਵੇਂ ਇਹ ਸਿਆਸੀ ਪਾਰਟੀ ਦਾ ਅੰਦਰੂਨੀ ਮਾਮਲਾ ਹੀ ਹੋਵੇ, ਫੇਰ ਵੀ ਇਸ ਨਾਲ ਲੋਕਤੰਤਰੀ ਭਾਵਨਾ ਕਾਇਮ ਨਾ ਰਹਿਣ ਨਾਲ ਲੋਕਾਂ ਦੀਆਂ ਭਾਵਨਾਵਾਂ ਦੀ ਵੀ ਹੱਤਿਆ ਹੁੰਦੀ ਹੈ ਅਤੇ ਲੋਕਤੰਤਰ ਦੀ ਵੀ। ਸਿਆਸੀ ਪਾਰਟੀਆਂ ਵਾਲੇ ਅਜਿਹਾ ਰੁਝਾਨ ਜਾਰੀ ਰੱਖ ਕੇ ਕੀ ਸਾਬਤ ਕਰਨਾ ਚਾਹੁੰਦੇ ਹਨ, ਇਹ ਕੁਝ ਸਮਝ ਨਹੀਂ ਆਉਂਦਾ। ਉਹ ਮੈਂਬਰਾਂ ਦੀ ਚੋਣ ਦਾ ਅਮਲ ਪੂਰਾ ਹੋਣ ਤੱਕ ਉਡੀਕ ਕਿਉਂ ਨਹੀਂ ਕਰਦੇ? ਚੋਣ, ਕਾਇਦੇ ਨਾਲ ਹੀ ਹੋਵੇ ਤਾਂ ਚੰਗਾ।**

ਅੰਗ-ਸੰਗ



ਸ਼ਾਮ ਸਿੰਘ
98141-13338

ਭਾਰਤੀ ਲੋਕਤੰਤਰ ਦਾ ਬਾਕਾਇਦਾ ਇਹ ਕਾਇਦਾ ਹੈ ਕਿ ਕਦਮ-ਕਦਮ 'ਤੇ ਚੋਣ, ਜਿਸ ਦਾ ਆਧਾਰ ਵੋਟਾਂ ਦਾ ਸਹੀ ਇਸਤੇਮਾਲ ਹੋਵੇ। ਅਜਿਹਾ ਕੀਤੇ ਜਾਣ ਨਾਲ ਹੀ ਲੋਕਤੰਤਰ ਦੀ ਪੂਰੀ ਪ੍ਰਕਿਰਿਆ ਵੀ ਹੁੰਦੀ ਹੈ ਅਤੇ ਪਾਲਣਾ ਵੀ। ਵੋਟਾਂ ਅਤੇ ਚੁਣੇ ਜਾਣ ਲਈ ਵੀ ਨਿਯਮ ਹਨ, ਜਿਨ੍ਹਾਂ ਦੀ ਪਾਲਣਾ ਕੀਤੇ ਬਿਨਾਂ ਨਹੀਂ ਸਰਦਾ। ਮਿਸਾਲ ਵਜੋਂ ਕਿਸੇ ਵੀ ਰਾਜ ਦੀ ਵਿਧਾਨ ਸਭਾ ਦੇ ਚੁਣੇ ਜਾਣ ਤੋਂ ਬਾਅਦ ਉਸ ਵਿੱਚ ਆਈ ਬਹੁਮੱਤ ਵਾਲੀ ਪਾਰਟੀ ਦੇ ਮੈਂਬਰਾਂ ਨੂੰ ਹੀ ਇਹ ਅਧਿਕਾਰ ਹੁੰਦਾ ਹੈ ਕਿ ਉਹ ਆਪਣਾ ਨੇਤਾ ਚੁਣਨ, ਜੋ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠੇ। ਵੋਟਾਂ ਪੈਣ ਤੋਂ ਪਹਿਲਾਂ, ਚੋਣ ਦਾ ਅਮਲ ਪੂਰਾ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਦਾ ਐਲਾਨ ਠੀਕ ਨਹੀਂ।

ਕੇਂਦਰ ਸਰਕਾਰ ਦੇ ਨੇਤਾ ਦਾ ਐਲਾਨ ਵੀ ਚੋਣ ਦਾ ਅਮਲ ਪੂਰਾ ਹੋਣ ਤੋਂ ਪਹਿਲਾਂ ਕਰਨਾ ਯੋਗ ਨਹੀਂ। ਜਿਹੜੀਆਂ ਪਾਰਟੀਆਂ ਅਜਿਹਾ ਕਰਨ ਦਾ ਜਤਨ ਕਰਦੀਆਂ ਹਨ, ਉਹ ਪਾਰਲੀਮੈਂਟ ਵਾਸਤੇ ਚੁਣੇ ਗਏ ਮੈਂਬਰਾਂ ਦੇ ਉਚੇ-ਸੁੱਚੇ ਅਧਿਕਾਰ ਦੀ ਪਰਵਾਹ ਨਹੀਂ ਕਰਦੀਆਂ। ਅਜਿਹੇ ਵਰਤਾਰੇ ਵਿੱਚ ਪਾਰਲੀਮੈਂਟ ਦੇ ਮੈਂਬਰ ਰਬੜ ਦੀ ਮੋਹਰ ਬਣ ਕੇ ਹੀ ਰਹਿ ਜਾਂਦੇ ਹਨ, ਜਿਨ੍ਹਾਂ ਨੂੰ ਆਪਣੀ ਮਰਜ਼ੀ ਮੁਤਾਬਕ ਭੂਮਿਕਾ ਅਦਾ ਨਹੀਂ ਕਰਨ ਦਿੱਤੀ ਜਾਂਦੀ।

ਪਾਰਲੀਮੈਂਟ ਦੇ ਮੈਂਬਰ ਨੂੰ ਉਸ ਦੇ ਅਧਿਕਾਰ ਦੀ ਵਰਤੋਂ ਨਾ ਕਰਨ ਦੇਣਾ ਉਨ੍ਹਾਂ ਲੱਖਾਂ ਲੋਕਾਂ ਦੀ ਤੌਹੀਨ ਹੁੰਦੀ ਹੈ, ਜਿਨ੍ਹਾਂ ਨੇ ਉਸ ਨੂੰ ਵੋਟ ਦਿੱਤੀ ਹੋਵੇ। ਭਾਵੇਂ ਇਹ ਸਿਆਸੀ ਪਾਰਟੀ ਦਾ ਅੰਦਰੂਨੀ ਮਾਮਲਾ ਹੀ ਹੋਵੇ, ਫੇਰ ਵੀ ਇਸ ਨਾਲ ਲੋਕਤੰਤਰੀ ਭਾਵਨਾ ਕਾਇਮ ਨਾ ਰਹਿਣ ਨਾਲ ਲੋਕਾਂ ਦੀਆਂ ਭਾਵਨਾਵਾਂ ਦੀ ਵੀ ਹੱਤਿਆ ਹੁੰਦੀ ਹੈ ਅਤੇ ਲੋਕਤੰਤਰ ਦੀ ਵੀ। ਸਿਆਸੀ ਪਾਰਟੀਆਂ ਵਾਲੇ ਅਜਿਹਾ ਰੁਝਾਨ ਜਾਰੀ ਰੱਖ ਕੇ ਕੀ ਸਾਬਤ ਕਰਨਾ ਚਾਹੁੰਦੇ ਹਨ, ਇਹ ਕੁਝ ਸਮਝ ਨਹੀਂ ਆਉਂਦਾ। ਉਹ ਮੈਂਬਰਾਂ ਦੀ ਚੋਣ ਦਾ ਅਮਲ ਪੂਰਾ ਹੋਣ ਤੱਕ ਉਡੀਕ ਕਿਉਂ ਨਹੀਂ ਕਰਦੇ? ਚੋਣ, ਕਾਇਦੇ ਨਾਲ ਹੀ ਹੋਵੇ ਤਾਂ ਚੰਗਾ।

ਜਿਸ ਸਿਆਸੀ ਪਾਰਟੀ ਨੇ ਇਕੱਲਿਆਂ ਚੋਣ ਲੜਨੀ ਹੋਵੇ, ਉਸ ਵਾਸਤੇ ਬਹੁਤੀ ਸਮੱਸਿਆ ਨਹੀਂ ਹੁੰਦੀ, ਕਿਉਂਕਿ ਉਹ ਇੱਕਜੁੱਟ ਹੁੰਦੀ ਹੋਈ ਖਿੱਲਰਨ ਦੇ ਡਰ ਵਿੱਚ ਨਹੀਂ ਹੁੰਦੀ। ਉਹ ਜੋ ਵੀ ਚਾਹੇ, ਕਰ ਸਕਦੀ ਹੈ ਅਤੇ ਕਰਦੀ ਵੀ ਰਹਿੰਦੀ ਹੈ, ਤਾਂ ਜੁ ਪੈਂਤੜੇ ਅਪਣਾ ਕੇ ਜਿੱਤ ਪ੍ਰਾਪਤ ਕਰ ਸਕੇ। ਫੇਰ ਵੀ ਅਜਿਹੀ ਪਾਰਟੀ ਨੂੰ ਲੋਕਤੰਤਰ ਦੇ ਨੇਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਲੋਕਾਂ ਵੱਲ ਪਿੱਠ ਕਰਨ ਬਾਰੇ ਸੋਚਣਾ ਵੀ ਨਹੀਂ ਚਾਹੀਦਾ।

ਦੂਜੇ ਪਾਸੇ ਜਿਨ੍ਹਾਂ ਕਈ ਸਿਆਸੀ ਪਾਰਟੀਆਂ ਨੇ ਏਕਾ ਕਰਨਾ ਹੋਵੇ ਜਾਂ ਗੱਠਜੋੜ ਬਣਾਉਣਾ ਹੋਵੇ, ਉਨ੍ਹਾਂ ਦੇ ਨੇਤਾਵਾਂ ਵਿੱਚ ਕਿਸੇ ਇੱਕ ਨੇਤਾ ਦੀ ਅਗਵਾਈ ਨੂੰ ਕਬੂਲ ਕੇ ਚੱਲਣਾ ਆਸਾਨ ਨਹਂ ਹੁੰਦਾ। ਇਸੇ ਕਾਰਨ ਮੱਤਭੇਦ ਬਣਦੇ-ਵਧਦੇ ਰਹਿੰਦੇ ਹਨ, ਜਿਹੜੇ ਅਕਸਰ ਖ਼ਤਮ ਹੋਣ ਦਾ ਨਾਂਅ ਨਹੀਂ ਲੈਂਦੇ। ਇਹੀ ਕਾਰਨ ਹੈ ਕਿ ਉਹ ਕਿਸੇ ਇੱਕ ਸਿਆਸੀ ਪਾਰਟੀ ਦੇ ਨੇਤਾ ਦੀ ਰਹਿਨੁਮਾਈ ਵਿੱਚ ਚੋਣਾਂ ਲੜਨ ਤੋਂ ਇਨਕਾਰੀ ਹੁੰਦੇ ਹਨ, ਜਿਸ ਕਾਰਨ ਉਨ੍ਹਾਂ ਵਿੱਚ ਖਿੱਚੋਤਾਣ ਅਤੇ ਮੱਤਭੇਦ ਖ਼ਤਮ ਨਹੀਂ ਹੁੰਦੇ।

ਭਾਰਤ ਦੇ ਮੌਜੂਦਾ ਸਿਆਸੀ ਦ੍ਰਿਸ਼ ਦੀ ਗੱਲ ਕੀਤੀ ਜਾਵੇ ਤਾਂ ਮੁੱਖ ਤੌਰ 'ਤੇ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਮੋਹਰੀ ਸਿਆਸੀ ਪਾਰਟੀਆਂ ਹਨ, ਜੋ ਆਪੋ-ਆਪਣੀਆਂ ਸਮੱਰਥਕ ਪਾਰਟੀਆਂ ਨਾਲ ਏਕਾ ਕਰਨ ਵਿੱਚ ਜੁੱਟੀਆਂ ਹੋਈਆਂ ਹਨ, ਜਿਨ੍ਹਾਂ ਨੂੰ ਕਿੱਥੋਂ ਕੁ ਤੱਕ ਸਫ਼ਲਤਾ ਮਿਲਦੀ ਹੈ, ਇਸ ਬਾਰੇ ਕੋਈ ਵੀ ਟਿੱਪਣੀ ਕਰਨੀ ਕੱਚੀ-ਪਿੱਲੀ ਹੀ ਹੋਵੇਗੀ, ਨਿਰਣਾਇਕ ਨਹੀਂ ਹੋ ਸਕਦੀ। ਅਜੇ ਦੇਖਣਾ ਪਵੇਗਾ ਕਿ ਵਰਤਾਰਾ ਕਿਸ ਤਰ੍ਹਾਂ ਦਾ ਹੋਵੇਗਾ।

ਭਾਰਤੀ ਜਨਤਾ ਪਾਰਟੀ ਦੇ ਆਪਣੇ ਗੜ੍ਹ ਹਨ, ਜਿੱਥੇ ਇਸ ਦੇ ਸਮੱਰਥਕਾਂ ਦਾ ਵੋਟ ਬੈਂਕ ਹੈ, ਜਿਸ ਨੂੰ ਤੋੜਨਾ-ਮਰੋੜਨਾ ਆਸਾਨ ਕੰਮ ਨਹੀਂ। ਉਹ ਚੰਗੇ-ਮਾੜੇ ਸਮਿਆਂ ਵਿੱਚ ਇਸੇ ਪਾਰਟੀ ਦੇ ਕੰਮ ਆਉਂਦਾ ਰਿਹਾ ਹੈ, ਕਿਉਂਕਿ ਪਾਰਟੀ ਅਤੇ ਵੋਟਰਾਂ ਦੀਆਂ ਜੜ੍ਹਾਂ ਇੱਕੋ ਜਗ੍ਹਾ ਹਨ, ਜੋ ਵੱਖ ਨਹੀਂ ਹੋ ਸਕਦੀਆਂ। ਕਈ ਥਾਂ ਪੁਰਾਣੀਆਂ ਪਾਰਟੀਆਂ ਇਸ ਦਾ ਸਾਥ ਛੱਡ ਚੁੱਕੀਆਂ ਹਨ ਅਤੇ ਨਵੀਆਂ ਦੇ ਰਲੇਵੇਂ ਬਾਰੇ ਅਜੇ ਕੋਈ ਵੀ ਅੰਦਾਜ਼ਾ ਨਹੀਂ। ਫੇਰ ਵੀ ਰਾਜ-ਸੱਤਾ ਵਿੱਚ ਹੋਣ ਕਾਰਨ ਇਸ ਨੇ ਆਪਣਾ ਆਧਾਰ ਕਾਇਮ ਵੀ ਰੱਖਿਆ ਹੋਇਆ ਹੈ ਅਤੇ ਇਸ ਵਿੱਚ ਵਾਧਾ ਕਰਨ ਤੋਂ ਵੀ ਅਵੇਸਲੀ ਨਹੀਂ।

ਭਾਜਪਾ ਵੱਲੋਂ ਦਿੱਤਾ ਗਿਆ ਨਾਹਰਾ 'ਕਾਂਗਰਸ ਮੁਕਤ ਭਾਰਤ' ਭਾਰਤੀਆਂ ਨੇ ਕਬੂਲਿਆ ਨਹੀਂ। ਅਜਿਹੀ ਮੁਕਤੀ ਦਾ ਨਾਹਰਾ ਸਿਆਸੀ ਪਾਰਟੀਆਂ ਇੱਕ-ਦੂਜੀ ਬਾਰੇ ਦਿੰਦੀਆਂ ਰਹਿੰਦੀਆਂ ਹਨ, ਜੋ ਉਨ੍ਹਾਂ ਦੀ ਸਿਆਸੀ ਮਜਬੂਰੀ ਵੀ ਹੁੰਦੀ ਹੈ ਅਤੇ ਜੁਮਲੇਬਾਜ਼ੀ ਵੀ, ਪਰ ਇਹ ਕੋਈ ਸਦਾਚਾਰਕ ਨਾ ਹੋਣ ਕਾਰਨ ਜਨਤਾ ਨੂੰ ਮਨਜ਼ੂਰ ਨਹੀਂ ਹੁੰਦਾ। ਨਾਹਰਾ ਟੰਗਿਆ ਰਹਿ ਜਾਂਦਾ ਹੈ।

ਵੀਹ ਸੌ ਚੌਦਾਂ ਤੋਂ ਰਾਜ-ਸੱਤਾ ਦਾ ਆਨੰਦ ਭੋਗ ਰਹੀ ਸਿਆਸੀ ਪਾਰਟੀ ਭਾਜਪਾ ਕੁਰਸੀ 'ਤੇ ਤਾਂ ਬੈਠੀ ਹੈ, ਪਰ ਲੋਕ-ਦਿਲਾਂ ਵਿੱਚ ਟਿਕ ਨਹੀਂ ਸਕੀ। ਇਸ ਲਈ ਕਿ ਦੇਸ਼ ਨਾਲ ਕੀਤੇ ਵਾਅਦੇ ਪੂਰੇ ਨਹੀਂ ਕਰ ਸਕੀ। ਮੁਲਕ ਦੇ ਲੋਕਾਂ ਨੂੰ ਐਲਾਨ ਕੀਤੇ ਗਏ ਰੁਜ਼ਗਾਰ ਨਹੀਂ ਮਿਲੇ। ਕਾਲਾ ਧਨ ਬਾਹਰਲੇ ਮੁਲਕਾਂ ਨੂੰ ਹੋਰ ਚਲਾ ਗਿਆ, ਪਰ ਬਾਹਰ ਤੋਂ ਤਾਂ ਬੰਦ ਹੋਈ ਚੁਆਨੀ ਜਿੰਨਾ ਵੀ ਨਹੀਂ ਆਇਆ। ਲੋਕਾਂ ਦੇ ਬੈਂਕ ਖਾਤੇ ਤਾਂ ਖੁੱਲ੍ਹਵਾ ਦਿੱਤੇ, ਪਰ ਉਨ੍ਹਾਂ ਦੇ ਖੁੱਲ੍ਹੇ ਮੂੰਹਾਂ ਵਿੱਚ 15-15 ਲੱਖ ਰੁਪਏ ਨਹੀਂ ਆ ਸਕੇ। ਉੱਪਰੋਂ ਨੋਟਬੰਦੀ ਦੀ ਪ੍ਰਕਿਰਿਆ ਨੇ ਗ਼ਰੀਬਾਂ ਨੂੰ ਮਾਂਜ ਕੇ ਰੱਖ ਦਿੱਤਾ। ਜੀ ਐੱਸ ਟੀ ਦੇ ਜਾਲ ਵਿੱਚ ਉਲਝੇ ਵਪਾਰੀ-ਕਾਰੋਬਾਰੀ ਅਜਿਹੇ ਫਸੇ ਕਿ ਉਹ ਹੁਣ ਇਸ ਤੋਂ ਬਾਹਰ ਆ ਹੀ ਨਹੀਂ ਸਕਦੇ। ਮਹਿੰਗਾਈ ਏਨੀ ਵਧ ਗਈ, ਜਿਵੇਂ ਸਰਕਾਰ ਦਾ ਇਸ 'ਤੇ ਕੋਈ ਕਾਬੂ ਹੀ ਨਾ ਹੋਵੇ। ਪੈਟਰੋਲ ਤੋਂ 90 ਤੋਂ ਉੱਪਰ ਪਹੁੰਚ ਗਿਆ, ਜਿਹੜਾ ਕਿ ਅਤੀਤ ਵਿੱਚ ਕਦੇ ਏਨਾ ਨਹੀਂ ਹੋਇਆ। ਰੁਪਏ ਦੀ ਕੀਮਤ ਏਨੀ ਘਟ ਗਈ ਕਿ ਅਮਰੀਕਨ ਡਾਲਰ 72 ਰੁਪਏ ਤੋਂ ਵੀ ਵਧ ਗਿਆ। 500 ਤੱਕ ਰਹੀ ਰਸੋਈ ਗੈਸ ਹੁਣ 900 ਰੁਪਏ ਤੱਕ ਪਹੁੰਚ ਗਈ ਹੈ।

ਇਨ੍ਹਾਂ ਸਾਰੀਆਂ ਗੱਲਾਂ ਨੇ ਜਨਤਾ ਦੇ ਦਿਲੋ-ਦਿਮਾਗ਼ ਵਿੱਚ ਥਾਂ ਬਣਾਈ ਹੋਈ ਹੈ, ਜੋ ਵੋਟ ਦੀ ਵਰਤੋਂ ਵੇਲੇ ਲਾਜ਼ਮੀ ਯਾਦ ਆਉਂਦੀਆਂ ਹੀ ਰਹਿਣਗੀਆਂ। ਇਸ ਲਈ ਲੱਗਦਾ ਨਹੀਂ ਕਿ ਰਾਜ-ਸੱਤਾ ਭੋਗ ਰਹੀ ਭਾਜਪਾ 2019 ਦੀਆਂ ਚੋਣਾਂ ਵਿੱਚ ਜਿੱਤ ਹਾਸਲ ਕਰ ਸਕੇ। ਪਿਛਲੇ ਚਾਰ ਸਾਲਾਂ ਦੌਰਾਨ ਦੇਸ਼ ਦੀ ਜਨਤਾ ਨੇ ਦੁੱਖ ਹੀ ਝੱਲੇ ਹਨ, ਸੁੱਖ ਨਹੀਂ ਭੋਗ ਸਕੀ। ਪੂਰਾ ਸਮਾਂ ਫ਼ਿਰਕਾਪ੍ਰਸਤੀ ਦੀ ਤਲਖ ਹਵਾ ਚੱਲਦੀ ਰਹੀ, ਕਿਉਂਕਿ ਚਲਾਉਣ ਵਾਲੇ ਚਾਹੁੰਦੇ ਸਨ ਕਿ ਇਹ ਬੰਦ ਨਾ ਹੋਵੇ। ਜਾਤ-ਪਾਤ ਦੀ ਠੰਢੀ ਪਈ ਧੂਣੀ ਮੁੜ ਮਘਾ ਦਿੱਤੀ ਗਈ, ਜਿਸ ਦਾ ਧੂੰਆਂ ਪੂਰੇ ਦੇਸ਼ ਵਿੱਚ ਨਿਕਲਣ ਲੱਗਾ। ਜਿੰਨੇ ਵੀ ਰਾਜਾਂ ਵਿੱਚ ਭਾਜਪਾ ਦਾ ਰਾਜ ਹੈ, ਉੱਥੇ ਦੇ ਲੋਕ ਸਹਿਜ ਨਹੀਂ, ਜਿਸ ਕਾਰਨ ਇਹ ਗੱਲ ਕਹਿਣੀ ਕੁਥਾਂ ਨਹੀਂ ਕਿ ਉਹ ਲੋਕ ਆਪਣੇ ਬਾਰੇ ਸੋਚਦੇ ਹੋਏ ਆਪਣੀ ਸੋਚ ਦੀ ਧਾਰਾ ਵੀ ਬਦਲ ਸਕਦੇ ਹਨ ਅਤੇ ਸਿਆਸੀ ਸਫ਼ਾਂ ਵੀ । ਯੂ ਪੀ, ਮਹਾਰਾਸ਼ਟਰ, ਮੱਧ ਪ੍ਰਦੇਸ਼, ਉੱਤਰਾ ਖੰਡ, ਰਾਜਸਥਾਨ ਤੇ ਛੱਤੀਸਗੜ੍ਹ ਵਿੱਚ ਜੇ ਹਲਚਲ ਹੋ ਗਈ ਤਾਂ ਕੇਂਦਰ ਵਿੱਚ ਹਕੂਮਤ ਬਦਲ ਜਾਵੇਗੀ।

ਵੱਖ-ਵੱਖ ਸੂਬਿਆਂ ਵਿੱਚ ਭਾਜਪਾ ਆਪਣੀਆਂ ਸਾਥੀ ਪਾਰਟੀਆਂ ਨੂੰ ਨਾਲ ਜੋੜੀ ਰੱਖਣ ਵਾਸਤੇ ਤਾਣ ਲਾ ਰਹੀ ਹੈ ਅਤੇ ਲਾਉਂਦੀ ਰਹੇਗੀ, ਪਰ ਬਹੁਤੀਆਂ ਛੱਡ ਗਈਆਂ। ਮਹਾਰਾਸ਼ਟਰ ਅੰਦਰ ਸ਼ਿਵ ਸੈਨਾ ਪਰ ਤੋਲਦੀ ਰਹਿੰਦੀ ਹੈ, ਜਿਸ ਕਾਰਨ ਪੱਕੀ ਤਰ੍ਹਾਂ ਭਾਜਪਾ ਨਾਲ ਨਹੀਂ। ਯੂ ਪੀ ਅੰਦਰ ਯੋਗੀ ਸਰਕਾਰ ਚਮਤਕਾਰ ਨਹੀਂ ਦਿਖਾ ਸਕੀ। ਧਰਮ ਦਾ ਲਬਾਦਾ ਬਹੁਤ ਚਿਰ ਚੱਲ ਨਹੀਂ ਸਕਦਾ। ਅਜੇ ਤੱਕ ਮੰਦਰ ਦਾ ਸ਼ੋਰ ਹੀ ਬੰਦ ਨਹੀਂ ਹੋਇਆ। ਜਾਤ-ਪਾਤ ਨੇ ਮੱਤ ਮਾਰੀ ਹੋਈ ਹੈ ਅਤੇ ਗ਼ਰੀਬਾਂ ਦਾ ਦਮ ਘੁਟਣਾ, ਘਟਾਇਆ ਨਹੀਂ ਜਾ ਸਕਿਆ। ਗੋਆ ਵਰਗੇ ਕਈ ਛੋਟੇ ਰਾਜਾਂ ਵਿੱਚ ਹੀ ਹਾਲ ਚੰਗਾ ਨਹੀਂ। ਆ ਰਹੀਆਂ ਚੋਣਾਂ ਰੌਚਿਕ ਹੋਣਗੀਆਂ।

ਉਧਰ ਕਾਂਗਰਸ ਪੂਰੀ ਵਾਹ ਲਾ ਰਹੀ ਹੈ ਕਿ ਵੱਖ-ਵੱਖ ਵਿਰੋਧੀ ਧਿਰਾਂ ਨੂੰ ਇੱਕ ਧਾਗੇ ਵਿੱਚ ਪਰੋ ਲਿਆ ਜਾਵੇ, ਏਕੇ ਲਈ ਜ਼ੋਰ ਲਾਇਆ ਜਾਵੇ ਅਤੇ ਗੱਠਜੋੜ ਕਰ ਕੇ ਸੱਤਾ ਵਿੱਚ ਬੈਠੀ ਪਾਰਟੀ ਨੂੰ ਕੁਰਸੀ ਤੋਂ ਉਤਾਰ ਦਿੱਤਾ ਜਾਵੇ। ਯੂ ਪੀ, ਮਹਾਰਾਸ਼ਟਰ, ਰਾਜਸਥਾਨ, ਪੰਜਾਬ, ਹਰਿਆਣਾ, ਕਰਨਾਟਕ, ਕੇਰਲਾ, ਉੱਤਰਾ ਖੰਡ, ਤਾਮਿਲ ਨਾਡੂ ਅਤੇ ਬੰਗਾਲ ਵਿੱਚ ਕਾਂਗਰਸ ਦੀ ਅਗਵਾਈ ਵਾਲੀ ਧਿਰ ਜੇ ਆਪਸ ਵਿੱਚ ਏਕਾ ਕਰ ਗਈ ਤਾਂ ਚੋਣਾਂ ਦੌਰਾਨ ਫਸਵੀਆਂ ਟੱਕਰਾਂ ਵੀ ਹੋਣਗੀਆਂ ਅਤੇ ਵਿਰੋਧੀ ਧਿਰਾਂ ਕੁਰਸੀ ਮੱਲਣ ਦੇ ਵੀ ਨਜ਼ਦੀਕ ਪਹੁੰਚ ਜਾਣਗੀਆਂ।

ਇਨ੍ਹਾਂ ਸੂਬਿਆਂ ਵਿੱਚ ਗੱਠਜੋੜ ਦੇ ਜਤਨ ਜਾਰੀ ਹਨ ਅਤੇ ਇਹ ਵੀ ਮੱਤ ਕਾਇਮ ਹੋ ਰਿਹਾ ਹੈ ਕਿ ਪ੍ਰਧਾਨ ਮੰਤਰੀ ਦਾ ਚਿਹਰਾ ਨਾ ਐਲਾਨਿਆ ਜਾਵੇ। ਐਲਾਨਣਾ ਵੀ ਨਹੀਂ ਚਾਹੀਦਾ। ਇਹ ਕੰਮ ਚੁਣੇ ਗਏ ਪਾਰਲੀਮੈਂਟ ਮੈਂਬਰਾਂ 'ਤੇ ਛੱਡਣਾ ਚਾਹੀਦਾ ਹੈ, ਤਾਂ ਜੁ ਉਹ ਵੋਟਰਾਂ ਵੱਲੋਂ ਸੰਭਾਲੀ ਜ਼ਿੰਮੇਵਾਰੀ ਨਿਭਾਅ ਸਕਣ।

ਜਿਸ ਪਾਰਟੀ ਦੇ ਵੱਧ ਮੈਂਬਰ ਹੋਣ, ਉਸ ਦਾ ਪ੍ਰਧਾਨ ਮੰਤਰੀ ਬਣਾਉਣਾ ਮੰਨ ਲਿਆ ਜਾਵੇ। ਜੇ ਵਿਰੋਧੀ ਧਿਰਾਂ ਇਸ ਫਾਰਮੂਲੇ 'ਤੇ ਸਹਿਮਤ ਹੋ ਜਾਣ ਤਾਂ ਏਕਾ ਹੋਣ ਵਿੱਚ ਦੇਰ ਨਹੀਂ ਲੱਗੇਗੀ। ਇਹ ਕੁਦਰਤੀ ਨਿਆਂ ਵੀ ਹੈ ਕਿ ਜਿਸ ਪਾਰਟੀ ਕੋਲ ਬਹੁਮੱਤ ਹੋਵੇ, ਪ੍ਰਧਾਨ ਮੰਤਰੀ ਦਾ ਚਿਹਰਾ ਵੀ ਉਸੇ ਦਾ ਹੋਵੇ, ਪਰ ਚੋਣਾਂ ਹੋਣ ਤੋਂ ਮਗਰੋਂ, ਤਾਂ ਕਿ ਤਰਜੀਹ ਏਕੇ ਦੀ ਹੋਵੇ।

**ਲਤੀਫ਼ੇ ਦਾ ਚਿਹਰਾ-ਮੋਹਰਾ**

ਨੇਤਾ : ਮੁਲਕ ਬਹੁਤ ਤਰੱਕੀ ਕਰ ਗਿਆ, ਹਰ ਪਾਸੇ ਲਹਿਰਾਂ-ਬਹਿਰਾਂ ਹਨ।

ਪੇਂਡੂ : ਪਰ ਸਾਡੇ ਵਾਸਤੇ ਤਾਂ ਰੋਟੀ ਖਾਣੀ ਵੀ ਔਖੀ ਹੋਈ ਜਾ ਰਹੀ ਹੈ?

ਨੇਤਾ : ਅਰੇ ਭਾਈ, ਰੋਟੀ ਕਿਉਂ ਖਾਤੇ ਹੋ, ਡਬਲਰੋਟੀ ਖਾਇਆ ਕਰੋ।

# ਅਰਦਾਸ ਦੀ ਤਾਕਤ



ਨਵਜੋਤ ਬਜਾਜ (ਗੱਗੂ)
91-98721-02614

ਭਾਰਤ ਇੱਕ ਧਰਮ ਪ੍ਰਧਾਨ ਦੇਸ ਹੈ। ਇੱਥੇ ਜੀਵਨ ਵਿੱਚ ਧਰਮ ਅਤੇ ਸੰਸਕ੍ਰਿਤੀ ਸੰਸਕ੍ਰਿਤੀ ਦਾ ਬਹੁਤ ਪ੍ਰਭਾਵ ਹੈ। ਹਰ ਕੋਈ ਸਵੇਰੇ ਉੱਠਕੇ ਜਾਂ ਕਾਰੋਬਾਰ ਤੇ ਜਾਣ ਲੱਗੇ ਪਰਮਾਤਮਾ ਅੱਗੇ ਅਰਦਾਸ ਕਰਦਾ ਹੈ। ਅਰਦਾਸ ਮਤਲਬ ਪਰਮਾਤਮਾ ਨਾਲ ਆਪਣਾ ਸਿੱਧਾ ਸਬੰਧ ਜੋੜਨਾ ਹੈ। ਇਹ ਇੱਕ ਧਾਰਮਿਕ ਪ੍ਰਕਿਰਿਆ ਹੈ।ਕਿਸੇ ਦੇ ਭਲੇ ਲਈ ਕੀਤੀ ਅਰਦਾਸ ਜਾਂ ਪ੍ਰਾਥਨਾ ਬਹੁਤ ਛੇਤੀ ਪੂਰੀ ਹੁੰਦੀ ਹੈ, ਅਜਿਹਾ ਕਰਨ ਨਾਲ ਅਕਾਲ ਪੁਰਖ ਨਿਰੰਕਾਰ ਪਰਮਾਤਮਾ ਵੀ ਖੁਸ਼ ਹੁੰਦਾ ਹੈ ਕਿ ਇਹ ਮੇਰੇ ਸਾਜੇ ਹੋਏ ਸੰਸਾਰ ਦਾ ਭਲਾ ਮੰਗ ਰਹੇ ਹਨ। ਅਰਦਾਸ ਕਰਨ ਲਈ ਮਨ ਤੇ ਹਿਰਦਾ ਪਵਿੱਤਰ ਹੋਣਾ ਬੇਹੱਦ ਜਰੂਰੀ ਹੈ।ਲੋਭ, ਲਾਲਚ ਤੇ ਹੰਕਾਰੀ ਵਿਅਕਤੀ ਦੀ ਅਰਦਾਸ ਕਦੇ ਵੀ ਕਬੂਲ ਨਹੀ ਹੁੰਦੀ। ਸਿਰਫ ਸੱਚੇ ਮਨ ਨਾਲ ਹੀ ਪਰਮਾਤਮਾ ਰੀਝਦਾ ਹੈ ਤੇ ਆਪਣੇ ਭਗਤ ਦੀ ਮਨੋਕਾਮਨਾ ਵੀ ਪੂਰੀ ਕਰਦਾ ਹਾਂ।

ਪ੍ਰਸਿੱਧ ਲੇਖਕ ਨਾਰਮਨਵਿਸੈਂਟ ਕਹਿੰਦੇ ਹਨ "ਭਗਵਾਨ ਅੱਗੇ ਕੀਤੀ ਅਰਦਾਸ ਨੂੰ ਕਾਰਜਸੀਲ ਕਰਨ ਦਾ ਇੱਕ ਤਰੀਕਾ ਹੈ। ਲਗਾਤਾਰ ਪ੍ਰਾਰਥਨਾ ਕਰਦੇ ਰਹਿਣਾ।ਇਸ ਬਾਰੇ ਪੜ੍ਹਨ, ਚਰਚਾ ਕਰਨ ਤੇ ਇਸ ਦੀ ਸੋਭਾ ਸੁਣਨ ਨਾਲ ਉਦੋਂ ਤੱਕ ਬਹੁਤ ਘੱਟ ਨਤੀਜੇ ਹਾਸਿਲ ਹੁੰਦੇ ਹਨ, ਜਦੋ ਤੱਕ ਤੁਸੀ ਖੁੱਦ ਸੱਚ ਮੁੱਚ ਪ੍ਰਾਰਥਨਾਂ ਨਹੀ ਕਰਦੇ"।

ਇੱਕ ਵਾਰ ਫਟੇ ਪੁਰਾਣੇ ਕੱਪੜੇ ਪਹਿਨੀ ਇੱਕ ਔਰਤ ਪੰਸਾਰੀ ਦੀ ਦੁਕਾਨ ਤੇ ਗਈ ਤੇ ਬਹੁਤ ਨਿਮਰਤਾ ਨਾਲ ਕਿਹਾ ਕਿ ਉਸ ਦਾ ਪਤੀ ਬਹੁਤ ਬੀਮਾਰ ਹੈ ਅਤੇ ਉਹ ਕੋਈ ਕੰਮ ਧੰਦਾ ਨਹੀ ਕਰ ਸਕਦਾ। ਉਹਨਾਂ ਦੇ ਸੱਤ ਬੱਚੇ ਹਨ ਜਿੰਨਾਂ ਦਾ ਪਾਲਣ-ਪੋਸ਼ਣ ਕਰਨ ਲਈ ਉਸ ਨੂੰ ਕੁਝ ਉਧਾਰ ਸਮਾਨ ਦੀ ਲੋੜ ਸੀ ਪਰ ਪੰਸਾਰੀ ਨੇ ਉਸ ਦਾ ਮਜਾਕ ਉਡਾਇਆ ਅਤੇ ਉਸ ਨੂੰ ਦੁਕਾਨ "ਚੋਂ ਨਿੱਕਲ ਜਾਣ ਲਈ ਕਿਹਾ।ਔਰਤ ਫਿਰ ਉਸ ਦੇ ਹਾੜੇ ਕੱਢਣ ਲੱਗੀ "ਲਾਲਾ ਜੀ ਕ੍ਰਿਪਾ ਕਰੋ, ਜਿੰਨੀ ਛੇਤੀ ਹੋ ਸਕਿਆ, ਮੈ ਤੁਹਾਨੂੰ ਪੈਸੇ ਦੇ ਜਾਵਾਂਗੀ।"

ਪੰਸਾਰੀ ਨੇ ਉਸ ਨੂੰ ਕਿਹਾ ਕਿ ਉਹ ਕਿਸੇ ਵੀ ਸਰਤ ਤੇ ਸੌਦਾ ਉਧਾਰ ਨਹੀ ਦੇਵੇਗਾ ਕਿਉਕਿ ਉਸ ਦਾ ਪਹਿਲਾ ਕੋਈ ਖਾਤਾ ਨਹੀ ਚਲਦਾ। ਉਹ ਔਰਤ ਰੋਣ ਲੱਗੀ ਤੇ ਉੱਥੇ ਲੋਕਾਂ ਦੀ ਭੀੜ ਜਮਾਂ ਹੋ ਗਈ।ਨਾ ਚਾਹੁੰਦੇ ਹੋਈ ਵੀ ਪੰਸਾਰੀ ਨੇ ਪੁੱਛਿਆ "ਜਿਹੜਾ ਸੌਦਾ ਤੂੰ ਲੈਣਾ ਚਾਹੁੰਦੀ ਹੈ, ਕੀ ਤੇਰੇ ਕੋਲ ਉਸ ਦੀ ਸੂਚੀ ਹੈ ?" ਫਟੇ ਹਾਲ ਔਰਤ ਨੇ ਜਵਾਬ ਦਿੱਤਾ "ਹਾਂ ਹੈ।"

ਪੰਸਾਰੀ ਨੇ ਨੱਕ ਚੜਾਉਦਿਆਂ ਕਿਹਾ "ਠੀਕ ਹੈ, ਲਿਆ ਇਹ ਸੂਚੀ ਤੱਕੜੀ 'ਚ ਰੱਖ, ਮੈ ਤੈਨੂੰ ਇਸ ਦੇ ਭਾਰ ਦੇ ਬਰਾਬਰ ਸੌਦਾ ਦੇ ਦਿਆਂਗਾ। ਇੱਕ ਪਲ ਲਈ ਤਾਂ ਉਹ ਔਰਤ ਹੈਰਾਨ ਹੋ ਗਈ ਪਰ ਫਿਰ ਓਸ ਨੇ ਸਿਰ ਝੁਕਾਇਆ ਤੇ ਕਾਗਜ ਦਾ ਟੁਕੜਾ ਤੱਕੜੀ ਦੇ ਇੱਕ ਪੱਲੜੇ 'ਚ ਰੱਖ ਦਿੱਤਾ। ਫਿਰ ਉੱਥੇ ਇਕੱਠੀ ਹੋਈ ਭੀੜ ਤੇ ਖੁੱਦ ਪੰਸਾਰੀ ਨੇ ਆਪਣੀਆਂ ਅੱਖਾਂ ਨਾਲ ਚਮਤਕਾਰ ਹੁੰਦਾ ਦੇਖਿਆ।ਪੰਸਾਰੀ ਤੱਕੜੀ ਦੇ ਦੂਜੇ ਪੱਲੜੇ 'ਚ ਸਮਾਨ ਰੱਖਦਾ ਗਿਆ ਪਰ ਪਰਚੀ ਵਾਲਾ ਪੱਲੜਾ ਫਿਰ ਵੀ ਭਾਰੀ ਸੀ।ਪੰਸਾਰੀ ਨੇ ਬਹੁਤ ਹੈਰਾਨੀ ਨਾਲ ਤੱਕੜੀ ਵੱਲ ਦੇਖਿਆ ਤੇ ਨਾ ਚਾਹੁੰਦੇ ਹੋਏ ਵੀ ਬੋਲਿਆ "ਮੈਨੂੰ ਤਾ ਯਕੀਨ ਨਹੀ ਹੋ ਰਿਹਾ।"

ਉਸ ਨੇ ਹੌਲੀ ਹੋਲੀ ਹੋਰ ਕਈ ਚੀਜਾਂ ਤੱਕੜੀ 'ਚ ਰੱਖਣੀਆ ਸੁਰੂ ਕਰ ਦਿੱਤੀਆਂ ਪਰ ਇਸ ਦੇ ਬਾਵਜੂਦ ਖਰਚੀ ਵਾਲਾ ਪੱਲੜਾ ਹੇਠਾ ਝੁਕਿਆ ਹੋਇਆ ਸੀ। ਉਹ ਉਦੋ ਤੱਕ ਤੱਕੜੀ ਦੇ ਪੱਲੜੇ ਤੇ ਸਮਾਨ ਰੱਖਦਾਗਿਆ, ਜਦੋ ਤੱਕ ਉਸ 'ਚ ਸਮਾਨ ਰੱਖਣ ਦੀ ਗੁੰਜਾਇਸ ਸੀ। ਆਖਿਰ ਉਸ ਨੇ ਉਹ ਕਾਗਜ ਦਾ ਟੂਕੜਾ ਚੁੱਕਿਆ ਤੇ ਹੈਰਾਨੀ ਨਾਲ ਦੇਖਣ ਲੱਗਾ। ਉਸ ਉੱਤੇ ਕਿਸੇ ਵੀ ਚੀਜ ਦਾ ਨਾ ਨਹੀ ਲਿਖਿਆ ਸੀ, ਸਿਰਫ ਇਹ ਲਿਖਿਆ ਸੀ "ਪਿਆਰੇ ਪ੍ਰਭੂ ਤੁਸੀ ਮੇਰੀ ਹਰ ਲੋੜ ਬਾਰੇ ਜਾਣਦੇ ਹੋ ਤਾਂ ਮੈ ਸਭ ਕੁਝ ਤੁਹਾਡੇ ਤੇ ਛੱਡਦੀ ਹਾਂ।

ਇਸ ਨੂੰ ਕਹਿੰਦੇ ਹਨ ਅਰਦਾਸ ਦੀ ਤਾਕਤ ।ਮੇਰਾ ਮੰਨਣਾ ਹੈ ਕਿ ਜਦੋ ਅਸੀ ਸੱਚੇ ਦਿਲੋ ਪ੍ਰਮਾਤਮਾ ਨਾਲ ਸੰਵਾਦ ਰਚਾਉਦੇ ਹਾਂ ਤਾਂ ਸਾਡੀ ਅਰਦਾਸ ਸਫਲ ਹੁੰਦੀ ਹੈ।ਜਦੋ ਅਸੀ ਪ੍ਰਮਾਤਮਾ ਤੇ ਭਰੋਸਾ ਕਰਦੇ ਹਾ ਤਾਂ ਸਾਡੀ ਅਰਦਾਸ ਵਿੱਚ ਅਜਿਹੀ ਤਾਕਤ ਆ ਜਾਦੀ ਹੈ ਕਿ ਉਹ ਪ੍ਰਮਾਤਮਾ ਨੂੰ ਸੁਣਨੀ ਪੈਦੀ ਹੈ। ਸਾਡੀਆ ਮਨੋਕਾਮਨਾਵਾ ਪੂਰੀਆਂ ਹੋ ਜਾਦੀਆ ਹਨ।

ਅਰਦਾਸ/ਪ੍ਰਾਥਨਾ ਦਾ ਅਧਿਕਾਰ ਹਰ ਇੱਕ ਵਿਅਕਤੀ ਨੂੰ ਹੈ।ਇਸ ਵਿੱਚ ਉਚ-ਨੀਚ-ਜਾਤ-ਪਾਤ, ਅਮੀਰੀ-ਗਰੀਬੀ, ਤੇ ਛੋਟੇ-ਵੱਡੇ ਦਾ ਕੋਈ ਬੰਧਨ ਨਹੀ ਹੁੰਦਾ ਹੈ।ਅਰਦਾਸ ਦੀ ਤਾਕਤ ਹਾਸਿਲ ਕਰਨ ਲਈ ਕੋਈ ਪੈਸਾ ਵੀ ਖਰਚ ਨਹੀ ਕਰਨਾ ਪੈਦਾ।

ਲੇਖਕ ਨਾਰਮਨਵਿਸੈਂਟ ਦੀ ਬੁੱਕ ਚੋ ਇਹ ਕਹਾਣੀ ਪੜ ਕੇ ਮੈ ਇਹ ਮਹਿਸੂਸ ਕਰ ਰਿਹਾ ਸੀ ਕਿ ਦੁਨੀਆ ਦੇ ਵੱਖ-ਵੱਖ ਧਰਮਾਂ ਦੇ ਲੋਕਾਂ ਦਰਮਿਆਨ ਪੈਦਾ ਹੋਇਆ, ਗੁੱਸਾ ਤੇ ਖੂਨ-ਖਰਾਬਾ ਜੜੋ ਮਿਟਾਇਆ ਜਾ ਸਕਦਾ ਹੈ। ਇੱਕ ਦੂਜੇ ਨਾਲ ਬਹਿਸ ਕਰਨ ਦੀ ਬਜਾਏ ਕਿਉ ਨਾ ਅਸੀ ਰਲ-ਮਿਲ ਕੇ ਪ੍ਰਾਥਨਾ ਕਰੀਏ। ਮੇਰੀ ਇਹ ਗੱਲ ਤਾਂ ਬੇਵਕੂਫੀ ਵਾਲੀ ਲੱਗ ਸਕਦੀ ਹੈ ਪਰ ਇਸ ਨੂੰ ਅਜਮਾ ਕੇ ਦੇਖੋ।ਇਹ ਜਰੂਰ ਹੀ ਕਾਰਗਰ ਸਿਧ ਹੋਵੇਗੀ।

# ਨਿਊਜ਼ੀਲੈਂਡ ਪਾਸਪੋਰਟ ਵਿਸ਼ਵ ਦਰਜਾਬੰਦੀ ਵਿਚ 8ਵੇਂ ਨੰਬਰ 'ਤੇ ਆਇਆ-ਜਾਪਾਨ ਪਹਿਲੇ ਅਤੇ ਸਿੰਗਾਪੁਰ ਦੂਜੇ ਨੰਬਰ 'ਤੇ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)** -ਵੱਖ-ਵੱਖ ਦੇਸ਼ਾਂ ਦੇ ਨਾਗਰਿਕਾਂ ਦੀ ਵਿਸ਼ਵਾਸ਼ਯੋਗਤਾ ਉਨ੍ਹਾਂ ਨੂੰ ਮਿਲੇ ਪਾਸਪੋਰਟ ਰਾਹੀਂ ਵੀ ਪਰਖੀ ਜਾ ਸਕਦੀ ਹੈ, ਜਿਸ ਵਾਸਤੇ ਵੱਖ-ਵੱਖ ਦੇਸ਼ਾਂ ਦੀ ਦਰਜਾਬੰਦੀ ਕਰਕੇ ਵੇਖਿਆ ਜਾਂਦਾ ਹੈ ਉਸ ਦੇਸ਼ ਦਾ ਪਾਸਪੋਰਟ ਕਿੰਨਾ ਸ਼ਕਤੀਸ਼ਾਲੀ ਹੈ।

ਤਾਜ਼ਾ ਸਰਵੇਖਣ ਦੇ ਵਿਚ ਪਾਇਆ ਗਿਆ ਨਿਊਜ਼ੀਲੈਂਡ ਦਾ ਪਾਸਪੋਰਟ ਵਿਸ਼ਵ ਦਰਜਾਬੰਦੀ ਦੇ ਵਿਚ 8ਵੇਂ ਨੰਬਰ ਉਤੇ ਆਉਂਦਾ ਹੈ, ਜਦ ਕਿ ਪਹਿਲਾ ਸਥਾਨ ਜਾਪਾਨ ਨੂੰ ਅਤੇ ਦੂਜਾ ਸਿੰਗਾਪੁਰ ਨੂੰ ਮਿਲਿਆ ਹੈ। ਨਿਊਜ਼ੀਲੈਂਡ ਪਾਸਪੋਰਟ ਧਾਰਨ 182 ਦੇਸ਼ਾਂ ਦੇ ਵਿਚ ਬਿਨਾਂ ਵੀਜ਼ਾ ਲੈ ਕੇ ਜਾ ਸਕਦਾ ਹੈ। ਇਸੇ ਤਰਾਂ ਜਾਪਾਨ ਦੇ ਲੋਕ ਆਪਣਾ ਪਾਸਪੋਰਟ ਲੈ ਕੇ 190 ਦੇਸ਼ਾਂ ਦੇ




ਵਿਚ ਜਾ ਸਕਦੇ ਹਨ ਜਾਂ ਉਥੇ ਜਾ ਕੇ ਵੀਜ਼ਾ ਪ੍ਰਾਪਤ ਕਰ ਸਕਦੇ ਹਨ। ਸਿੰਗਾਪੁਰ ਵਾਲੇ 189 ਦੇਸ਼ਾਂ ਦੇ ਵਿਚ ਜਾ ਸਕਦੇ ਹਨ। ਆਸਟਰੇਲੀਆ ਵਾਲੇ ਨਿਊਜ਼ੀਲੈਂਡ ਤੋਂ ਇਕ ਮੁਲਕ ਜਿਆਦਾ 183 ਦੇਸ਼ਾਂ ਦੇ ਵਿਚ ਜਾ ਸਕਦੇ ਹਨ।

ਇਹ ਸਰਵੇ ਹੇਨਲੇ ਕੰਪਨੀ ਵੱਲੋਂ ਕੀਤਾ ਗਿਆ ਹੈ। ਇੰਡੀਆ 81ਵੇਂ ਨੰਬਰ ਉਤੇ ਹੈ ਅਤੇ 60 ਦੇਸ਼ਾਂ ਦੇ ਵਿਚ ਲੋਕ ਬਿਨਾਂ ਵੀਜ਼ਾ ਜਾ ਸਕਦੇ ਹਨ। ਪਾਕਿਸਤਾਨ 104ਵੇਂ ਸਥਾਨ ਉਤੇ ਹੈ 33 ਮੁਲਕਾਂ ਦੇ ਵਿਚ ਲੋਕ ਜਾ ਸਕਦੇ ਹਨ।

# ਪੰਜਾਬ ਵਿੱਚ ਪਿੰਡ ਪੰਚਾਇਤੀ ਚੋਣਾਂ ਅਤੇ ਸਰਕਾਰ ਦੀ ਬੇਰੁਖੀ



ਗੁਰਮੀਤ ਸਿੰਘ ਪਲਾਹੀ
91-98158-02070

ਪੰਜਾਬ ਵਿੱਚ ਪਿੰਡ ਪੰਚਾਇਤਾਂ ਦੀਆਂ ਚੋਣਾਂ ਕਦੋਂ ਹੋਣਗੀਆਂ, ਇਹ ਸਵਾਲ ਹਰ ਪਿੰਡ ਦਾ ਸਵਾਲ ਇਸ ਕਰਕੇ ਬਣ ਗਿਆ ਹੈ ਕਿ ਹੁਣ ਪਿੰਡਾਂ ਦੇ ਕੰਮਾਂ ਦਾ ਕੋਈ ਵਾਲੀ-ਵਾਰਸ ਹੀ ਨਹੀਂ ਰਿਹਾ। ਪਿੰਡਾਂ ਦੇ ਵਿਕਾਸ ਕਾਰਜ ਤਾਂ ਛੱਡੋ, ਪਿੰਡਾਂ ਦੀ ਸਫਾਈ ਦਾ ਪ੍ਰਬੰਧ ਕਰਨ ਵੇਖਣ ਵਾਲਾ ਵੀ ਕੋਈ ਨਹੀਂ, ਗੰਦਗੀ ਦੇ ਢੇਰ ਪਿੰਡਾਂ 'ਚ ਮੂੰਹ ਚਿੜਾ ਰਹੇ ਹਨ। ਸਰਪੰਚਾਂ, ਪੰਚਾਂ ਕੋਲ ਕੋਈ ਅਖਤਿਆਰ ਨਹੀਂ, ਸਰਕਾਰ ਵਲੋਂ ਪੰਚਾਇਤਾਂ ਭੰਗ ਕਰਕੇ ਲਗਾਏ ਗਏ ਪ੍ਰਬੰਧਕ "ਕੁੰਭਕਰਨੀ" ਨੀਂਦ ਸੌਂ ਰਹੇ ਹਨ। ਆਮ ਆਦਮੀ ਨੂੰ ਕਿਸੇ ਕੰਮਾਂ ਦੀ ਤਸਦੀਕ ਅਦਿ ਕਰਵਾਉਣ ਲਈ ਵੱਡੀਆਂ ਮੁਸ਼ਕਲਾਂ ਆ ਰਹੀਆਂ ਹਨ। ਬਿਜਲੀ, ਪਾਣੀ ਦੇ ਪੰਚਾਇਤੀ ਬਿੱਲਾਂ ਦਾ ਭੁਗਤਾਣ ਕਰਨ 'ਚ ਔਕੜਾਂ ਆ ਰਹੀਆਂ ਹਨ ।

ਪੰਜਾਬ ਦੀਆਂ ਪਿੰਡ ਪੰਚਾਇਤਾਂ ਨੂੰ ਪਹਿਲਾਂ ਗ੍ਰਾਮ ਪੰਚਾਇਤ ਐਕਟ, 1952 ਅਤੇ ਫਿਰ ਪੰਜਾਬ ਪੰਚਾਇਤੀ ਰਾਜ ਐਕਟ 1994 (1994 ਦਾ ਪੰਜਾਬ ਐਕਟ ਨੰ:9) ਵਧੇਰੇ ਅਧਿਕਾਰ ਮਿਲੇ ਹੋਏ ਹਨ ਤਾਂ ਕਿ ਪੰਚਾਇਤੀ ਰਾਜ ਪ੍ਰਣਾਲੀ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੰਜਾਬ ਰਾਜ ਵਿੱਚ ਪਿੰਡ, ਬਲਾਕ ਅਤੇ ਜ਼ਿਲਾ ਪੱਧਰ ਤੇ ਚੁਣੀਆਂ ਸੰਸਥਾਵਾਂ ਨਾਲ ਤਿੰਨ ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਹੋ ਸਕੇ। ਐਕਟ ਅਨੁਸਾਰ ਹਰ ਪੰਜ ਸਾਲਾਂ ਬਾਅਦ ਇਹਨਾ ਪੰਚਾਇਤ ਸੰਸਥਾਵਾਂ ਦੀਆਂ ਚੋਣਾਂ ਕਰਵਾਉਣੀਆਂ ਲਾਜ਼ਮੀ ਹਨ। ਦੋ ਪੱਧਰੀ ਚੋਣਾਂ ਤਾਂ ਪੰਜਾਬ ਸਰਕਾਰ ਵਲੋਂ ਦੇਰ-ਸਵੇਰ ਕਰਵਾ ਦਿੱਤੀਆਂ ਗਈਆਂ, ਇਹ ਸਿਆਸੀ ਚੋਣਾਂ ਜਿੱਤਕੇ ਹਾਕਮ ਧਿਰ ਨੇ ਵਾਹਵਾ ਵੀ ਖੱਟ ਲਈ,ਪਰ ਜੁਲਾਈ 'ਚ ਕਰਵਾਈਆਂ ਜਾਣ ਵਾਲੀਆਂ ਅਹਿਮ ਪੇਂਡੂ ਪੰਚਾਇਤ ਚੋਣਾਂ ਕਿਸੇ ਨਾ ਕਿਸੇ ਬਹਾਨੇ ਲਟਕਾਕੇ ਰੱਖੀਆਂ ਜਾ ਰਹੀਆਂ ਹਨ। ਅਤੇ ਪੇਂਡੂ ਲੋਕਾਂ ਦੇ ਮੂਲ ਅਧਿਕਾਰਾਂ ਉਤੇ ਵੱਡਾ ਛਾਪਾ ਮਾਰਿਆ ਜਾ ਰਿਹਾ ਹੈ।

ਪਿੰਡ ਪੰਚਾਇਤਾਂ ਦਾ ਗਠਨ, ਪਿੰਡਾਂ ਦੇ ਵੋਟਰਾਂ ਦੀ ਸਭਾ (ਗ੍ਰਾਮ ਸਭਾ) ਵਿਚੋਂ ਨੁਮਾਇੰਦੇ ਪੰਚ, ਸਰਪੰਚ ਚੁਨਣ ਲਈ 1994 ਦੇ ਐਕਟ ਅਨੁਸਾਰ ਪ੍ਰਾਵਾਧਾਨ ਕੀਤਾ ਗਿਆ। ਰਾਜ ਸਰਕਾਰ ਨੋਟੀਫੀਕੇਸ਼ਨ ਰਾਹੀਂ ਧਾਰਾ ਤਿੰਨ ਅਧੀਨ ਗ੍ਰਾਮ ਸਭਾ ਖੇਤਰ ਵਜੋਂ ਐਲਾਨ ਕੀਤੇ ਗਏ ਹਰੇਕ ਖੇਤਰ ਲਈ ਇੱਕ ਨਾਮ ਦੇਕੇ ਗ੍ਰਾਮ ਸਭਾ ਸਥਾਪਿਤ ਕੀਤੀ ਗਈ ਹੈ। ਜਿਸ ਦੀਆਂ ਸਾਲ ਵਿੱਚ ਦੋ ਵੇਰ ਮੀਟਿੰਗਾਂ ਪਹਿਲੀ ਦਸੰਬਰ ਦੇ ਮਹੀਨੇ, ਦੂਜੀ ਜੂਨ ਦੇ ਮਹੀਨੇ ਕਰਨ ਲਈ ਕਿਹਾ ਗਿਆ ਹੈ। ਗ੍ਰਾਮ ਸਭਾ ਕੋਲ ਵੱਡੇ ਅਧਿਕਾਰ ਦਿੱਤੇ ਗਏ ਹਨ,ਜਿਸ ਵਿੱਚ ਸਲਾਨਾ ਬਜ਼ਟ ਅਤੇ ਵਿਕਾਸ ਪ੍ਰੋਗਰਾਮਾਂ ਨੂੰ ਪ੍ਰਵਾਨਗੀ ਦੇਣਾ, ਪਿੰਡ ਨਾਲ ਸਬੰਧਤ ਵਿਕਾਸ ਸਕੀਮਾਂ ਨੂੰ ਲਾਗੂ ਕਰਨ ਵਿੱਚ ਮਦਦ ਦੇਣਾ ਆਦਿ ਸ਼ਾਮਲ ਹਨ। ਪਰ ਪਿਛਲੇ ਸਮੇਂ ਤੋਂ ਪਿੰਡ ਦੀ ਗ੍ਰਾਮ ਸਭਾ ਨੂੰ ਬਾਵਜੂਦ ਮਿਲੇ ਵੱਡੇ ਅਧਿਕਾਰਾਂ ਦੇ, ਪੰਚਾਇਤ ਅਧਿਕਾਰੀਆਂ, ਬਾਬੂਸ਼ਾਹੀ, ਨੌਕਰਸ਼ਾਹੀ ਵਲੋਂ ਪੰਗੂ ਬਣਾਕੇ ਰੱਖ ਦਿੱਤਾ ਗਿਆ ਹੈ। ਨਹੀਂ ਤਾਂ, ਹੁਣ ਜਦੋਂ ਪਿੰਡ ਦੀਆਂ ਚੁਣੀਆਂ ਪੰਚਾਇਤਾਂ ਸਰਕਾਰ ਵਲੋਂ ਭੰਗ ਕੀਤੀਆਂ ਹੋਈਆਂ ਹਨ, ਉਦੋਂ ਗ੍ਰਾਮ ਸਭਾ ਉਹਨਾ ਸਾਰੇ ਅਧਿਕਾਰਾਂ ਦੀ ਵਰਤੋਂ ਕਰ ਸਕਦੀ ਹੈ, ਜਿਹੜੇ ਗ੍ਰਾਮ ਪੰਚਾਇਤ ਕੋਲ ਹੁੰਦੇ ਹਨ। ਗ੍ਰਾਮ ਸਭਾ ਦੀ ਕਿਸੇ ਵੀ ਮੀਟਿੰਗ ਲਈ ਇਸਦੇ ਕੁਲ ਮੈਂਬਰਾਂ ਵਿਚੋਂ ਪੰਜਵਾਂ ਹਿੱਸਾ ਮੈਂਬਰਾਂ ਦੇ ਹਾਜ਼ਰ ਹੋਣ ਨਾਲ ਕੋਰਮ ਪੂਰਾ ਹੋਣ ਤੇ, ਕਾਰਵਾਈ ਕੀਤੀ ਜਾ ਸਕਦੀ ਹੈ, ਜਿਸ ਵਿੱਚ ਪੰਚਾਇਤ ਦਾ ਸਕੱਤਰ ਅਤੇ ਗ੍ਰਾਮ ਸੇਵਕ, ਹਾਜ਼ਰ ਹੋਣਗੇ।

ਇਹ ਮੀਟਿੰਗ ਐਕਟ ਅਧੀਨ ਗ੍ਰਾਮ ਸਭਾ ਨੂੰ ਸੌਂਪੇ ਗਏ ਸਾਰੇ ਮਾਮਲਿਆਂ ਨਾਲ ਸਬੰਧਤ ਕੋਈ ਵੀ ਮਤਾ ਗ੍ਰਾਮ ਸਭਾ ਦੀ ਮੀਟਿੰਗ ਵਿੱਚ ਹਾਜ਼ਰ ਅਤੇ ਵੋਟਿੰਗ ਮੈਂਬਰਾਂ ਦੀ ਬਹੁਤ ਗਿਣਤੀ ਵੋਟਾਂ ਨਾਲ ਪਾਸ ਕਰ ਸਕਦੀ ਹੈ।

ਚੁਣੀਆਂ ਹੋਈਆਂ ਗ੍ਰਾਮ ਪੰਚਾਇਤਾਂ ਨੂੰ ਪੰਚਾਇਤ ਐਕਟ ਵਿੱਚ ਵੱਡੇ ਅਧਿਕਾਰ ਸੌਂਪੇ ਗਏ ਹਨ। ਅਸਲ ਵਿੱਚ ਕਾਨੂੰਨੀ ਤੌਰ ਤੇ ਤਾਂ ਪੰਚਾਇਤਾਂ ਸਥਾਨਕ ਸਰਕਾਰਾਂ ਹਨ। ਉਸਦੇ ਜੁੰਮੇ ਸਲਾਨਾ ਬਜ਼ਟ ਤਿਆਰ ਕਰਨਾ, ਪੰਚਾਇਤ ਖੇਤਰ ਦੇ ਵਿਕਾਸ ਲਈ ਸਲਾਨਾ ਯੋਜਨਾਵਾਂ ਬਨਾਉਣਾ, ਜਨਤਕ ਜਾਇਦਾਦਾਂ ਤੋਂ ਨਜਾਇਜ਼ ਕਬਜ਼ੇ ਹਟਾਉਣੇ ਅਦਿ ਮੁੱਖ ਤੌਰ ਤੇ ਸ਼ਾਮਲ ਹਨ। ਪੰਚਾਇਤ ਪਿੰਡ ਦੀ ਸਫਾਈ, ਜਨਤਕ ਥਾਵਾਂ ਤੇ ਰੋਸ਼ਨੀ ਦਾ ਪ੍ਰਬੰਧ ਕਰਨ, ਪਾਣੀ ਸਪਲਾਈ ਲਈ ਵਾਟਰ ਪੰਪ ਲਗਾਉਣ, ਪ੍ਰਦੂਸ਼ਣ ਦੀ ਰੋਕਥਾਮ ਤੇ ਕੰਟਰੋਲ ਕਰਨ ਜਿਹੇ ਕੰਮ ਵੀ ਕਰਦੀ ਹੈ। ਅਤੇ ਪੰਚਾਇਤ ਉਹ ਸਾਰੇ ਕੰਮ ਵੀ ਕਰਦੀ ਹੈ ਜਿਹੜੇ ਰਾਜ ਸਰਕਾਰ ਵਲੋਂ ਨੋਟੀਫੀਕੇਸ਼ਨ ਰਾਹੀਂ ਸੌਂਪੇ ਜਾਂਦੇ ਹਨ।

ਇਹਨਾ ਸਾਰੇ ਕੰਮਾਂ ਲਈ ਉਹਦੇ ਆਮਦਨ ਦੇ ਸਾਧਨ ਪੰਚਾਇਤੀ ਜ਼ਮੀਨ ਤੋਂ ਮਾਲੀਆ ਜਾਂ ਸਰਕਾਰੀ ਗ੍ਰਾਂਟਾਂ ਹਨ। ਪੰਜਾਬ ਵਿੱਚ ਪੰਚਾਇਤਾਂ ਦੀ ਹਾਲਾਤ ਘੱਟ ਆਮਦਨ ਦੇ ਸਾਧਨਾਂ ਅਤੇ ਆਪਣੇ ਤੌਰ 'ਤੇ ਖਰਚ ਕਰਨ ਲਈ ਹੱਥ ਬੰਨ੍ਹੇ ਹੋਣ ਕਾਰਨ ਤਰਸਯੋਗ ਬਣਾ ਦਿੱਤੀ ਗਈ ਹੈ। ਸਰਕਾਰੀ ਦਖਲ ਅੰਦਾਜੀ ਨੇ ਤਾਂ ਪੰਚਾਇਤਾਂ ਦੀ ਅਸਲ ਦਿੱਖ ਹੀ ਵਿਗਾੜਕੇ ਰੱਖ ਦਿੱਤੀ ਹੈ। ਜਿਹੜੀ ਪੰਚਾਇਤ ਲੋਕਾਂ ਦੀ ਚੁਣੀ ਹੋਈ ਨੁਮਾਇੰਦਾ ਜਮਾਤ ਹੈ, ਉਸਦੇ ਅਧਿਕਾਰ ਅਸਿੱਧੇ ਤੌਰ 'ਤੇ ਖਤਮ ਕਰਕੇ ਰੱਖ ਦਿੱਤੇ ਗਏ ਹਨ। ਬਹੁਤੀਆਂ ਪੰਚਾਇਤਾਂ ਦੇ ਸਰਪੰਚ ਕਾਰਵਾਈ ਰਜਿਸਟਰ ਚੁੱਕ ਗ੍ਰਾਮ ਸੇਵਕਾਂ, ਪੰਚਾਇਤ ਸਕੱਤਰਾਂ ਦੇ ਪਿੱਛੇ ਪਿੱਛੇ ਘੁੰਮਦੇ ਦੇਖੇ ਜਾ ਸਕਦੇ ਹਨ, ਜਿਵੇਂ ਅਸਲ ਅਰਥਾਂ 'ਚ ਬਲਾਕ ਵਿਕਾਸ ਅਧਿਕਾਰੀ ਜਾਂ ਹਾਕਮ ਧਿਰ ਦਾ ਐਮ.ਐਲ.ਏ. ਜਾਂ ਹਲਕਾ ਇੰਜਚਾਰਜ਼ ਹੀ ਅਸਲ ਵਿੱਚ ਪੰਚਾਇਤ ਦਾ ਮਾਲਕ ਹੋਵੇ।

ਗ੍ਰਾਂਟਾਂ ਦੀ ਵੰਡ ਪਿੰਡ ਦੀ ਲੋੜ ਅਨੁਸਾਰ ਨਹੀਂ, ਸਗੋਂ ਹਾਕਮ ਧਿਰ ਨੂੰ ਮਿਲਦੇ ਪਿੰਡ ਵਿਚੋਂ ਸਿਆਸੀ ਸਹਿਯੋਗ ਨਾਲ ਮਾਪੀ ਜਾ ਰਹੀ ਹੈ। ਹਾਂ, ਕੇਂਦਰ ਸਰਕਾਰ ਦੇ ਕੁਝ ਫੰਡ ਜ਼ਰੂਰ ਪੰਚਾਇਤ ਫੰਡਾਂ 'ਚ ਸਿੱਧੇ ਆਉਂਦੇ ਹਨ, ਪਰ ਉਹਨਾ ਦੀ ਵਰਤੋਂ ਦਾ ਹੱਕ ਵੀ ਪੰਚਾਇਤਾਂ ਦੀ ਮਰਜ਼ੀ ਨਾਲ ਨਹੀਂ ਹੁੰਦਾ।

ਪਿੰਡ 'ਚ ਪੰਚਾਇਤਾਂ ਦੀਆਂ ਮਹੀਨਾਵਾਰ ਜਾਂ ਹੋਰ ਲੋੜੀਦੀਆਂ ਮੀਟਿੰਗਾਂ ਤਾਂ ਬਹੁਤੇ ਪਿੰਡਾਂ 'ਚ ਸੁਫਨਾ ਬਣਕੇ ਰਹਿ ਗਈਆਂ ਹਨ। ਪੰਚਾਇਤ ਕਰਮਚਾਰੀਆਂ ਕੋਲ 10 ਤੋਂ 20 ਪਿੰਡਾਂ ਦੀਆਂ ਪੰਚਾਇਤਾਂ ਦਾ ਚਾਰਜ਼ ਹੁੰਦਾ ਹੈ ਅਤੇ ਉਸਦੀ ਹਾਜ਼ਰੀ ਤੋਂ ਬਿਨ੍ਹਾਂ ਪੰਚਾਇਤ ਦੀ ਮੀਟਿੰਗ ਕੀਤੀ ਹੀ ਨਹੀਂ ਜਾਂਦੀ ਅਤੇ ਉਸ ਕੋਲ ਵਿਹਲ ਹੁੰਦਾ ਹੀ ਨਹੀਂ। ਸਿੱਟੇ ਵਜੋਂ ਪੰਚਾਇਤਾਂ ਆਪਸ ਵਿੱਚ ਜੁੜ ਬੈਠਕੇ ਵਿਚਾਰਾਂ ਕਰਨ ਦੀ ਥਾਂ, ਘਰੋਂ ਘਰੀਂ ਕਾਰਵਾਈ ਰਜਿਸਟਰ ਭੇਜਕੇ ਲੋੜੀਦੇ ਕੰਮ ਚਲਾਉਣ ਤੱਕ ਸੀਮਤ ਕਰ ਦਿੱਤੀਆਂ ਗਈਆਂ ਹਨ। ਇਹੋ ਜਿਹੀਆਂ ਹਾਲਤਾਂ ਵਿੱਚ ਜਦੋਂ ਪੰਚਾਇਤਾਂ ਨੂੰ ਫੰਡਾਂ ਦੀ ਕਮੀ ਹੋਵੇ, ਪੰਚਾਇਤਾਂ ਦੇ ਹੱਕ ਸਰਕਾਰਾਂ ਵਲੋਂ ਗਿਰਵੀ ਰੱਖ ਲਏ ਗਏ ਹੋਣ ਤਾਂ ਫਿਰ ਪੰਚਾਇਤਾਂ ਅਜ਼ਾਦਾਨਾ ਕੰਮ ਕਿਵੇਂ ਕਰਨ?

ਪੰਚਾਇਤਾਂ ਨੂੰ ਪੰਚਾਇਤ ਐਕਟ ਵਿੱਚ ਨਿਆਇਕ ਅਧਿਕਾਰ ਮਿਲੇ ਹੋਏ ਹਨ। ਪੰਚਾਇਤਾਂ ਨੂੰ ਆਪਣੀ ਜ਼ਮੀਨ ਜਾਇਦਾਦ ਤੋਂ ਕਬਜ਼ੇ ਹਟਾਉਣ ਦੇ ਅਧਿਕਾਰ ਮਿਲੇ ਹੋਏ ਹਨ। ਪੰਚਾਇਤਾਂ ਨੂੰ ਉਪ ਕਾਨੂੰਨ ਬਨਾਉਣ ਦਾ ਅਧਿਕਾਰ ਹੈ। ਪੰਚਾਇਤ ਨੂੰ ਸਰਕਾਰੀ ਮਹਿਕਮਿਆਂ ਦੇ ਕੰਮਾਂ ਦੀ ਦੇਖ-ਰੇਖ ਕਰਨ ਦਾ ਅਧਿਕਾਰ ਹੈ।

ਪਰ ਜ਼ਮੀਨੀ ਪੱਧਰ ਉਤੇ ਪੰਚਾਇਤਾਂ ਜਾਂ ਸਰਪੰਚ ਆਪਸੀ ਸਹਿਮਤੀ ਬਣਾਕੇ ਪੇਂਡੂਆਂ ਦੇ ਮਸਲੇ ਤਾਂ ਹੱਲ ਕਰਦੀਆਂ ਹਨ, ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਕੁਝ ਕੰਮ ਵਿਕਾਸ ਦੇ ਵੀ ਨਪੇਰੇ ਚਾੜ੍ਹਦੀਆਂ ਹਨ, ਪਰ ਸਰਕਾਰੀ ਬੇਰੁਖੀ ਅਤੇ ਪੰਚਾਇਤਾਂ ਦੀ ਅਣਦੇਖੀ ਕਰਨ ਪੰਜਾਬ ਦੇ ਪਿੰਡਾਂ ਦੀ ਉਹ ਵਿਕਾਸ ਕਹਾਣੀ ਨਹੀਂ ਲਿਖੀ ਜਾ ਸਕੀ, ਜਿਹੜੀ ਉਦਮੀ ਪੰਜਾਬੀਆਂ ਦੀ ਹਿੰਮਤ ਨਾਲ ਲਿਖੀ ਜਾਣੀ ਬਣਦੀ ਸੀ।

ਸਿਆਸੀ ਪੁਸ਼ਤਪਨਾਹੀ ਕਾਰਨ ਪਿੰਡਾਂ ਦੇ ਕੁਝ ਲੋਕ ਅਤੇ ਪੰਚਾਇਤਾਂ ਧੜੇਬੰਦੀ ਦਾ ਸ਼ਿਕਾਰ ਹੋਕੇ ਪਿੰਡਾਂ ਦੇ ਹਿੱਤ ਭੁੱਲ ਜਾਂਦੀਆਂ ਹਨ ਅਤੇ ਰਾਜਸੀ ਹਿੱਤਾਂ ਦੀ ਖਾਤਰ ਪਿੰਡ ਦਾ ਅਮਨ ਚੈਨ ਵੀ ਗੁਆ ਬੈਠੀਆਂ ਹਨ। ਕੀ ਇਹਨਾ ਹਾਲਤਾਂ ਵਿੱਚ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ ਤੋਂ ਪਿੰਡਾਂ ਦੇ ਭਲੇ ਦੀ ਆਸ ਕਿਵੇਂ ਸੰਭਵ ਹੈ?

ਪੰਚਾਇਤ ਐਕਟ ਅਨੁਸਾਰ ਪੰਚਾਇਤ ਚੋਣਾਂ ਹਰ ਪੰਜ ਵਰ੍ਹਿਆਂ ਬਾਅਦ ਕਰਵਾਈਆਂ ਜਾਂਦੀਆਂ ਹਨ। ਪਰ ਜਿਵੇਂ ਕਿ ਇਸ ਵੇਲੇ ਸਥਿਤੀ 50 ਫੀਸਦੀ ਔਰਤਾਂ ਨੂੰ ਰਿਜ਼ਰਵੇਸ਼ਨ ਅਤੇ ਹੋਰ ਮੁੱਦਿਆਂ ਕਾਰਨ ਉਲਝੀ ਹੋਈ ਹੈ ਅਤੇ ਰਿਜ਼ਰਵੇਸ਼ਨ ਬਲਾਕ ਪੱਧਰ ਤੇ ਹੋਵੇ ਜਾਂ ਜ਼ਿਲਾ ਪੱਧਰ ਉਤੇ ਹੋਵੇ ਇਸ ਸਬੰਧ ਪੰਜਾਬ ਹਰਿਆਣਾ ਹਾਈ ਕੋਰਟ ਪੱਧਰ ਉਤੇ ਹੋਵੇ ਇਸ ਸਬੰਧ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਕੇਸ ਚੱਲ ਰਿਹਾ ਹੈ। ਚੋਣਾਂ ਐਕਟ ਅਨੁਸਾਰ, ਪੰਚਾਇਤਾਂ ਦੀ ਮਿਆਦ ਜੋ ਜੁਲਾਈ 2018 'ਚ ਪੁੱਗ ਗਈ ਹੈ, 6 ਮਹੀਨਿਆਂ ਦੇ ਵਿੱਚ ਵਿੱਚ ਹੋ ਸਕਦੀਆਂ ਹਨ। ਭਾਵ ਪੰਚਾਇਤ ਚੋਣਾਂ ਜਨਵਰੀ 2019 ਤੱਕ ਕਰਵਾਉਣੀਆਂ ਜ਼ਰੂਰੀ ਹਨ। ਪਰ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਕੇਸ ਕਾਰਨ ਪੰਚਾਇਤ ਚੋਣਾਂ ਦਾ ਕੀ ਬਣੇਗਾ, ਜਿਸ ਵਲੋਂ ਸੁਣਵਾਈ ਦੀ ਤਾਰੀਖ ਅੱਧ ਜਨਵਰੀ ਨੀਅਤ ਕੀਤੀ ਗਈ ਹੈ, ਇਸ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ।

ਹੁਣ ਜਦਕਿ ਪੰਚਾਇਤਾਂ ਦਾ ਪਿੰਡਾਂ 'ਚ ਕੰਮ ਬਿਲਕੁਲ ਰੁਕ ਚੁੱਕਿਆ ਹੈ, ਸਰਕਾਰ ਨੂੰ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਕਿਉਂਕਿ ਪੰਚਾਇਤ ਸਕੱਤਰ, ਗ੍ਰਾਮ ਸੇਵਕ ਜਾਂ ਹੋਰ ਕਰਮਚਾਰੀ ਜਿਹੜੇ ਪੰਚਾਇਤਾਂ ਦੇ ਪ੍ਰਬੰਧਕ ਨੀਅਤ ਕੀਤੇ ਗਏ ਹਨ, ਇਹ ਭਾਰ ਢੋਣ ਜੋਗੇ ਨਹੀਂ।

ਸੌੜੀ ਸਿਆਸੀ ਸੋਚ ਤੋਂ ਉਪਰ ਉਠਦਿਆਂ ਕਾਂਗਰਸ ਸਰਕਾਰ ਜਿਹੜੀ ਪਹਿਲਾਂ ਹੀ ਡੇਢ ਸਾਲ ਦੇ ਸਮੇਂ ਦੀ ਕਾਰਗੁਜ਼ਾਰੀ ਕਾਰਨ ਲੋਕਾਂ ਦੇ ਨਿਸ਼ਾਨੇ 'ਤੇ ਹੈ, ਨੂੰ ਪਿੰਡ ਪੰਚਾਇਤਾਂ ਦੀਆਂ ਚੋਣਾਂ ਕਰਾਉਣ ਲਈ ਤੁਰੰਤ ਕਦਮ ਚੁਕਣੇ ਚਾਹੀਦੇ ਹਨ ਤਾਂ ਕਿ ਲੋਕਾਂ ਦੀ ਸਥਾਨਿਕ ਸਰਕਾਰ ਵਜੋਂ ਸਮਝੀ ਜਾਂਦੀ ਸੰਸਥਾ ਪੰਚਾਇਤਾਂ ਦਾ ਪਿੰਡਾਂ 'ਚ ਅਧਾਰ ਮਜ਼ਬੂਤ ਹੋਵੇ ਅਤੇ ਪੰਜਾਬ ਦੇ ਪਿੰਡਾਂ ਦਾ ਵਿਕਾਸ ਹੋ ਸਕੇ।

ਜਦ ਤੱਕ ਸਰਕਾਰ ਪੰਚਾਇਤੀ ਰਾਜ ਸੰਸਥਾਵਾਂ, ਦਿਹਾਤੀ ਲੋਕਾਂ ਅਤੇ ਉਹਨਾ ਵਿੱਚ ਛੁਪੇ ਗੁਣਾ ਦੀ ਵਰਤੋਂ ਕਰਨ ਦੀ ਸਮੱਰਥਾ ਵਿੱਚ ਵਿਸ਼ਵਾਸ ਪ੍ਰਗਟ ਨਹੀਂ ਕਰੇਗੀ, ਉਦੋਂ ਤੱਕ ਪਿੰਡ ਪੰਚਾਇਤਾਂ ਦੀ ਸਫਲਤਾ ਯਕੀਨੀ ਨਹੀਂ ਬਣਾਈ ਜਾ ਸਕਦੀ।

******






# ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਹਮਸਫ਼ਰ ਸਾਥੀ ਜਰਨੈਲ ਸਿੰਘ ਅਟਵਾਲ, ਪਿੰਡ ਫਰਾਲਾ ਨਾਲ ਵਿਸ਼ੇਸ਼ ਵਾਰਤਾ

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਮੇਰੀ ਅਮਰੀਕਾ ਕੈਨੇਡਾ ਦੀ ਵਿਦੇਸ਼ ਯਾਤਰਾ ਦੌਰਾਨ ਫੇਅਰਫੀਲਡ ਵਿਖੇ ਚੱਲ ਰਹੀਆਂ ਬੱਚਿਆਂ ਦੀਆਂ ਖੇਡਾਂ ਦੌਰਾਨ ਇਸ ਤਰ੍ਹਾਂ ਦੀ ਇੱਕ ਮਹਾਨ ਸ਼ਖਸੀਅਤ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਜੋ ਕਿ 100 ਸਾਲ ਦੀ ਉਮਰ ਦੇ ਨੇੜੇ ਢੁਕਣ ਵਾਲਾ ਬਜ਼ੁਰਗ ਬਾਪੂ ਜਰਨੈਲ ਸਿੰਘ ਅਟਵਾਲ ਪਿੰਡ ਫਰਲਾ ਜ਼ਿਲ੍ਹਾ ਨਵਾਂਸ਼ਹਿਰ ਦਾ ਮਹਿੰਗੇ ਲਾਲ ਸੇਬਾਂ ਵਰਗਾ ਰੰਗ, ਅਜੇ ਗਦ-ਗਦ ਕਰਦਾ ਸਰੀਰ ਨਾਲ, ਗੱਲਬਾਤ ਸ਼ੁਰੂ ਹੋਈ ਤਾਂ ਉਨ੍ਹਾਂ ਦੱਸਿਆ ਕਿ 'ਕਾਕਾ, ਸਾਨੂੰ ਐਵੇਂ ਨਾ ਸਮਝੀਂ... ਅਸੀਂ ਵੀ ਆਪਣੇ ਜ਼ਮਾਨੇ ਦੇ ਛੁਪੇ ਰੁਸਤਮ ਹੋਏ ਆਂ...।' ਜਿਵੇਂ ਹੀ ਗੱਲ ਬਾਤ ਸ਼ੁਰੂ ਹੋਈ, ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਜ਼ਿੰਦਗੀ ਦਾ ਸਫ਼ਰ ਪਿੰਡ ਫਰਾਲਾ ਤੋਂ 10 ਜੁਲਾਈ 1921 ਦੇ ਲਗਭਗ ਸ਼ੁਰੂ ਕੀਤਾ। ਮੈਟ੍ਰਿਕ ਤੱਕ ਸਿੱਖਿਆ ਹਾਸਲ ਕੀਤੀ। 1937 'ਚ ਉਹ ਆਰਮੀ 'ਚ ਭਰਤੀ ਹੋਏ। ਫਰੰਟੀਅਰ ਫੋਰਸ 4ਕ12 ਉਨ੍ਹਾਂ ਨੇ ਆਰਮੀ ਦਾ ਸਫਰ ਸ਼ੁਰੂ ਕੀਤਾ। ਇਹ ਫਰੰਟੀਅਰ ਫੋਰਸ 1947 'ਚ ਖਤਮ ਹੋ ਕੇ ਪਾਕਿਸਤਾਨ ਚਲੀ ਗਈ। ਅੱਜ ਵੀ ਪਾਕਿਸਤਾਨ ਵਿਚ ਇਸ ਫਰੰਟੀਅਰ ਫੋਰਸ ਦਾ ਵੱਡਾ ਨਾਮ ਹੈ। ਬਾਪੂ ਜਰਨੈਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ 16 ਸਾਲ ਦੀ ਉਮਰ ਵਿਚ ਆਪਣੇ ਵੱਡੇ ਭਰਾ ਮਾਸਟਰ ਫੁੱਮ੍ਹਣ ਸਿੰਘ ਦੀ ਪ੍ਰੇਰਣਾ ਨਾਲ ਹਾਕੀ ਖੇਡਣੀ ਸ਼ੁਰੂ ਕੀਤੀ। ਸਕੂਲ ਵਿਚ ਜਲੰਧਰ ਵੱਲੋਂ 1936 'ਚ ਜ਼ਿਲ੍ਹਾ ਜਿੱਤਿਆ। ਉਸਨੂੰ ਸਕੂਲੀ ਹਾਕੀ ਖੇਡਦਿਆਂ ਹੀ ਇੱਕ ਅੰਗ੍ਰੇਜ਼ ਅਫਸਰ ਏ.ਐਚ. ਮਾਰਸ਼ਲ ਉਸਦੀ ਖੇਡ ਤੋਂ ਪ੍ਰਭਾਵਿਤ ਹੁੰਦਿਆਂ ਆਰਮੀ ਵਿਚ ਲੈ ਗਿਆ। ਆਰਮੀ 'ਚ ਭਰਤੀ ਮੌਕੇ ਉਸਦਾ ਮੈਡੀਕਲ ਵੀ ਨਹੀਂ ਹੋਇਆ ਕਿਉਂਕਿ ਉਸਦੀ ਸਰੀਰਕ ਫਿਟਨੈਸ ਤੋਂ ਹਰ ਕੋਈ ਇੰਨਾ ਪ੍ਰਭਾਵਿਤ ਸੀ ਕਿ ਹਰ ਅਫਸਰ ਕਹਿ ਦਿੰਦਾ ਸੀ ਕਿ ਇਹ ਨੌਜਵਾਨ ਹਰ ਖੇਤਰ ਵਿਚ ਆਪਣਾ ਹੁਨਰ ਦਿਖਾਏਗਾ। ਬਾਪੂ ਜਰਨੈਲ ਸਿੰਘ ਨੇ ਦੱਸਿਆ ਕਿ ਆਰਮੀ ਵੱਲੋਂ ਉਸਦੀਆਂ ਵੱਡੀਆਂ ਪ੍ਰਾਪਤੀਆਂ 'ਚੋਂ 'ਬਨੂ ਪੇਸ਼ਾਵਰ' ਅਤੇ ਜੇਹਲਮ 'ਚ ਆਲ ਇੰਡੀਆ ਆਰਮੀ ਟੂਰਨਾਮੈਂਟ 'ਚ ਉਸਦਾ ਖੇਡ ਹੁਨਰ ਚਮਕਿਆ। ਉਸ ਤੋਂ ਬਾਅਦ ਸਰਵਿਸਜ਼ ਦੀ ਟੀਮ ਅਤੇ ਯੂਪੀ ਵੱਲੋਂ ਕੌਮੀ ਪੱਧਰ 'ਤੇ ਜਰਨੈਲ ਸਿੰਘ ਅਟਵਾਲ ਨੇ ਹਾਕੀ ਦੀ ਨੁਮਾਇੰਦਗੀ ਕੀਤੀ। ਉਸਦੀ ਖੇਡ ਤੋਂ ਪ੍ਰਭਾਵਿਤ ਹੋ ਕੇ ਹਾਕੀ ਦੇ ਜਾਦੂਗਰ ਧਿਆਨ ਚੰਦ ਨਾਲ ਉਨ੍ਹਾਂ ਦਾ ਮਿਲਾਪ ਹੋਇਆ।

1948 ਤੋਂ ਲੈ ਕੇ 1952 ਤਕ ਉਹ ਧਿਆਨਚੰਦ ਦੇ ਰਾਈਟ ਇਨ ਵਜੋਂ ਲਗਾਤਾਰ ਖੇਡੇ। ਆਪਣੀ ਜ਼ਿੰਦਗੀ ਦੀ ਇੱਕ ਅਹਿਮ ਪ੍ਰਾਪਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ 1954 ਅਬਦੁੱਲਾ ਖਾਨ ਗੋਲਡ ਕੱਪ ਭੋਪਾਲ 'ਚ ਉਨ੍ਹਾ ਦੇ ਖਿਲਾਫ ਬਲਬੀਰ ਸੀਨੀਅਰ ਸਮੇਤ ਪੰਜਾਬ ਦੇ 7 ਓਲੰਪੀਅਨ ਖੇਡ ਰਹੇ ਸਨ ਅਤੇ ਉਨ੍ਹਾਂ ਦੇ ਗੋਲ ਸਦਕਾ ਆਰਮੀ ਟੀਮ ਨੇ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। 1955 'ਚ ਜਦੋਂ ਧਿਆਨਚੰਦ ਨੇ ਉਨ੍ਹਾਂ ਨਾਲ ਇਹ ਵਾਅਦਾ ਕਰ ਲਿਆ ਸੀ ਕਿ 'ਸਰਦਾਰ ਜਰਨੈਲ ਸਿਆਂ, ਹੁਣ ਤੇਰਾ ਓਲੰਪਿਕ ਖੇਡਾਂ ਦਾ ਬੇਸ ਬਣ ਚੁੱਕਿਐ ਤੇ ਤੈਨੂੰ ਹੁਣ ਇੰਡੀਆ ਟੀਮ 'ਚ ਜਾਣ ਤੋਂ ਰੋਕ ਨਹੀਂ ਸਕਦਾ।'' ਤਾਂ 1955 ਗਵਾਲੀਅਰ ਗੋਲਡ ਕੱਪ 'ਚ ਬਜਰੀ ਦੀ ਗਰਾਊਂਡ ਤੇ ਡਿੱਗਣ ਕਰਕੇ ਉਨ੍ਹਾਂ ਦਾ ਗੋਡਾ ਬੁਰੀ ਤਰ੍ਹਾਂ ਚਕਨਾਚੂਰ ਹੋ ਗਿਆ। ਗੋਡਾ ਹੀ ਚਕਨਾਚੂਰ ਨਹੀਂ ਹੋਇਆ, ਉਹਨਾਂ ਦਾ ਓਲੰਪਿਕ ਖੇਡਾਂ ਦਾ ਸੁਪਨਾ ਅਤੇ ਹਾਕੀ ਕੈਰੀਅਰ ਵੀ ਚਕਨਾਚੂਰ ਹੋ ਗਿਆ। ਪਰ ਫਿਰ ਵੀ ਬਾਰਤੀ ਹਾਕੀ ਟੀਮ ਦੇ ਪਹਿਲੇ ਕਪਤਾਨ ਐਂਗਲੋ ਇੰਡੀਅਨ, ਜੈਪਾਲ ਸਿੰਘ ਜਿੰਨ੍ਹਾਂ ਨੇ 1928 ਐਮਸਟਰਡਮ ਓਲੰਪਿਕ 'ਚ ਭਾਰਤੀ ਹਾਕੀ ਟੀਮ ਦੀ ਕਪਤਾਨੀ ਕੀਤੀ ਸੀ, ਉਹ ਉਸ ਵੇਲੇ ਯੂਪੀ ਦੇ ਪ੍ਰਿੰਸੀਪਲ ਸੈਕਟਰੀ ਸਨ। ਉਨ੍ਹਾਂ ਨੇ ਬਾਪੈ ਜਰਨੈਲ ਸਿੰਘ ਨੂੰ ਹੈਡ ਕਲਰਕ ਦੀ ਵਿਸ਼ੇਸ਼ ਤਰੱਕੀ ਦੁਆਈ। ਬਾਪੂ ਜਰਨੈਲ ਸਿੰਘ ਨਾਲ, ਹਾਕੀ ਪ੍ਰਤੀ, ਉਹਨਾਂ ਦੀਆਂ ਪ੍ਰਾਪਤੀਆਂ ਪ੍ਰਤੀ ਬੜੀਆਂ ਵੱਡੀਆਂ ਗੱਲਾਂ ਹੋਈਆਂ।



ਉਨ੍ਹਾਂ ਨਾਲ ਮੇਰੀ ਜਦੋਂ ਦਿਲੀ ਵਾਰਤਾ ਹੋ ਰਹੀ ਸੀ ਤਾਂ ਇੰਗਲੈਂਡ ਤੋਂ ਅਕਾਲ ਟੀਵੀ ਚੈਨਲ ਤੋਂ ਮੈਨੂੰ ਇੱਕ ਇੰਟਰਵੀਊ ਲਈ ਫੋਨ ਆਇਆ ਤਾਂ ਮੈਂ ਉਥੇ ਹੀ ਬੈਠਿਆਂ ਟੀਵੀ 'ਤੇ ਇੰਟਰਵੀਊ ਦਿੰਦਿਆਂ ਬਾਪੂ ਜਰਨੈਲ ਸਿੰਘ ਅਟਵਾਲ ਦੀਆਂ ਉਕਤ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਟੀਵੀ ਚੈਨਲ ਦੇਖ ਰਹੇ ਦਰਸ਼ਕਾਂ ਵੱਲੋਂ ਅਤੇ ਸਰਦਾਰ ਅਜਾਇਬ ਸਿੰਘ ਗਰਚਾ ਵੱਲੋਂ ਉਚੇਚੇ ਤੌਰ 'ਤੇ ਜਰਨੈਲ ਸਿੰਘ ਅਟਵਾਲ ਦੀਆਂ ਪ੍ਰਾਪਤੀਆਂ ਸੁਣ ਕੇ ਹਰ ਕੋਈ ਗਦ-ਗਦ ਹੋਇਆ। ਬੜੀਆਂ ਲੰਬੀਆਂ ਚੌੜੀਆਂ ਗੱਲਾਂ ਬਾਤਾਂ ਵਿਚ ਗੋਰਿਆਂ ਵਰਗੇ ਚੁਸਤ ਚਲਾਕ ਪੱਗ ਬੰਨ੍ਹੀ ਸਰਦਾਰ ਜਰਨੈਲ ਸਿੰਘ ਨੇ ਹਾਕੀ ਦੇ ਜਾਦੂਗਰ ਧਿਆਨਚੰਦ ਦੀਆਂ ਯਾਦਾਂ ਸਾਂਝੀਆ ਕਰਦੀਆਂ ਦੱਸਿਆ ਕਿ ਉਹ ਦੇਵਤਾ ਇਨਸਾਨ ਸੀ। ਸਿੱਧਾ ਸਾਦਾ ਬੰਦਾ ਸੀ। ਉਸਨੇ ਕਦੇ ਪੈਸਾ ਨਹੀਂ ਕਮਾਇਆ, ਉਸਨੇ ਆਪਣੀ ਜ਼ਿੰਦ ਜਾਨ ਹਾਕੀ ਲਈ ਲਾਈ। ਧਿਆਨਚੰਦ ਗਰੀਬੀ 'ਚ ਜੰਮਿਆ, ਗਰੀਬੀ 'ਚ ਖੇਡਿਆ ਅਤੇ ਗਰੀਬੀ 'ਚ ਹੀ ਮਰ ਗਿਆ। ਹਿੰਦੁਸਤਾਨ ਦੇ ਰਾਜੇ ਮਹਾਰਾਜਿਆਂ, ਨਵਾਬਾਂ ਨੇ ਉਸਦੇ ਗੋਲਾਂ 'ਤੇ ਉਨ੍ਹਾਂ ਸਮਿਆਂ 'ਚ ਹਜ਼ਾਰਾਂ ਰੁਪਏ ਲਾਏ। ਜੇ ਉਹ ਉਨੇ ਕੁ ਪੈਸੇ ਹੀ ਇਕੱਠੇ ਕਰ ਲੈਂਦਾ ਤਾਂ ਅੱਜ ਤਾਂ ਵੀ ਉਸਦਾ ਪਰਿਵਾਰ ਦੁਨੀਆ ਦੇ ਧਨਾਡ ਪਰਿਵਾਰਾਂ 'ਚੋਂ ਇਕ ਹੋਣਾ ਸੀ। ਪਰ ਜਦੋਂ ਉਹ ਜਿੱਤਦਾ ਤਾਂ ਸਾਰੇ ਪੈਸੇ ਹਾਕੀ ਖਿਡਾਰੀਆਂ ਵਿਚ ਹੀ ਵੰਡ ਦਿੰਦਾ। ਇੱਕ ਵਾਰ ਇਕ ਰਾਜਸਥਾਨ ਦੇ ਰਾਜੇ ਨੇ ਕਿਹਾ ਕਿ, 'ਧਿਆਨਚੰਦ ਜੇ ਤੂੰ ਸਾਡੀ ਟੀਮ ਵੱਲ੍ਹ ਅੱਜ ਇੱਕ ਵੀ ਗੋਲ ਕਰ ਗਿਆ ਤਾਂ ਤੈਨੂੰ 500 ਰੁਪਇਆ ਮਿਲੇਗਾ।'' ਜਦਕਿ ਉਸ ਸਮੇਂ 500 ਰੁਪਏ ਦਾ ਨਾਮ ਸੁਣਨਾ ਹੀ ਇੱਕ ਅਚੰਭਾ ਸੀ। ਪਰ ਧਿਆਨਚੰਦ ਨੇ ਤਿੰਨ ਗੋਲ ਕੀਤਾ। ਰਾਜੇ ਨੇ ਮੈਦਾਨ 'ਚ ਆ ਕੇ ਉਸਨੂੰ 1500 ਰੁਪਏ ਦਿੱਤੇ। ਹਜ਼ਾਰਾਂ ਦੇ ਇਕੱਠ ਵਿਚ ਇੰਝ ਲੱਗਦਾ ਸੀ ਕਿ ਧਿਆਨਚੰਦ ਨੇ 1500 ਬਦਲੇ ਅੱਜ ਪੂਰੀ ਦੁਨੀਆ ਹੀ ਲੁੱਟ ਲਈ ਹੈ। ਇਸ ਤਰ੍ਹਾਂ ਜਦੋਂ 1947 'ਚ ਦੇਸ਼ ਦੀ ਵੰਡ ਹੋਈ ਤਾਂ ਪੇਸ਼ਾਵਰ ਦੀ ਬੈਂਕ 'ਚ ਉਸਦੇ 20 ਹਜ਼ਾਰ ਰੁਪਏ ਰਹਿ ਗਏ। ਉਸਨੇ ਆਰਮੀ ਅਫ਼ਸਰਾਂ ਨੂੰ ਦੱਸਿਆ ਕਿ ਉਹ ਤਾਂ ਸਦਾ ਲਈ ਲੁੱਟਿਆ ਪੁੱਟਿਆ ਗਿਆ ਤਾਂ ਉਸੇ ਵੇਲੇ ਆਰਮੀ ਅਫਸਰ ਨੇ ਪਾਕਿਸਤਾਨ ਦੇ ਕਮਾਂਡੈਂਟ ਚੀਫ ਨੂੰ ਲੈਟਰ ਲਿਖਿਆ ਤੇ ਉਸ ਬੈਂਕ 'ਚੋਂ ਹਾਕੀ ਦੇ ਜਾਦੂਗਰ ਦੇ ਪੈਸੇ ਵਾਪਸ ਮੰਗਵਾਏ। ਸ. ਜਰਨੈਲ ਸਿੰਘ ਅਟਵਾਲ ਨੇ ਆਪਣੀ ਜ਼ਿੰਦਗੀ ਦੀਆਂ ਧਿਆਨਚੰਦ ਨਾਲ ਬਿਤੇ ਪਲਾਂ ਦੀਆਂ ਬੜੀਆਂ ਅਣਹੋਣੀਆਂ ਕਹਾਣੀਆਂ ਸੁਣਾਈਆਂ। ਇੰਟਰਵੀਊ ਕਰਦਿਆਂ ਕਈ ਵਾਰ ਅੱਖਾਂ ਨਮ ਵੀ ਹੋਈਆਂ। ਕਈ ਅਚੰਭੇ ਵੀ ਲੱਗੇ। ਪਰ ਇੱਕ ਸੰਘਰਸ਼ ਦੀ ਗਾਥਾ, ਇੱਕ ਇਤਿਹਾਸ ਰਚਣ ਦਾ ਕਿੱਸਾ ਸੁਣਨਾ ਆਪਣੇ ਆਪ ਵਿਚ ਹੀ ਸਕੂਨ ਸੀ। ਜਰਨੈਲ ਸਿੰਘ ਅਟਵਾਲ ਹੁਰਾਂ ਦਾ ਵਿਦੇਸ਼ਾਂ 'ਚ ਆਉਣ ਦਾ ਸਬੱਬ ਬਣਿਆ। ਤੇ ਉਨ੍ਹਾਂ ਨੇ ਇੰਗਲੈਂਡ ਅਤੇ ਭਾਰਤ ਦੇ ਸਾਬਕਾ ਓਲੰਪੀਅਨ ਖਿਡਾਰੀਆਂ ਦੇ ਅਧਾਰ 'ਤੇ ਯੂਨਾਈਟੇਡ ਬ੍ਰਦਰ ਕਲੱਬ ਬਣਾਈ। ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਧਿਆਨ ਚੰਦ ਤੋਂ ਬਾਅਦ ਤੁਹਾਡਾ ਚਹੇਤਾ ਖਿਡਾਰੀ ਕੌਣ ਹੈ, ਤਾਂ ਉਨ੍ਹਾਂ ਇੱਕੋ ਗੱਲ ਨਬੇਤੜਦਿਆਂ ਆਖਿਆ- ਸੀਨੀਅਰ ਬਲਵੀਰ ਸਿੰਘ ਅਤੇ ਊਧਮ ਸਿੰਘ ਸੰਸਾਰਪੁਰ। ਜਦੋਂ ਕਿਹਾ ਕਿ ਦੋਹਾਂ 'ਚ ਫਰਕ ਕੋਈ ਤਾਂ ਉਨ੍ਹਾਂ ਕਿਹਾ ਕਿ ਬਲਬੀਰ ਡੀ ਦਾ ਮਾਸਟਰ ਸੀ ਤੇ ਊਧਮ ਸਿੰਘ ਮੈਦਾਨ ਦੀ ਪਲਾਨਿੰਗ ਦਾ ਮਾਸਟਰ ਸੀ। ਉਨ੍ਹਾਂ ਆਖਿਆ ਕਿ ਅੱਜ ਦੀ ਹਾਕੀ ਆਪ ਮੁਹਾਰੇ ਜ਼ਿਆਦਾ ਜਦਕਿ ਸਾਡੇ ਵੇਲੇ ਦੀ ਹਾਕੀ ਤਾਲਮੇਲ ਦੀ ਹਾਕੀ ਸੀ। ਮੇਰੀ ਖੁਸ਼ੀ ਦੀ ਹੱਦ ਉਸ ਵੇਲੇ ਨਾਲ ਰਹੀ ਜਦੋਂ ਉਨ੍ਹਾਂ ਆਖਿਆ ਕਿ ਮੈਂ ਜਗਰੂਪ ਸਿੰਘ ਜਰਖੜ ਦੇ ਹਾਕੀ ਦੇ ਲੇਖ ਬਹੁਤ ਪੜ੍ਹਦਾਂ ਤਾਂ ਮੈਂ ਉਨ੍ਹਾਂ ਨੂੰ ਆਖਿਆ, ਮੈਂ ਬਾਪੂ ਜੀ ਉਹੀ ਹਾਂ...।'' ਤਾਂ ਉਨ੍ਹਾਂ ਆਖਿਆ ਕਿ ਹਾਕੀ ਦੇ ਜਾਦੂਗਰ ਧਿਆਨ ਚੰਦ ਦੀ ਜੋ ਕਦਰ ਹੋਣੀ ਚਾਹੀਦੀ ਸੀ, ਉਹ ਨਹੀਂ ਹੋਈ। ਮੈਂ ਕਿਹਾ ਬਾਪੂ ਜੀ ਸਾਡੀ ਹਾਕੀ ਦਾ ਰੱਬ ਰਾਖਾ।

## ਦਿਲ ਨਿੱਜਰ ਦਾ ਰਚਨਾ ਸੰਸਾਰ:

# ਪਰਵਾਸੀ ਸੋਚ ਦੇ ਦ੍ਰਿਸ਼ਟੀਕੋਣ ਦੇ ਸੰਦਰਭ ਵਿਚ

ਤੇਗਬੀਰ ਸਿੰਘ ਸੇਖੋਂ
ਪੰਜਾਬੀ ਅਧਿਆਪਕ
ਸਰਕਾਰੀ ਹਾਈ ਸਕੂਲ, ਖੁੰਡੇ ਹਲਾਲ
ਸ਼੍ਰੀ ਮੁਕਤਸਰ ਸਾਹਿਬ
+918146800868
email-tegbirsekhon@gmail.com

ਆਧੁਨਿਕ ਯੁੱਗ ਵਿੱਚ ਪੰਜਾਬੀ ਸਾਹਿਤ ਆਪਣੀਆਂ ਸਿਖਰਾਂ ਨੂੰ ਛੋਹ ਰਿਹਾ ਹੈ,ਇਸ ਵਿਚ ਪੰਜਾਬ ਵਿਚ ਵਸਦੇ ਸਾਹਿਤਕਾਰਾਂ ਦੇ ਨਾਲ ਨਾਲ ਵਿਦੇਸ਼ਾਂ ਵਿਚ ਰਹਿੰਦੇ ਸਾਹਿਤਕਾਰਾਂ ਦਾ ਵੀ ਵਡਮੁੱਲਾ ਯੋਗਦਾਨ ਹੈ। ਆਪਣੀ ਮਾਤਭੂਮੀ ਪੰਜਾਬ ਤੋਂ ਵਿਦੇਸ਼ਾਂ ਵਿਚ ਜਾ ਵੱਸੇ ਵਾਸੀਆਂ ਨੂੰ ਪ੍ਰਵਾਸੀ ਕਿਹਾ ਜਾਂਦਾ ਹੈ। 19ਵੀਂ ਸਦੀ ਦੇ ਆਖਰੀ ਸਮੇਂ ਦੌਰਾਨ ਹੀ ਪੰਜਾਬ ਦੇ ਲੋਕ ਦੂਰ ਦੁਰਾਡੇ ਦੇਸ਼ ਜਿਵੇਂ ਕੈਨੇਡਾ, ਅਮਰੀਕਾ, ਇੰਗਲੈਂਡ, ਜਾਪਾਨ, ਜਰਮਨੀ, ਇਟਲੀ, ਫਰਾਂਸ, ਨਾਰਵੇ ਆਦਿ ਵਿਚ ਜਾਣੇ ਸ਼ੁਰੂ ਹੋ ਗਏ ਸਨ। 20ਵੀਂ ਸਦੀ ਦੌਰਾਨ ਇਸ ਰੁਝਾਨ ਵਿਚ ਤੇਜ਼ੀ ਆਉਣੀ ਸ਼ੁਰੂ ਹੋਈ ਅਤੇ ਸਦੀ ਦੇ ਆਖਰੀ ਦਹਾਕੇ ਦੌਰਾਨ ਇਸ ਪਰਵਾਸ ਦੀ ਰਫਤਾਰ ਨੇ ਪੂਰੀ ਰਫਤਾਰ ਫੜ ਲਈ ਸੀ । ਅੱਜ ਪੰਜਾਬੀ ਲੋਕ ਦੁਨੀਆਂ ਦੇ ਕੋਨੇ-ਕੋਨੇ ਵਿਚ ਵੱਸੇ ਹੋਏ ਹਨ।

ਪਰਵਾਸੀ ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ।ਪਰ ਤੋਂ ਭਾਵ ਹੈ ਪਰਾਇਆ, ਵਾਸੀ ਕਿਸੇ ਥਾਂ ਦੇ ਵਸਨੀਕ ਨੂੰ ਕਿਹਾ ਜਾਂਦਾ ਹੈ।ਇਸ ਤਰ੍ਹਾਂ ਪਰਵਾਸੀ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜੋ ਆਪਣੇ ਮੂਲ ਸਥਾਨ ਤੋਂ ਕਿਸੇ ਹੋਰ ਸਥਾਨ ਤੇ ਜਾ ਵਸਦਾ ਹੈ। ਘਰ ਦੇ ਵਿਗੜੇ ਹਾਲਾਤਾਂ ਨੂੰ ਬਦਲਣ, ਨੌਕਰੀ ਖਾਤਰ ਜਾਂ ਹੋਰ ਕਈ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਖਾਤਰ ਪੰਜਾਬੀਆਂ ਨੇ ਆਪਣੀ ਮਾਤਭੂਮੀ ਛੱਡੀ ਅਤੇ ਸਮੁੰਦਰੋਂ ਪਾਰ ਵੱਸ ਗਏ।ਵਿਦੇਸ਼ੀ ਵਸਣ ਕਰਕੇ ਉਹ ਪੰਜਾਬ ਦੇ ਘਰ, ਪਰਿਵਾਰ, ਸਭਿਆਚਾਰ, ਰੀਤੀ-ਰਿਵਾਜ਼, ਖਾਣ-ਪੀਣ ਨੂੰ ਭੁੱਲ ਨਾ ਸਕੇ ਅਤੇ ਉਹਨਾਂ ਦਾ ਅੰਦਰਲਾ, ਮਨ ਕਿਸੇ ਨਾ ਕਿਸੇ ਬਹਾਨੇ ਆਪਣੀ ਮਾਤਭੂਮੀ ਲਈ ਵਿਲਕਦਾ ਰਹਿੰਦਾ ਹੈ। ਅਜਿਹੇ ਵਿਚ ਪਰਵਾਸੀ ਦਾ ਆਪਣੇ ਮਨ ਦੇ ਵਿਚਾਰ, ਦੁੱਖ ਤਕਲੀਫ਼ਾਂ, ਮਾਨਸਿਕ ਮਨੋਦਸ਼ਾ, ਸੰਸੇ, ਰਿਸ਼ਤਿਆਂ ਦੇ ਨਿੱਘ ਸੰਬੰਧੀ ਵਲਵਲਿਆਂ ਨੂੰ ਕਵਿਤਾ, ਨਾਟਕ, ਕਹਾਣੀ ਆਦਿ ਸਾਹਿਤਕ ਰੂਪਾਂ ਨਾਲ ਵਾਹ ਪੈਂਦਾ ਹੈ।

ਸਮੇਂ ਦੇ ਬਦਲਣ ਨਾਲ ਪਰਵਾਸੀ ਸਾਹਿਤ ਦੇ ਅੰਤਰਗਤ ਵੀ ਨਵੀਆਂ ਤਬਦੀਲੀਆਂ ਆਉਂਦੀਆਂ ਮਹਿਸੂਸ ਹੁੰਦੀਆਂ ਹਨ ।ਪਰਵਾਸੀ ਸਾਹਿਤਕਾਰਾਂ ਨੇ ਵਿਸ਼ਵ ਵਿਆਪੀ ਸਰੋਕਾਰਾਂ ਦੀ ਗੱਲ ਆਪਣੀਆਂ ਲਿਖਤਾਂ ਰਾਹੀਂ ਕੀਤੀ ਹੈ।ਅੱਜ ਪਰਵਾਸੀ ਸਾਹਿਤਕਾਰ ਖੁੱਲ ਕੇ ਹਰ ਵਿਸ਼ੇ ਜਿਵੇਂ ਭਰੂਣ ਹੱਤਿਆ, ਏਡਜ਼ ਅਤੇ ਲਿੰਗਕ ਸਮੱਸਿਆਵਾਂ, ਪ੍ਰਵਾਸੀਆਂ ਦੀ ਤ੍ਰਾਸਦੀ ਆਦਿ ਨੂੰ ਪ੍ਰਗਟਾ ਰਿਹਾ ਹੈ। ਪੰਜਾਬੀ ਕਵਿਤਾ ਰਾਹੀਂ ਪ੍ਰਵਾਸੀਆਂ ਨੇ ਪੰਜਾਬੀ ਸਾਹਿਤ ਜਗਤ ਵਿਚ ਪ੍ਰਵੇਸ਼ ਕੀਤਾ ।20ਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਕਵਿਤਾ ਕੈਨੇਡਾ ਅਤੇ ਅਮਰੀਕਾ ਵਿਚ ਵਸੇ ਪ੍ਰਵਾਸੀ ਕਵੀਆਂ ਦੁਆਰਾ ਲਿਖਣੀ ਆਰੰਭ ਹੋਈ ।ਗਿਣਤੀ ਪੱਖੋਂ ਇੰਗਲੈਂਡ ਵਿਚ ਵਧੇਰੇ ਕਵਿਤਾ ਲਿਖੀ ਗਈ ਹੈ ਅਤੇ ਇਹ ਰੁਝਾਨ ਅੱਜ ਵੀ ਨਿਰੰਤਰ ਜਾਰੀ ਹੈ।



ਅਜਿਹੇ ਹੀ ਇਕ ਪ੍ਰਵਾਸੀ ਕਵੀ ਦਲਵੀਰ ਦਿਲ ਨਿੱਜਰ ਹਨ ਜਿਹਨਾਂ ਨੇ ਆਪਣੀ ਸੰਘਰਸ਼ ਭਰਪੂਰ ਜ਼ਿੰਦਗੀ ਨਾਲ ਦੋ-ਚਾਰ ਹੁੰਦੇ ਹੋਏ ਅਮਰੀਕਾ ਦੀ ਧਰਤੀ ਤੇ ਜਾ ਕੇ ਨਾ ਸਿਰਫ ਆਪਣੀ ਜ਼ਿੰਦਗੀ ਦਾ ਪੱਧਰ ਉਚਾ ਚੁੱਕਣ ਲਈ ਮਿਹਨਤ ਕੀਤੀ ਸਗੋਂ ਆਪਣੇ ਅੰਦਰਲੇ ਕਾਵਿ ਮਨ ਨੂੰ ਵੀ ਕਦੇ ਮਰਨ ਨਹੀਂ ਦਿੱਤਾ।ਵਿਦੇਸ਼ਾਂ ਦੀ ਚਕਾਚੌਂਧ ਭਰਪੂਰ ਜ਼ਿੰਦਗੀ ਦੇ ਕੌੜੇ ਪਹਿਲੂ ਉਹਨਾਂ ਦੀ ਕਾਵਿ ਰਚਨਾ ਵਿਚ ਵੀ ਬਾਖੂਬੀ ਉੱਭਰ ਕੇ ਸਾਹਮਣੇ ਆਉਂਦੇ ਹਨ ।ਮਿਹਨਤਕਸ਼ ਜ਼ਿੰਦਗੀ ਤੋਂ ਸ਼ੁਰੂ ਹੋ ਕੇ ਅਮਰੀਕਾ ਦੇ ਰੀਅਲ ਅਸਟੇਟ ਦੇ ਚੰਗੇ ਸਨਮਾਨਜਨਕ ਕਾਰੋਬਾਰ ਵਿਚ ਆਪਣੀ ਕਾਮਯਾਬੀ ਦੇ ਝੰਡੇ ਗੱਡੇ ਅਤੇ ਆਪਣੀ ਕਾਵਿਕ ਕਲਾ ਨਾਲ ਪੰਜਾਬੀ ਸਾਹਿਤ ਦੀ ਅਮੀਰੀ ਵਿਚ ਆਪਣਾ ਬਾਖੂਬੀ ਯੋਗਦਾਨ ਪਾਇਆ। ਸਾਹਿਤਕ ਖੇਤਰ ਵਿਚ ਆਪ ਨੂੰ ਦਿਲ ਨਿੱਜਰ ਦੇ ਨਾਮ ਨਾਲ ਜਿਆਦਾ ਜਾਣਿਆ ਜਾਂਦਾ ਹੈ ।ਦਿਲ ਨਿੱਜਰ ਹੁਰਾਂ ਨੇ ਨਾ ਸਿਰਫ਼ ਆਪਣੀ ਕਲਮ ਨਾਲ ਪੰਜਾਬੀ ਸਾਹਿਤ ਦੀ ਸੇਵਾ ਵਿਚ ਆਪਣਾ ਯੋਗਦਾਨ ਪਾਇਆ ਸਗੋਂ ਸਾਹਿਤ ਸਭਾ ਕੈਲੇਫੋਰਨੀਆਂ ਦੇ ਪ੍ਰਧਾਨ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਉਂਦਿਆਂ ਸਾਹਿਤ ਦੀ ਪ੍ਰਫੁੱਲਤਾ ਵਿਚ ਵੀ ਮੋਹਰੀ ਰੋਲ ਅਦਾ ਕੀਤਾ।

ਦਿਲ ਨਿੱਜਰ ਹੁਰਾਂ ਦਾ ਪਹਿਲਾ ਕਾਵਿ ਸੰਗ੍ਰਹਿ 'ਦਿਲ ਦਹਿਲੀਜ਼' 2013 ਵਿਚ ਪੰਜ ਆਬ ਪ੍ਰਕਾਸ਼ਨਾ ਸਮੂਹ ਵੱਲੋਂ ਛਾਪਿਆ ਗਿਆ।ਇਸ ਕਾਵਿ ਸੰਗ੍ਰਹਿ ਵਿਚਲੇ ਗੀਤ ਅਤੇ ਕਵਿਤਾਵਾ ਦਿਲ ਨਿੱਜਰ ਦੇ ਕੋਮਲ ਹਿਰਦੇ ਵਿਚੋਂ ਪੈਦਾ ਹੋਈਆਂ ਸੁੱਚੀਆਂ ਭਾਵਨਾਵਾਂ ਦਾ ਕਲਾਮਈ ਪ੍ਰਗਟਾਵਾ ਹਨ। ਇਸ ਕਾਵਿ ਸੰਗ੍ਰਹਿ ਵਿਚ ਉਹਨਾਂ ਨੇ ਮੁੱਖ ਤੌਰ ਤੇ ਆਪਣੇ ਪਿੰਡ ਦੀਆਂ ਯਾਦਾਂ, ਰਿਸ਼ਤਿਆਂ ਦਾ ਨਿੱਘ, ਨਿੱਜੀ ਪਿਆਰ ਦਾ ਵੇਗਮਈ ਪ੍ਰਗਟਾਵਾ, ਪੰਜਾਬ ਦੀ ਵਿਰਾਸਤ ਆਦਿ ਵਿਸ਼ਿਆਂ ਨੂੰ ਛੁਹਿਆ ਹੈ। ਇਸ ਪਹਿਲੇ ਕਾਵਿ ਸੰਗ੍ਰਹਿ ਵਿਚ ਆਪਣੇ ਤੇ ਬਿਗਾਨੇ, ਪੰਜਾਬ, ਕੌਣ ਦਿਲਾਂ ਦੀਆਂ ਜਾਣੇ, ਸਭਿਆਚਾਰ ਦੀ ਯਾਦ, ਮੇਰੇ ਪਿੰਡ ਦੀ ਮਿੱਟੀ, ਹਾਲ ਪੰਜਾਬ ਦੇ, ਅਮਰੀਕਾ ਦੇ ਦੁੱਖ ਆਦਿ ਕੁਝ ਅਜਿਹੀਆਂ ਰਚਨਾਵਾਂ ਹਨ ਜਿਹਨਾਂ ਵਿਚ ਪੰਜਾਬ ਪ੍ਰਤੀ ਪਿਆਰ, ਫਿਕਰ ਅਤੇ ਅਮਰੀਕਾ ਦੀ ਧਰਤੀ ਦੇ ਕੋਝੇ ਰੂਪਾਂ ਬਾਰੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਮਿਲਦਾ ਹੈ।

ਦਿਲ ਨਿੱਜਰ ਦਾ ਦੂਜਾ ਕਾਵਿ ਸੰਗ੍ਰਹਿ 'ਪਰਵਾਜ-ਏ ਦਿਲ' ਵੀ ਸਾਲ 2013 ਦੌਰਾਨ ਹੀ ਪੰਜ ਆਬ ਪ੍ਰਕਾਸ਼ਨਾ ਸਮੂਹ ਵੱਲੋਂ ਹੀ ਪ੍ਰਕਾਸ਼ਿਤ ਕੀਤਾ ਗਿਆ ।ਪਹਿਲੇ ਦੋਵੇਂ ਕਾਵਿ ਸੰਗ੍ਰਹਿ ਇਕੋ ਸਮੇਂ ਛਾਪਣ ਪਿੱਛੇ ਵੀ ਇਕ ਅਜੀਬ ਦਾਸਤਾਨ ਹੈ ।ਦਰਅਸਲ ਦਿਲ ਨਿੱਜਰ ਹੁਰੀਂ ਲੰਮੇ ਸਮੇਂ ਤੋਂ ਕਾਵਿ ਰਚਨਾ ਦੇ ਖੇਤਰ ਵਿਚ ਕਾਰਜਸ਼ੀਲ ਹਨ ਪਰ ਕਵਿਤਾਵਾਂ ਲਿਖ ਲੈਂਦੇ ਅਤੇ ਸੰਭਾਲ ਕੇ ਰੱਖ ਲੈਂਦੇ ਸਨ। ਇਹਨਾਂ ਦੇ ਪ੍ਰਕਾਸ਼ਿਤ ਹੋਣ ਪਿੱਛੇ ਉਹਨਾਂ ਦੇ ਇਕ ਮਿੱਤਰ ਦੀਪ ਮੰਗਲੀ ਅਤੇ ਪ੍ਰਿੰਸੀਪਲ ਸਵਿੰਦਰ ਸਿੰਘ ਛੀਨਾ ਦਾ ਬੜਾ ਯੋਗਦਾਨ ਰਿਹਾ। ਮੰਗਲੀ ਸਾਹਿਬ ਦੀ ਪ੍ਰੇਰਨਾ ਹੀ ਇਹਨਾਂ ਦੀ ਪ੍ਰਕਾਸ਼ਨਾ ਦਾ ਜ਼ਰੀਆ ਬਣੀ। ਇਸ ਦੂਜੇ ਕਾਵਿ ਸੰਗ੍ਰਹਿ ਵਿਚ ਦਿਲ ਨਿੱਜਰ ਮਾਤ-ਭੂਮੀ ਦੇ ਵਿਛੋੜੇ ਅਤੇ ਅਜੋਕੀ ਸਿਆਸਤ ਦੇ ਝੰਡਾ ਬਰਦਾਰਾਂ ਵੱਲੋਂ ਧਾਰਨ ਕੀਤੇ ਮਖੌਟੇ, ਧਰਮ ਦੇ ਠੇਕੇਦਾਰਾਂ ਦੀਆਂ ਕੋਝੀਆਂ ਚਾਲਾਂ ਤੋਂ ਲੋਕਾਈ ਨੂੰ ਸੁਚੇਤ ਕਰਦਾ ਹੈ। ਇਸ ਕਾਵਿ ਸੰਗ੍ਰਹਿ ਦੀਆਂ ਰਚਨਾਵਾਂ ਜਿਵੇਂ ਕੀ ਟੁੱਟਿਆ, ਅਰਮਾਨਾਂ ਦੀ ਕਿਸ਼ਤੀ, ਬਾਬਲ ਦੇ ਵਿਹੜੇ, ਧਰਮ ਦੇ ਨਾਂ ਤੇ, ਜੋਰ ਤੂਫਾਨਾਂ ਦਾ, ਦੇਸ਼ ਦਾ ਅੰਨ ਦਾਤਾ, ਜਮੀਰ ਨੂੰ ਜਗਾਉ, ਆਦਿ ਚਿੰਤਕ ਪਾਠਕਾਂ ਦਾ ਧਿਆਨ ਆਪਣੇ ਵੱਲ ਬਾਖੂਬੀ ਖਿੱਚਦੀਆਂ ਹਨ। ਜਿਵੇਂ ਕਿ ਪੰਜਾਬ ਦੇ ਗੌਰਵਮਈ ਇਤਿਹਾਸ ਨੂੰ ਚੇਤੇ ਕਰਦਾ ਅਤੇ ਪੰਜਾਬ ਦੇ ਮਾੜੇ ਹਾਲਾਤਾਂ ਨੂੰ ਆਪਣੀ ਕਲਮ ਰਾਹੀਂ ਇੰਝ ਚਿਤਰਦਾ ਹੈ :

ਸੁਣਿਆ ਏ ਅੱਜ ਫਿਰ ਕਿਸੇ ਦਾ ਕਤਲ ਹੋ ਗਿਆ,
ਸ਼ਹਿਰ ਸਾਰਾ ਅੱਜ ਫਿਰ ਖਾਮੋਸ਼ ਹੋ ਕੇ ਸੌਂ ਗਿਆ।

ਇਸੇ ਤਰ੍ਹਾਂ ਇਕ ਕਿਸਾਨ ਦੀ ਹਾਲਤ ਨੂੰ ਉਹ ਇਵੇਂ ਬਿਆਨ ਕਰਦਾ ਹੈ:

ਗਿਲਾ ਨਹੀਂ ਸਾਨੂੰ ਸੈਂਟਰ ਸਰਕਾਰ ਉੱਤੇ,
ਉਥੇ ਹਰੇਕ ਗਾਂਧੀ ਦਾ ਚਰਖਾ ਘੁਮਾਈ ਜਾਂਦਾ।
ਹਲ੍ਹ ਵਾਲੀ ਹੱਥੀਂ ਗੈਰਾਂ ਹੱਥ ਆਈ ਲਗਦੀ,
ਫਾਲਾ ਕਿਸਾਨ ਦਾ ਛਾਤੀ ਵਿੱਚ ਜਾਈ ਜਾਂਦਾ ।

ਦਿਲ ਨਿੱਜਰ ਦਾ ਤੀਜਾ ਕਾਵਿ ਸੰਗ੍ਰਹਿ 'ਦਿਲ ਦਰਿਆ ਦੇ ਵਹਿਣ' ਸਾਲ 2017 ਵਿਚ ਛਪਿਆ। ਇਸਨੂੰ ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਵੱਲੋਂ ਛਾਪਿਆ ਗਿਆ। ਇਹ ਕਾਵਿ ਸੰਗ੍ਰਹਿ ਸਾਹਿਤ ਸਭਾ ਕੈਲੇਫੋਰਨੀਆਂ ਨੂੰ ਸਮਰਪਿਤ ਕੀਤੀ ਗਿਆ ਹੈ ।

ਦਿਲ ਨਿੱਜਰ ਆਪਣੀਆਂ ਰਚਨਾਵਾਂ ਨਾਲ ਧਰਮ, ਜਾਤ ਅਤੇ ਰਾਜਨੀਤੀ ਦੇ ਆਡੰਬਰ ਤੋਂ ਲੋਕਾਂ ਨੂੰ ਜਾਗਰੂਕ ਕਰਦਾ ਹੋਇਆ ਇਸਦੇ ਮਾਇਆ ਜਾਲ ਨੂੰ ਰੱਦ ਕਰਦਾ ਹੈ।ਇਸ ਕਾਵਿ ਸੰਗ੍ਰਹਿ ਦੀ ਵਿਸ਼ੇਸ਼ਤਾ ਇਹ ਹੈ ਕਿ ਵਿਸ਼ੇਗਤ ਸਰੋਕਾਰਾਂ ਪੱਖੋਂ ਇਹ ਹੱਦਾਂ ਸਰਹੱਦਾਂ ਤੋਂ ਪਾਰ ਜਾਂਦੀ ਹੋਈ ਵਿਸ਼ਵ ਵਿਆਪੀ ਪੱਧਰ ਨੂੰ ਛੋਂਹਦੀ ਪ੍ਰਤੀਤ ਹੁੰਦੀ ਹੈ।

ਦਿਲ ਨਿੱਜਰ ਇਕ ਭਾਵਨਾਵਾਂ ਨਾਲ ਲਬਰੇਜ਼ ਮਾਨਵਵਾਦੀ ਰੁਚੀ ਵਾਲਾ ਕਵੀ ਹੈ। ਉਹ ਆਪਣੀਆਂ ਰਚਨਾਵਾਂ ਵਿਚ ਮਨੁੱਖਤਾ, ਸਾਂਝੀਵਾਲਤਾ, ਭਾਈਚਾਰੇ ਦੀ ਗੱਲ ਕਰਦਾ ਹੈ। ਉਸ ਦੀਆਂ ਰਚਨਾਵਾਂ ਵਿਚ ਪਾਠਕਾਂ ਨੂੰ ਬੌਧਿਕ ਰੂਪ ਵਿਚ ਇਕ ਚੇਤੰਨ ਮਨੁੱਖ ਬਣਾਉਣ ਦੀ ਵਿਲੱਖਣ ਭਾਵਨਾ ਨਜ਼ਰ ਆਉਂਦੀ ਹੈ।

ਅਮਰੀਕਾ ਦੇ ਸ਼ਹਿਰ ਸੈਕਰਾਮੈਂਟੋ ਕੈਲੇਫੋਰਨੀਆਂ ਵਿਚ ਵਸਦਾ ਪੰਜਾਬੀ ਅਤੇ ਪੰਜਾਬੀਅਤ ਨੂੰ ਪਰਨਾਏ ਹੋਏ ਇਸ ਸ਼ਾਇਰ ਤੋਂ ਪੰਜਾਬੀ ਸਾਹਿਤਕ ਪ੍ਰੇਮੀਆਂ ਨੂੰ ਬਹੁਤ ਆਸਾਂ ਹਨ ਕਿ ਉਹ ਆਪਣੀ ਕਲਮ ਰਾਹੀਂ ਲੰਮੇ ਸਮੇਂ ਤੱਕ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਾ ਰਹੇ।

# ਪੀ ਏ ਯੂ ਲੁਧਿਆਣਾ ਟਿੱਚ ਸਮਝਦੀ ਹੈ ਭਾਰਤ ਦੇ ਸੰਵਿਧਾਨ ਨੂੰ



ਐਸ. ਆਰ. ਲੱਧੜ
ਆਈ. ਏ. ਐਸ.
91-94175-00810

ਪੰਜਾਬ ਖੇਤੀ-ਬਾੜੀ ਯੂਨਿਵਰਸਟੀ ਲੁਧਿਆਣਾ ਪੰਜਾਬ ਸਰਕਾਰ ਵੱਲੋਂ 13 ਅਕਤੂਬਰ 1961 ਨੂੰ ਪਾਸ ਕੀਤੇ ਐਕਟ ਦੇ ਤਹਿਤ 1962 ਵਿੱਚ ਹੋਂਦ ਵਿੱਚ ਆਈ। ਬਾਅਦ ਵਿੱਚ ਭਾਰਤ ਦੇਸ਼ ਦੀ ਪਾਰਲੀਮੈਂਟ ਨੇ 1970 ਵਿੱਚ ਹਰਿਆਣਾ ਅਤੇ ਪੰਜਾਬ ਯੂਨਿਵਰਸਟੀਜ਼ ਐਕਟ 1970 ਪਾਸ ਕੀਤਾ। ਮੌਜੂਦਾ ਵਾਈਸ ਚਾਂਸਲਰ ਸ੍ਰੀ ਬਲਦੇਵ ਸਿੰਘ ਢਿੱਲੋ ਵੱਲੋਂ ਪੰਜਾਬ ਯੂਨਿਵਰਸਟੀ ਦੇ ਐਕਟ ਅਤੇ ਸੰਵਿਧਾਨ ਨੂੰ 2012 ਤੱਕ ਸੋਧਤ ਕੇ ਪ੍ਰਕਾਸ਼ਿਤ ਕੀਤਾ ਗਿਆ। ਪੰਜਾਬ ਯੂਨਿਵਰਸਟੀ ਲੁਧਿਆਣਾ ਦੇਸ਼ ਅਜ਼ਾਦ ਹੋਣ ਤੋਂ 15 ਸਾਲ ਬਾਅਦ ਹੋਂਦ ਵਿੱਚ ਆਈ। ਉਸ ਵੇਲੇ ਭਾਰਤ ਦੇ ਸੰਵਿਧਾਨ ਨੂੰ ਲਾਗੂ ਹੋਇਆਂ ਵੀ 12 ਸਾਲ ਹੋ ਗਏ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਿਦਿਅਕ ਅਦਾਰੇ ਵਿੱਚ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਵਿਅਕਤੀਆਂ ਲਈ ਦਾਖਲੇ ਤਾਂ ਹੁੰਦੇ ਹਨ ਪਰ ਵਿਦਿਆਰਥੀ ਪੀ ਐਚ ਡੀ ਆਦਿ ਦੀਆਂ ਡਿਗਰੀਆਂ ਹਾਸਲ ਕਰਕੇ ਵੀ ਇਸ ਅਦਾਰੇ ਵਿੱਚ ਬਤੌਰ ਅਸਿਸਟੈਂਟ ਪ੍ਰੋਫੈਸਰ ਨੌਕਰੀ ਨਹੀਂ ਕਰ ਸਕਦੇ ਕਿਉਂਕਿ ਯੂਨਿਵਰਸਟੀ ਵਿੱਚ ਟੀਚਿੰਗ ਸਟਾਫ ਲਈ ਕੋਈ ਵੀ ਰਾਖਵਾਂਕਰਣ ਨਹੀਂ ਹੈ। ਇੱਕ ਸੂਚਨਾ ਅਨੁਸਾਰ ਯੂਨਿਵਰਸਟੀ ਵਿੱਚ ਲਗਭਗ 800 ਟੀਚਰ ਵੱਖ-ਵੱਖ ਪੋਸਟਾਂ ਤੇ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਨਿਯੁਕਤ ਹਨ ਪਰ ਇਹਨਾਂ ਵਿੱਚ ਇੱਕ ਵੀ ਵਿਅਕਤੀ ਅਨੁਸੂਚਿਤ ਜਾਤੀ ਜਾਂ ਜਨਜਾਤੀ ਵਿੱਚੋਂ ਰਾਖਵਾਂਕਰਨ ਦਾ ਲਾਭ ਲੈ ਕੇ ਭਰਤੀ ਨਹੀਂ ਹੋਇਆ ਹੈ। ਇਹੀ ਹਾਲ ਪੀ ਏ ਯੂ ਵਿੱਚੋਂ ਹੋਂਦ ਵਿੱਚ ਆਈ ਨਵੀਂ ਯੂਨਿਵਰਸਟੀ ਗਡਵਾਸੂ ਦਾ ਹੈ ਜਿਸ ਵਿੱਚ ਇੱਕ ਵੀ ਟੀਚਿੰਗ ਸਟਾਫ ਦਾ ਮੈਂਬਰ ਰਾਖਵੇਂਕਰਨ ਦਾ ਲਾਭ ਲੈ ਕੇ ਭਰਤੀ ਨਹੀਂ ਹੋਇਆ। 1966 ਦੀ ਪੰਜਾਬ ਵੰਡ ਤੋਂ ਬਾਅਦ ਹਿਸਾਰ ਵਿੱਖੇ ਚੌਧਰੀ ਚਰਨ ਸਿੰਘ ਐਗਰੀਕਰਲਚਲ ਯੂਨਿਵਰਸਟੀ ਅਤੇ ਪਾਲਮਪੁਰ ਵਿੱਖੇ ਚੌਧਰੀ ਸਰਵਣ ਕੁਮਾਰ ਹਿਮਾਚਲ ਪ੍ਰਦੇਸ਼ ਕ੍ਰਿਸ਼ੀ ਵਿਸ਼ਵ ਵਿਦਆਲਿਆ ਵਿੱਚ ਟੀਚਿੰਗ ਸਟਾਫ ਲਈ ਆਪਣੇ-ਆਪਣੇ ਰਾਜ਼ ਦੀ ਰਾਖਵਾਂਕਰਨ ਪਾਲਿਸੀ ਮੁਤਾਬਕ ਪਹਿਲੇ ਦਿਨ ਤੋਂ ਲਗਾਤਾਰ ਭਰਤੀ ਕੀਤੀ ਜਾ ਰਹੀ ਹੈ ਅਤੇ ਦੋਵੇਂ ਰਾਜਾਂ ਦੇ ਟੀਚਿੰਗ ਸਟਾਫ ਦੀ ਹਰ ਭਰਤੀ ਦੇ ਇਸ਼ਤਿਹਾਰ ਵਿੱਚ ਅਨੁਸੂਚਿਤ ਜਾਤੀ ਜਨਜਾਤੀ ਲਈ ਰਾਖਵਾਂਕਰਨ ਪਾਲਿਸੀ ਅਨੁਸਾਰ ਸੀਟਾਂ ਰਿਜ਼ਰਵ ਕੀਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਗੁਰੂ ਨਾਨਕ ਦੇਵ ਯੂਨਿਵਰਸਟੀ ਅਮ੍ਰਿਤਸਰ ਅਤੇ ਪੰਜਾਬੀ ਯੂਨਿਵਰਸਟੀ ਪਟਿਆਲਾ ਵਿੱਚ ਵੀ ਟੀਚਿੰਗ ਸਟਾਫ ਲਈ ਰਾਖਵਾਂਕਰਨ ਦੀ ਪਾਲਿਸੀ ਸ਼ਤ-ਪ੍ਰਤੀਸ਼ਤ ਲਾਗੂ ਹੈ। ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਖੇ ਪੰਜਾਬ ਯੂਨਿਵਰਸਟੀ ਵਿੱਚ ਵੀ ਟੀਚਿੰਗ ਸਟਾਫ ਲਈ ਰਾਖਵਾਂਕਰਨ ਪਾਲਿਸੀ ਅਨੁਸਾਰ ਭਰਤੀ ਹੋ ਰਹੀ ਹੈ ਅਤੇ ਸੈਂਟਰਲ ਯੂਨਿਵਰਸਟੀ ਪੰਜਾਬ ਬਠਿੰਡਾ ਦੇ ਟੀਚਿੰਗ ਸਟਾਫ ਵਿੱਚ ਵੀ ਰਾਖਵਾਂਕਰਨ ਦੀ ਪਾਲਿਸੀ ਲਾਗੂ ਹੈ। ਪੰਜਾਬ ਐਗਰੀਕਲਚਰਲ ਯੂਨਿਵਰਸਟੀ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਬੀ ਐਸ ਸੀ, ਐਮ ਐਸ ਸੀ ਅਤੇ ਪੀ ਐਚ ਡੀ ਵਿੱਚ ਦਾਖਲੇ ਲਈ ਰਾਖਵਾਂਕਰਨ ਤਾਂ ਦਿੰਦੀ ਹੈ ਪਰ ਟੀਚਿੰਗ ਸਟਾਫ ਲਈ ਭਰਤੀ ਨਹੀਂ ਕਰਦੀ, ਜਿਸ ਕਾਰਣ ਅਨੁਸੂਚਿਤ ਜਾਤੀ ਦੇ ਬੱਚਿਆਂ ਵਿੱਚ ਇਸ ਯੂਨਿਵਰਸਟੀ ਵਿੱਚ ਪੜ੍ਹਨ ਦਾ ਉਤਸ਼ਾਹ ਲਗਭਗ ਖ਼ਤਮ ਹੋ ਗਿਆ ਹੈ। ਆਰ ਟੀ ਆਈ ਐਕਟ ਤਹਿਤ ਪ੍ਰਾਪਤ ਅੰਕੜਿਆਂ ਅਨੁਸਾਰ ਇਸ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੀ ਪ੍ਰਤੀਸ਼ਤ 5.5 ਤੇ ਪਹੁੰਚ ਗਈ ਹੈ ਜਦੋਂ ਕਿ ਪੰਜਾਬ ਸਰਕਾਰ ਦੀ ਪਾਲਿਸੀ ਮੁਤਾਬਕ ਇਹ 25 ਪ੍ਰਤੀਸ਼ਤ ਹੋਣੀ ਚਾਹੀਦੀ ਹੈ। ਯੂਨੀਵਰਸਿਟੀ ਦੀ ਟੀਚਿੰਗ ਸਟਾਫ ਲਈ ਰਾਖਵਾਂਕਰਨ ਦੀ ਪਾਲਿਸੀ ਨੂੰ ਦਰਕਿਨਾਰ ਕਰਨਾ ਖੇਤੀਬਾੜੀ ਨਾਲ ਸਬੰਧਤ ਵਿਸ਼ਿਆਂ ਦੀ ਪੜ੍ਹਾਈ ਕਰਦੇ, ਅਨੁਸੂਚਿਤ ਜਾਤੀ ਵਰਗ ਦੇ ਵਿਦਿਆਰਥੀਆਂ ਲਈ ਵੱਡੀ ਸੱਟ ਹੈ। ਪੰਜਾਬ ਪ੍ਰਦੇਸ਼ ਪੂਰੇ ਭਾਰਤ ਵਿੱਚ ਸਭ ਤੋਂ ਵੱਧ ਅਨੁਸੂਚਿਤ ਜਾਤੀ ਦੀ ਵੱਸੋਂ ਵਾਲਾ ਪ੍ਰਦੇਸ਼ ਹੈ। 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ 31.94 ਪ੍ਰਤੀਸ਼ਤ ਅਬਾਦੀ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। ਇੱਕ ਅਨੁਮਾਨ ਅਨੁਸਾਰ ਅਨੁਸੂਚਿਤ ਜਾਤੀ ਦੀ ਅਬਾਦੀ ਵਿੱਚ ਰਾਇ ਸਿੱਖ ਵੀ ਸ਼ਾਮਲ ਹੋਣ ਨਾਲ ਇਹ ਅਬਾਦੀ ਹੁਣ ਲਗਭਗ 34 ਪ੍ਰਤੀਸ਼ਤ ਹੋ ਗਈ ਹੈ। ਵੱਧਦੀ ਅਬਾਦੀ ਨੂੰ ਦੇਖ ਕੇ ਪਿਛਲੇ ਸਮੇਂ ਵਿੱਚ ਪੰਜਾਬ ਦੀਆਂ 13 ਵਿੱਚੋਂ 03 ਪਾਰਲੀਮੈਂਟ ਸੀਟਾਂ ਦੀ ਬਜਾਏ ਹੁਣ 04 ਪਾਰਲੀਮੈਂਟ ਸੀਟਾਂ ਰਿਜ਼ਰਵ ਕੀਤੀਆਂ ਗਈਆਂ ਸਨ। ਹੈਰਤ ਦੀ ਗੱਲ ਇਹ ਹੈ ਕਿ ਪੰਜਾਬ ਐਗਰੀਕਲਚਰਲ ਯੂਨਿਵਰਸਟੀ ਕਲੈਰੀਕਲ ਅਤੇ ਕਲਾਸ ਫੋਰ ਸਟਾਫ ਲਈ ਰਾਖਵਾਂਕਰਨ ਲਾਗੂ ਕਰਦੀ ਹੈ, ਇੱਥੋਂ ਤੱਕ ਕਿ ਅੰਗਹੀਣਾਂ ਨੂੰ ਵੀ 03 ਪ੍ਰਤੀਸ਼ਤ ਟੀਚਿੰਗ ਸਟਾਫ ਦੀ ਭਰਤੀ ਵਿੱਚ ਰਾਖਵਾਂਕਰਨ ਦਾ ਲਾਭ ਦਿੰਦੀ ਹੈ ਪਰ ਅਨੁਸੂਚਿਤ ਜਾਤੀ ਨੂੰ ਅੰਗਹੀਣਾਂ ਦੇ ਬਰਾਬਰ ਵੀ ਨਹੀਂ ਸਮਝਦੀ।

ਪੰਜਾਬ ਦੀ ਅਨੁਸੂਚਿਤ ਜਾਤੀ ਵਸੋਂ ਦਾ 73.33 ਪ੍ਰਤੀਸ਼ਤ ਪਿੰਡਾਂ ਵਿੱਚ ਵਸਦਾ ਹੈ ਜਿਸ ਵਿੱਚੋਂ 95 ਪ੍ਰਤੀਸ਼ਤ ਤੋਂ ਵੱਧ ਲੋਕ ਸਿੱਧੇ ਜਾਂ ਅਸਿੱਧੇ ਤੌਰ ਤੇ ਖੇਤੀ-ਬਾੜੀ ਨਾਲ ਸਬੰਧਤ ਹਨ। ਭਾਵੇਂ ਉਹ ਖੇਤ ਮਜ਼ਦੂਰ ਹੋਣ, ਭਾਵੇਂ ਸੀਰੀ, ਭਾਵੇਂ ਆਪਣੀ ਖੇਤੀ ਕਰਦੇ ਹੋਣ, ਭਾਵੇਂ ਪਸ਼ੂ ਪਾਲਣ ਦਾ ਧੰਦਾ ਕਰਦੇ ਹੋਣ, ਅਨੁਸੂਚਿਤ ਜਾਤੀ ਦੇ ਲੋਕਾਂ ਦਾ ਰੁਜ਼ਗਾਰ ਅਤੇ ਰਹਿਣ-ਸਹਿਣ ਖੇਤੀ-ਬਾੜੀ ਤੇ ਨਿਰਭਰ ਹੈ। ਖੇਤੀ-ਬਾੜੀ ਯੂਨਿਵਰਸਟੀ ਵਿੱਚ ਅਤੇ ਗਡਵਾਸੂ ਯੂਨਿਵਰਸਟੀ ਵਿੱਚ ਪੜ੍ਹਾਏ ਜਾਂਦੇ ਵਿਸ਼ਿਆਂ ਨੂੰ ਇਹਨਾਂ ਪੇਂਡੂ ਲੋਕਾਂ ਤੋਂ ਵਧੇਰੇ ਕੋਈ ਨਹੀਂ ਸਮਝ ਸਕਦਾ। ਪਰ ਜੇਕਰ ਸੰਵਿਧਾਨਕ ਹੱਕ ਤੋਂ ਵਾਝਿਆਂ ਕਰ ਕੇ ਗਰੀਬ਼ ਪਰਿਵਾਰਾਂ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹੇ ਬੱਚਿਆਂ ਨੂੰ ਖੇਤੀ-ਬਾੜੀ ਯੂਨਿਵਰਸਟੀ ਦੀਆਂ ਪੀ ਐਚ ਡੀ ਵਰਗੀਆਂ ਉੱਚ ਡਿਗਰੀਆਂ ਪ੍ਰਾਪਤ ਕਰਨ ਉਪਰੰਤ ਵੀ ਨੌਕਰੀ ਵਿੱਚ ਰਾਖਵਾਂਕਰਨ ਨਹੀਂ ਮਿਲਣਾ ਤਾਂ ਉਹ ਇਹ ਪੜ੍ਹਾਈ ਕਿਉਂ ਕਰਨਗੇ। ਪੰਜਾਬ ਐਗਰੀਕਲਚਰਲ ਯੂਨਿਵਰਸਟੀ ਵਿੱਚ ਤਾਇਨਾਤ ਇੱਕ ਅਨੁਸੂਚਿਤ ਜਾਤੀ ਦੇ ਮੁਲਾਜ਼ਮ ਨੇ ਮੇਰੇ ਧਿਆਨ ਵਿੱਚ ਲਿਆਂਦਾ ਕਿ ਪਿਛਲੇ ਕਈ ਸਾਲਾਂ ਤੋਂ ਰਾਖਵਾਂਕਰਨ ਦੀ ਪਾਲਿਸੀ ਨੂੰ ਲਾਗੂ ਕਰਨ ਲਈ ਉਹ ਵਾਈਸ ਚਾਂਸਲਰ ਸਮੇਤ ਕਈ ਰਾਜਸੀ ਨੇਤਾਵਾਂ ਦੇ ਵੀ ਚੱਕਰ ਲਾ ਚੁੱਕੇ ਹਨ। ਕਈ ਵਾਰੀ ਯੂਨਿਵਰਸਟੀ ਵਿੱਚ ਧਰਨਾ ਤੱਕ ਵੀ ਦੇ ਚੁੱਕੇ ਹਨ ਪਰ ਯੂਨਿਵਰਸਟੀ ਪ੍ਰਸ਼ਾਸਨ ਦੇ ਕੰਨ੍ਹਾਂ ਤੇ ਜੂੰ ਨਹੀਂ ਸਰਕਦੀ। ਮੈਂ ਵਾਈਸ ਚਾਂਸਲਰ ਸ੍ਰੀ ਬਲਦੇਵ ਸਿੰਘ ਢਿੱਲੋਂ ਵੱਲੋਂ ਜਾਰੀ ਯੂਨਿਵਰਸਟੀ Act and Statutes (As amended upto date) ਨੂੰ ਗਹੁ ਨਾਲ ਵਾਚਿਆ ਹੈ, ਕਿਧਰੇ ਵੀ ਟੀਚਿੰਗ ਸਟਾਫ ਜਾਂ ਨਾਨ-ਟੀਚਿੰਗ ਸਟਾਫ ਦੀ ਭਰਤੀ ਵਿੱਚ ਰਾਖਵਾਂਕਰਨ ਜਾਂ ਨਾ-ਰਾਖਵਾਂਕਰਨ ਸਬੰਧੀ ਕੁੱਝ ਵੀ ਨਹੀਂ ਲਿਖਿਆ ਜਦੋਂ ਕਿ ਆਮ ਭਰਤੀ ਸਬੰਧੀ ਅਤੇ ਤਰੱਕੀਆਂ ਕਰਨ ਸਬੰਧੀ ਕਾਫੀ ਵਿਸਥਾਰ ਪੂਰਵਕ ਵੇਰਵੇ ਅਤੇ ਕਾਰਜਵਿੱਧੀ ਦਿੱਤੀ ਹੋਈ ਹੈ। ਪੰਜਾਬ ਸਰਕਾਰ ਭਲਾਈ ਵਿਭਾਗ (ਰਿਜ਼ਰਵੇਸ਼ਨ ਸੈਲ) ਵੱਲੋਂ ਮਿਤੀ 09.11.2004 ਨੂੰ ਪੱਤਰ ਨੰਬਰ 1/8*-/2003-ਰਸ 1/1459-62 ਰਾਹੀਂ ਰਾਜ ਦੇ ਸਮੂਹ ਵਿਭਾਗਾਂ ਨੂੰ ਸਪੱਸ਼ਟ ਤੌਰ ਤੇ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਰਾਜ ਦੀਆਂ ਸਾਰੀਆਂ ਅਸਾਮੀਆਂ ਵਿੱਚੋ ਕਿਸੇ ਅਸਾਮੀ ਨੂੰ ਵੀ ਰਿਜ਼ਰਵੇਸ਼ਨ ਦੇ ਦਾਇਰੇ ਤੋਂ ਬਾਹਰ ਨਹੀਂ ਰੱਖਿਆ ਜਾ ਸਕਦਾ। ਰਾਜ ਦੀਆਂ ਸਾਰੀਆਂ ਅਸਾਮੀਆਂ ਵਿੱਚ ਨਿਯੁਕਤੀਆਂ ਅਤੇ ਤਰੱਕੀਆਂ ਸਮੇਂ ਰਿਜ਼ਰਵੇਸ਼ਨ ਲਾਗੂ ਹੋਣ ਦੇ ਨਾਲ-ਨਾਲ ਰਾਜ ਵੱਲੋਂ ਪ੍ਰਾਯੋਜਿਤ (ਸਪਾਂਸਰਡ) ਸਮੂਹ ਬੋਰਡਾਂ, ਕਾਰਪੋਰਸ਼ਨਾਂ, ਯੂਨਿਵਰਸਟੀਆਂ, ਮਿਉਸਪਲ ਕਾਉਸਲਜ਼, ਮਿਉਂਸਪਲ ਕਾਰਪੋਰੇਸ਼ਨਾਂ, ਪੰਚਾਇਤ ਸੰਮਤੀਆਂ, ਜ਼ਿਲਾਂ ਪਰੀਸ਼ਦਾਂ ਅਤੇ ਆਟੋਨਾਮਸ ਬਾਡੀਜ਼ ਆਦਿ ਵਿੱਚ ਅਸਾਮੀਆਂ ਤੇ ਨਿਯੁਕਤੀ/ਪੱਦਉਨਤੀਆਂ ਸਮੇਂ ਰਾਜ ਦੀ ਰਾਖਵਾਂਕਰਨ ਨੀਤੀ ਲਾਗੂ ਹੈ। ਉਲੰਘਣਾ ਕਰਨ ਵਾਲੇ ਵਿਭਾਗਾਂ, ਸੰਸਥਾਵਾਂ ਅਤੇ ਸਬੰਧਤ ਅਫਸਰKਕਰਮਚਾਰੀ ਅਨੁਸ਼ਾਸਨੀ ਕਾਰਵਾਈ ਲਈ ਭਾਗੀਦਾਰ ਹੋਣਗੇ। ਸਰਕਾਰ ਦੀਆਂ ਇਹ ਹਦਾਇਤਾਂ ਜ਼ਾਰੀ ਹੋਣ ਉਪਰੰਤ ਫਾਈਲਾਂ ਵਿੱਚ ਹੀ ਦਫਨ ਹੋ ਗਈਆਂ ਜਾਪਦੀਆਂ ਹਨ ਕਿਉਕਿ ਇਹਨਾਂ ਹਦਾਇਤਾਂ ਦੀ ਪੰਜਾਬ ਐਗਰੀਕਲਚਰਲ ਯੂਨਿਵਰਸਟੀ ਅਤੇ ਗਡਵਾਸੂ ਯੂਨਿਵਰਸਟੀ ਨੇ ਉੱਕਾ ਪਰਵਾਹ ਨਹੀਂ ਕੀਤੀ। ਪੰਜਾਬ ਐਗਰੀਕਲਚਰਲ ਯੂਨਿਵਰਸਟੀ ਲੁਧਿਆਣਾ ਦੇ ਵਾਈਸ ਚਾਂਸਲਰ ਵੱਲੋਂ ਜਾਰੀ ਐਡਮਿਨੀਟਰੇਸ਼ਨ ਮੈਨੂਅਲ ਦੇ ਪੰਨਾ ਨੰਬਰ 71, ਪੈਰਾ 2 ਤੇ ਸਪੱਸ਼ਟ ਲਿਖਿਆ ਹੋਇਆ ਹੈ ਕਿ ਅਨੁਸੂਚਿਤ ਜਾਤੀ/ਜਨਜਾਤੀ ਲਈ 20 ਪ੍ਰਤੀਸ਼ਤ ਰਾਖਵਾਂਕਰਨ ਅਫਸਰ ਅਤੇ ਟੀਚਿੰਗ ਸਟਾਫ ਤੋਂ ਇਲਾਵਾ ਭਰਤੀ ਅਤੇ ਤਰੱਕੀ ਲਈ ਪ੍ਰਵਾਨ ਕੀਤਾ ਜਾਂਦਾ ਹੈ। ਭਾਵ ਟੀਚਿੰਗ ਸਟਾਫ ਅਤੇ ਕਲਾਸ 2 ਅਤੇ ਕਲਾਸ 1 ਅਫਸਰਾਂ ਦੀ ਤਰੱਕੀ ਅਤੇ ਭਰਤੀ ਲਈ ਕੋਈ ਰਾਖਵਾਂਕਰਨ ਨਹੀਂ ਹੋਵੇਗਾ। ਇਸ ਮੱਦ ਨੂੰ ਪੈਰਾ ਨੰਬਰ 04 ਵਿੱਚ ਫਿਰ ਹੋਰ ਵਧੇਰੇ ਸਪੱਸ਼ਟ ਕਰਦੇ ਹੋਏ ਲਿਖਿਆ ਹੋਇਆ ਹੈ ਕਿ ਕਲਾਸ 1 ਅਤੇ ਕਲਾਸ 2 ਭਰਤੀਆਂ ਅਤੇ ਤਰੱਕੀਆਂ ਵਾਸਤੇ ਅਨੁਸੂਚਿਤ ਜਾਤੀ/ਜਨਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਲਈ ਕੋਈ ਵੀ ਰਾਖਵਾਂਕਰਨ ਨਹੀਂ ਹੋਵੇਗਾ। ਸਨਿਆਰਤਾ ਕਮ ਮੈਰਿਟ ਜਾਂ ਫਿਟਨੈਸ, ਸਿਲੈਕਸ਼ਨ ਜਾਂ ਖੁੱਲੇ ਇਮਿਤਹਾਨ/ਮੁਕਾਬਲੇ ਨੂੰ ਵੀ ਕੋਈ ਤਰਜ਼ੀਹ ਨਹੀਂ ਦਿੱਤੀ ਜਾਵੇਗੀ । ਪੰਜਾਬ ਐਗਰੀਕਲਚਰਲ ਯੂਨਿਵਰਸਟੀ ਲੁਧਿਆਣਾ ਦੇ ਮੈਨੂਅਲ ਨੂੰ ਪੜ੍ਹ ਕੇ ਹੈਰਤ ਹੁੰਦੀ ਹੈ ਕਿ ਅਜਿਹਾ ਪੰਜਾਬ ਸਰਕਾਰ ਦੀ ਨੱਕ ਹੇਠ ਕਿਵੇਂ ਹੋ ਰਿਹਾ ਹੈ। ਪੰਜਾਬ ਐਗਰੀਕਲਚਰਲ ਯੂਨਿਵਰਸਟੀ ਲੁਧਿਆਣਾ ਦੇ ਇੱਕ ਪ੍ਰੋਫੈਸਰ ਸ੍ਰੀ ਨਿਰਮਲ ਸਿੰਘ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਉਹ ਅਤੇ ਉਸ ਦੇ ਸਾਥੀ ਟੀਚਿੰਗ ਸਟਾਫ ਦੀ ਭਰਤੀ ਲਈ ਜੱਦੋ-ਜਹਿਦ ਕਰਦੇ ਆ ਰਹੇ ਹਨ। ਅਨੇਕਾਂ ਵਾਰ ਵਾਈਸ ਚਾਂਸਲਰ ਅਤੇ ਯੂਨਿਵਰਸਟੀ ਪ੍ਰਸ਼ਾਸਨ ਨੂੰ ਮੰਗ ਪੱਤਰ ਦੇ ਚੁੱਕੇ ਹਨ, ਰਾਜਨੀਤਿਕ ਨੇਤਾਵਾਂ ਨੂੰ ਪਹੁੰਚ ਕਰ ਚੁੱਕੇ ਹਨ ਅਤੇ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਦੇ ਧਿਆਨ ਵਿੱਚ ਉਦੋਂ ਤੋਂ ਲਿਆ ਰਹੇ ਹਨ ਜਦੋਂ ਸਰਦਾਰ ਨਿਰੰਜਨ ਸਿੰਘ ਕਮਿਸ਼ਨ ਦੇ ਚੇਅਰਮੈਨ ਹੁੰਦੇ ਸਨ ਪਰ ਉਹਨਾਂ ਦੀ ਕਿਸੇ ਵੀ ਮੰਗ ਪੱਤਰ ਦਾ ਕੋਈ ਵੀ ਸਾਰਥਿਕ ਉੱਤਰ ਉਹਨਾਂ ਨੂੰ ਨਹੀਂ ਮਿਲਿਆ। ਪੰਜਾਬ ਸਰਕਾਰ ਵੱਲੋਂ ਪੰਜਾਬ ਐਗਰੀਕਲਚਰਲ ਯੂਨਿਵਰਸਟੀ ਲੁਧਿਆਣਾ ਨੂੰ ਪੱਤਰ ਨੰਬਰ 25/16/03- ਐਗਰੀ .ਵਿ (3)/6719 ਮਿਤੀ 25.05.2005 ਨੂੰ ਲਿਖਿਆ ਗਿਆ ਕਿ ਉਹ ਅਨੁਸੂਚਿਤ ਜਾਤੀ Kਜਨਜਾਤੀ ਲਈ ਪੰਜਾਬ ਸਰਕਾਰ ਦੀ ਪਾਲਿਸੀ ਮੁਤਾਬਕ ਰਾਖਵਾਂਕਰਨ ਦੀ ਪਾਲਿਸੀ ਨੂੰ ਲਾਗੂ ਕਰੇ ਜਿਸ ਦੇ ਜਵਾਬ ਵਿੱਚ ਮਿਤੀ 20.07.2005 ਨੂੰ ਪੰਜਾਬ ਐਗਰੀਕਲਚਰਲ ਯੂਨਿਵਰਸਟੀ ਲੁਧਿਆਣਾ ਵੱਲੋਂ ਲਿਖਿਆ ਗਿਆ ਕਿ ਪੰਜਾਬ ਸਰਕਾਰ ਪੰਜਾਬ ਐਗਰੀਕਲਚਰਲ ਯੂਨਿਵਰਸਟੀ ਲੁਧਿਆਣਾ ਨੂੰ ਇਸ ਪਾਲਿਸੀ ਤੋਂ ਛੋਟ ਦੇਣ ਦੀ ਕਿਰਪਾਲਤਾ ਕਰੇ। ਇਸ ਚਿੱਠੀ ਵਿੱਚ ਤਰਕ ਇਹ ਦਿੱਤਾ ਗਿਆ ਹੈ ਕਿ ਇਹ ਸੰਸਥਾ ਇੱਕ ਖੋਜ ਸੰਸਥਾ ਹੈ ਅਤੇ ਭਾਰਤ ਦੇ ਪਾਰਲੀਮੈਂਟ ਦੇ 1962 ਦੇ ਐਕਟ ਤਹਿਤ ਸਥਾਪਤ ਕੀਤੀ ਗਈ ਹੈ। ਇਸ ਲਈ ਇਸ ਸੰਸਥਾ ਵਿੱਚ ਰਾਖਵਾਂਕਰਨ ਦੀ ਪਾਲਿਸੀ ਲਾਗੂ ਨਾ ਕੀਤੀ ਜਾਵੇ। ਪੰਜਾਬ ਸਰਕਾਰ, ਖੇਤੀ-ਬਾੜੀ ਵਿਭਾਗ ਨੇ ਮਿਤੀ 10.01.2006 ਨੂੰ ਪੱਤਰ ਜਾਰੀ ਕੀਤਾ ਜਿਸ ਵਿੱਚ ਲਿਖਿਆ ਗਿਆ ਕਿ ਇਹ ਪੱਤਰ ਮੁੱਖ ਸਕੱਤਰ ਪੰਜਾਬ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਐਗਰੀਕਲਚਰਲ ਯੂਨਿਵਰਸਟੀ ਲੁਧਿਆਣਾ ਨੂੰ ਟੀਚਿੰਗ ਸਟਾਫ ਵਿੱਚ ਭਰਤੀ ਲਈ ਅਨੁਸੂਚਿਤ ਜਾਤੀ ਅਤੇ ਜਨਜਾਤੀ ਲਈ ਰਾਖਵਾਂਕਰਨ ਤੋਂ ਛੋਟ ਦਿੱਤੀ ਜਾਂਦੀ ਹੈ।

ਜੇਕਰ ਪੰਜਾਬ ਦੀਆਂ ਸਮੂਹ ਯੂਨਿਵਰਸਟੀਆਂ ਜਿਵੇਂ ਕਿ ਸੈਟਰਲ ਯੂਨਿਵਰਸਟੀ ਬਠਿੰਡਾ, ਗੁਰੂ ਨਾਨਕ ਦੇਵ ਯੂਨਿਵਰਸਟੀ ਅਮ੍ਰਿਤਸਰ, ਪੰਜਾਬੀ ਯੂਨਿਵਰਸਟੀ ਪਟਿਆਲਾ ਅਤੇ ਪੰਜਾਬ ਐਗਰੀਕਲਚਰਲ ਯੂਨਿਵਰਸਟੀ ਲੁਧਿਆਣਾ ਵਿੱਚੋਂ ਨਿਕਲੀਆਂ ਹਿਸਾਰ ਅਤੇ ਪਾਲਮਪੁਰ ਖੇਤੀਬਾੜੀ ਯੂਨਿਵਰਸਿਟੀਆਂ ਟੀਚਿੰਗ ਸਟਾਫ ਨੂੰ ਰਾਖਵਾਂਕਰਨ ਦੇ ਰਹੀਆਂ ਹਨ ਤਾਂ ਪੰਜਾਬ ਐਗਰੀਕਲਚਰਲ ਯੂਨਿਵਰਸਟੀ ਲੁਧਿਆਣਾ ਅਤੇ ਗਡਵਾਸੂ ਯੂਨਿਵਰਸਟੀ ਲੁਧਿਆਣਾ ਰਾਖਵਾਂਕਰਨ ਕਿਉਂ ਨਹੀਂ ਦੇ ਸਕਦੀਆਂ। ਸ੍ਰੀ ਨਿਰਮਲ ਸਿੰਘ ਦੇ ਦੱਸਣ ਅਨੁਸਾਰ ਅਨੁਸੂਚਿਤ ਜਾਤੀ ਲਈ ਉਹ ਰਾਖਵਾਂਕਰਨ ਨਹੀਂ representation ਦੀ ਮੰਗ ਕਰਦੇ ਹਨ ਅਤੇ ਉਹ ਇਸ ਗੱਲ ਲਈ ਵੀ ਤਿਆਰ ਹਨ ਕਿ ਭਾਵੇਂ ਯੂਨਿਵਰਸਟੀ ਭਰਤੀ ਲਈ ਕੋਈ ਵੀ ਮਾਪ-ਦੰਡ ਤਹਿ ਕਰ ਲਵੇ ਜਿਵੇਂ ਕਿ ਘੱਟੋ-ਘੱਟ ਯੋਗਤਾ ਪੀ ਐਚ ਡੀ ਦੇ ਨਾਲ-ਨਾਲ ਉਮੀਦਵਾਰ ਦੇ 90 ਪ੍ਰਤੀਸ਼ਤ ਤੋਂ ਉੱਪਰ ਅੰਕ ਹੋਣੇ ਚਾਹੀਦੇ ਹਨ, ਇਸ ਲਈ ਵੀ ਅਨੁਸੂਚਿਤ ਜਾਤੀ ਦੇ ਉਮੀਦਵਾਰ ਤਿਆਰ ਹਨ। ਭਾਰਤੀ ਸੰਵਿਧਾਨ ਦਾ ਆਰਟੀਕਲ 335 ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਵਿਅਕਤੀਆਂ ਦੀ ਕਾਰਜਕੁਸ਼ਲਤਾ ਨਾਲ ਸਬੰਧਤ ਹੈ। ਸੁਪਰੀਮ ਕੋਰਟ ਦੇ ਹੁਕਮ ਮੁਤਾਬਕ ਸੰਵਿਧਾਨ ਦੇ ਆਰਟੀਕਲ 335 ਨੂੰ ਆਰਟੀਕਲ 16 ਨਾਲ ਮਿਲਾ ਕੇ ਪੜ੍ਹਨਾ ਹੋਵੇਗਾ, ਇਕੱਲਿਆ ਨਹੀਂ । ਭਾਵ ਕਾਰਜ਼-ਕੁਸ਼ਲਤਾ ਨੂੰ ਅਧਾਰ ਬਣਾ ਕੇ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਵਿਅਕਤੀਆਂ ਨਾਲ ਸਰਕਾਰੀ ਨੌਕਰੀਆਂ ਵਿੱਚ ਭੇਦ-ਭਾਵ ਨਹੀਂ ਕੀਤਾ ਜਾ ਸਕਦਾ। ਕਿਉਂਕਿ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਵਿਅਕਤੀ ਕਿਸੇ ਵੀ ਨੌਕਰੀ ਵਾਸਤੇ ਬੇਸਿਕ ਵਿਦਿਅਕ ਯੋਗਤਾ ਪੂਰੀ ਕਰਨ ਉਪਰੰਤ ਹੀ ਅਪਲਾਈ ਕਰ ਸਕਦੇ ਹਨ ਅਤੇ ਨਿ-ਯੁਕਤ ਹੋ ਸਕਦੇ ਹਨ।

ਇਸ ਸਾਰੇ ਪਰਿਕਰਣ ਸਬੰਧੀ ਜਦੋਂ ਲੁਧਿਆਣਾ ਐਗਰੀਕਲਚਰਲ ਯੂਨਿਵਰਸਟੀ ਦੇ ਵਾਈਸ ਚਾਂਸਲਰ ਸ੍ਰੀ ਬਲਦੇਵ ਸਿੰਘ ਢਿੱਲੋਂ ਨਾਲ ਮੇਰੇ ਵੱਲੋਂ ਫੋਨ ਕਰਕੇ ਉਹਨਾਂ ਦਾ ਪ੍ਰਤੀਕਰਮ ਜਾਣਨਾ ਚਾਹਿਆਂ ਤਾਂ ਉਹਨਾਂ ਇਸ ਵਿਸ਼ੇ ਸਬੰਧੀ ਅਗਿਆਨਤਾ ਪਰਗਟ ਕੀਤੀ।

ਉਹਨਾਂ ਇਹ ਵੀ ਕਿਹਾ ਕਿ ਉਹ ਇਸ ਸਬੰਧੀ ਆਪਣੇ ਦਫਤਰ ਤੋਂ ਦਰਿਆਫਤ ਕਰਨਗੇ। ਬਹੁਤ ਹੈਰਾਨੀ ਹੋਈ ਕਿ ਇੰਨ੍ਹੇ ਵੱਡੇ ਅਹਿਮ ਮੁੱਦੇ ਤੇ ਦੂਸਰੀ ਟਰਮ ਵਾਲੇ ਵਾਈਸ ਚਾਂਸਲਰ ਨੂੰ ਸੱਚ-ਮੁੱਚ ਪਤਾ ਨਹੀਂ ਜਾਂ ਉਹ ਜਾਣਬੁਝ ਕੇ ਅਗਿਆਨਤਾ ਜਾਹਿਰ ਕਰ ਰਹੇ ਹਨ। ਜੋ ਵੀ ਹੋਵੇ ਅਨੁਸੂਚਿਤ ਜਾਤੀ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਇਸ ਅਹਿਮ ਮੁੱਦੇ ਤੇ ਸਰਕਾਰ ਨੂੰ ਕੋਈ ਸਕਰਾਤਮਕ ਸੋਚ ਨਾਲ ਫੈਸਲਾ ਲੈਣਾ ਪਵੇਗਾ ਨਹੀਂ ਤਾਂ ਪੰਜਾਬ ਦੀ 34 ਪ੍ਰਤੀਸ਼ਤ ਵਸੋਂ ਵਿੱਚੋਂ ਮੌਜੂਦਾ 5.5 ਪ੍ਰਤੀਸ਼ਤ ਵਿਦਿਆਰਥੀ ਵੀ ਆਉਣ ਵਾਲੇ ਸਮੇਂ ਵਿੱਚ ਸੰਸਾਰ ਦੀ ਇਸ ਨਾਮੀ ਯੂਨਿਵਰਸਟੀ ਦੇ ਗੇਟ ਅੰਦਰ ਪੈਰ ਪਾਉਣ ਤੋਂ ਕਤਰਾਉਣਗੇ।

ਇਹ ਜਿੱਥੇ ਭਾਰਤੀ ਸੰਵਿਧਾਨ ਦੀ ਖੁੱਲਮ-ਖੁੱਲਾ ਉਲੰਘਣਾ ਹੋਵੇਗੀ ਉੱਥੇ ਗੁਰੂ ਨਾਨਕ ਦੇਵ ਜੀ ਦੀ ਸੋਚ ਦੇ ਵੀ ਉਲਟ ਹੋਵੇਗੀ ਜਿਨ੍ਹਾਂ ਕਿਹਾ ਸੀ ਕਿ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥

ਅਖਬਾਰਾਂ ਦੀਆਂ ਪਿਛਲੇ ਹਫਤੇ ਛੱਪ ਰਹੀਆਂ ਖਬਰਾਂ ਅਨੁਸਾਰ ਪਹਿਲਾਂ ਹੀ ਪੋਸਟ ਮੈਟਰਿਕ ਸਕਾਲਰਸ਼ਿਪ ਨਾ ਮਿਲਣ ਕਾਰਣ ਕਾਲਜ਼ਾਂ ਵਿੱਚ ਅਨੁਸੂਚਿਤ ਜਾਤੀ ਵਿਦਿਆਰਥੀਆਂ ਦੀ ਗਿਣਤੀ ਇੱਕ ਸਾਲ ਵਿੱਚ ਲਗਭਗ ਇੱਕ ਲੱਖ ਦੇ ਕਰੀਬ ਘੱਟ ਗਈ ਹੈ। ਬਹੁਤ ਚਿੰਤਾ ਦਾ ਵਿਸ਼ਾ ਹੈ। ਕੌਣ ਸਾਰ ਲਵੇਗਾ ਪੰਜਾਬ ਵਿੱਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ?

# ਰਾਸ਼ਟਰਪਤੀ ਅਬਰਾਹਿਮ ਲਿੰਕਨ (1861-1867) ਜਦੋਂ ਆਪਣੇ ਬੇਟੇ ਰੋਬਰਟ ਨੂੰ ਪਹਿਲੇ ਦਿਨ ਸਕੂਲ ਭੇਜ ਰਹੇ ਸਨ

ਰਾਸ਼ਟਰਪਤੀ ਅਬਰਾਹਿਮ ਲਿੰਕਨ (1861-1867) ਜਦੋਂ ਆਪਣੇ ਬੇਟੇ ਰੋਬਰਟ ਨੂੰ ਪਹਿਲੇ ਦਿਨ ਸਕੂਲ ਭੇਜਣ ਲੱਗਾ ਤਾਂ ਸਕੂਲ ਦੀ ਪ੍ਰਿੰਸੀਪਲ ਦੇ ਨਾਮ ਇੱਕ ਚਿੱਠੀ ਲਿਖ ਭੇਜੀ.. ਵਿਚ ਲਿਖਿਆ ਸੀ ਕੇ :


1. ਮੇਰੇ ਪੁੱਤ ਦਾ ਇਹ ਸਕੂਲ ਵਿਚ ਪਹਿਲਾ ਦਿਨ ਹੈ..ਥੋੜਾ ਘਬਰਾਵੇਗਾ.. ਨਰਵਸ ਵੀ ਹੋਵੇਗਾ.. ਕਿਰਪਾ ਕਰਕੇ ਖਿਆਲ ਰਖਿਓ ਕਿਤੇ ਘਬਰਾ ਕੇ ਉਸ ਰਾਹ ਤੋਂ ਨਾ ਥਿੜਕ ਜਾਵੇ ਜਿਹੜਾ ਇਸਨੂੰ ਦੁਨੀਆ ਦੇ ਅਣਗਿਣਤ ਯੁੱਧਾਂ, ਤ੍ਰਾਸਦੀਆਂ, ਮੁਸ਼ਕਿਲਾਂ ਅਤੇ ਹੋਰ ਤਲਖ਼ ਹਕੀਕਤਾਂ ਤੋਂ ਜਾਣੂ ਕਰਵਾਏਗਾ!

2. ਇਸਨੂੰ ਵਿਸ਼ਵਾਸ਼, ਹਿੰਮਤ ਅਤੇ ਪਿਆਰ ਮੁਹੱਬਤ ਵਾਲੀ ਜਿੰਦਗੀ ਜਿਉਣ ਦਾ ਧਾਰਨੀ ਬਣਾਇਓ!

3. ਇਸਨੂੰ ਦਸਿਓ ਕੇ ਹਰੇਕ ਦੁਸ਼ਮਣ ਵਿਚ ਇੱਕ ਦੋਸਤ ਛੁਪਿਆ ਹੁੰਦਾ ਹੈ। ਹਰੇਕ ਭੈੜੇ ਇਨਸਾਨ ਵਿਚ ਇਕ ਚੰਗਾ ਕਿਰਦਾਰ ਛੁਪਿਆ ਹੁੰਦਾ ਏ ਅਤੇ ਹਰੇਕ ਭ੍ਰਿਸ਼ਟ ਰਾਜਨੈਤਿਕ ਦਾ ਇੱਕ ਇਮਾਨਦਾਰ ਪਹਿਲੂ ਵੀ ਹੁੰਦਾ ਏ।

4. ਇਸਨੂੰ ਇਹ ਵੀ ਦਸਿਓ ਕੇ ਬਿਨਾ ਮੇਹਨਤ ਜਮੀਨ ਤੋਂ ਚੁੱਕੇ ਹੋਏ ਪੰਜ ਰੁਪਈਆਂ ਨਾਲ਼ੋਂ ਮੇਹਨਤ ਨਾਲ ਕਮਾਇਆ ਹੋਇਆ ਇੱਕ ਰੁਪਈਆ ਕਈ ਦਰਜੇ ਬੇਹਤਰ ਹੁੰਦਾ ਏ।

5. ਨਕਲ ਮਾਰ ਕੇ ਪਾਸ ਹੋਣ ਨਾਲੋਂ ਇਮਾਨਦਾਰੀ ਨਾਲ ਪਰਚਾ ਪਾ ਕੇ ਫੇਲ ਹੋ ਜਾਣਾ ਕਈ ਦਰਜੇ ਬੇਹਤਰ



ਹੁੰਦਾ ਏ

6. ਇਸਨੂੰ ਜਿੰਦਗੀ ਦੇ ਅਸਲ ਮੁਕਾਬਲਿਆਂ ਵਿਚ ਮਿਲੀ ਹੋਈ ਹਾਰ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਵੀ ਸਿਖਾਇਓ ਅਤੇ ਇਹ ਵੀ ਸਿੱਖਿਆ ਦਿਓ ਕੇ ਜਿੱਤ ਨੂੰ ਦਿਮਾਗ ਤੇ ਹਾਵੀ ਹੋਣ ਤੋਂ ਕਿੱਦਾਂ ਬਚਣਾ ਏ!

7. ਇਸ ਨੂੰ ਇਹ ਵੀ ਸਿਖਾਇਓ ਕੇ ਚੰਗੇ ਲੋਕਾਂ ਨਾਲ ਨਿਮਰਤਾ ਨਾਲ ਕਿੱਦਾਂ ਪੇਸ਼ ਆਉਣਾ ਏ ਅਤੇ ਸਖਤ ਅਤੇ ਜਾਲਿਮ ਲੋਕਾਂ ਨੂੰ ਓਹਨਾ ਦੀ ਚਾੜੀ ਹੋਈ ਭਾਜੀ ਵਾਪਿਸ ਕਿੱਦਾਂ ਮੋੜਨੀ ਏ!

8. ਇਸਨੂੰ ਕਿਤਾਬ ਦੀ ਮਹੱਤਤਾ ਬਾਰੇ ਜਰੂਰ ਦਸਿਓ..ਇਹ ਵੀ ਦੱਸਿਓਂ ਕੇ ਅਸਮਾਨੀ ਉੱਡਦੇ ਪਰਿੰਦਿਆਂ ਦੀ ਉਡਾਣ ਦਾ ਅਸਲੀ ਰਹੱਸ ਕੀ ਹੁੰਦਾ ਏ.. ਨਿਖਰੀ ਹੋਈ ਧੁੱਪ ਵਿਚ ਉੱਡਦੀ ਹੋਈ ਸ਼ਹਿਦ ਦੀ ਮੱਖੀ ਅਤੇ ਪਹਾੜੀ ਦੀ ਢਲਾਣ ਤੇ ਉੱਗਿਆ ਹੋਇਆ ਖ਼ੂਬਸੂਰਤ ਫੁਲ ਇਨਸਾਨ ਨੂੰ ਕਿਹੜਾ ਸੁਨੇਹਾ ਦੇਣਾ ਲੋਚਦੇ ਨੇ!

9. ਇਸ ਨੂੰ ਇਹ ਵੀ ਦੱਸਿਓਂ ਕੇ ਆਪਣੇ ਮਨ ਵਿਚ ਉਪਜਦੇ ਹੋਏ ਹਾਂ ਪੱਖੀ ਵਿਚਾਰਾਂ ਵਿਚਾਰਾਂ ਦੀ ਪ੍ਰੋੜਤਾ ਕਿਦਾਂ ਕਰਦੇ ਰਹਿਣਾ ਏ ਅਤੇ ਉਹ ਵੀ ਓਦੋਂ ਜਦੋਂ ਸਾਰੀ ਦੁਨੀਆ ਤੁਹਾਨੂੰ ਝੂਠੇ ਸਾਬਤ ਕਰਨ ਤੇ ਤੁਲੀ ਹੋਵੇ।

10. ਇਸਨੂੰ ਇਸ ਤਰਾਂ ਸਿਖਿਅਤ ਕਰਿਓਂ ਕੇ ਇਹ ਜਿੰਦਗੀ ਵਿਚ ਬਿਨਾ ਸੋਚਿਆਂ ਸਮਝਿਆ ਭੀੜ ਦਾ ਹਿੱਸਾ ਨਾ ਬਣ ਜਾਇਆ ਕਰੇ ਅਤੇ ਹਮੇਸ਼ਾਂ ਸੱਚ ਦੇ ਮਾਰਗ ਤੇ ਚਲਦਿਆਂ ਹੋਇਆ ਆਪਣਾ ਰਸਤਾ ਖੁਦ ਬਣਾਵੇ!

11. ਇਸਨੂੰ ਇਹ ਤਾਕੀਦ ਵੀ ਚੰਗੀ ਤਰਾਂ ਕਰਿਓ ਕੇ ਇਹ ਦੁਨੀਆ ਦੀ ਭੀੜ ਵਿਚ ਹਰੇਕ ਦੀ ਗੱਲ ਸੁਣਨ ਦੇ ਕਾਬਿਲ ਬਣੇ ਪਰ ਹਰੇਕ ਸੁਣੀ ਹੋਈ ਗੱਲ ਨੂੰ ਸੱਚ ਦੀ ਕਸਵੱਟੀ ਤੇ ਪਰਖ ਕੇ ਹੀ ਆਪਣੀ ਜਿੰਦਗੀ ਵਿਚ ਅਪਣਾਵੇ।

12. ਇਸਨੂੰ ਇਸ ਗੱਲ ਦੀ ਵੀ ਸਮਝ ਹੋਣੀ ਚਾਹੀਦੀ ਏ ਕੇ ਆਪਣੇ ਟੈਲੈਂਟ ਅਤੇ ਦਿਮਾਗ਼ ਵਿਚੋਂ ਉਪਜਦੇ ਹੋਏ ਵਿਚਾਰਾਂ ਨੂੰ ਕਿਸੇ ਪਾਰਖੂ ਅਤੇ ਕਦਰ ਕਰਨ ਵਾਲੇ ਅੱਗੇ ਕਿੱਦਾਂ ਪੇਸ਼ ਕਰਨਾ ਏ ਅਤੇ ਆਪਣੇ ਦਿਲ ਅਤੇ ਜਮੀਰ ਨੂੰ ਵਿਕਾਊ ਹੋਣ ਤੋਂ ਕਿਦਾਂ ਬਚਾਉਣਾ ਏ।

13. ਕੋਸ਼ਿਸ਼ ਕਰਿਓ ਕੇ ਇਹ ਸਬਰ ਸੰਤੋਖ ਵਾਲਾ ਇਨਸਾਨ ਹੋਣ ਦੇ ਨਾਲ ਨਾਲ ਇਕ ਬਹਾਦੁਰ ਮਨੁੱਖ ਵੀ ਬਣੇ ਅਤੇ ਇਸਦਾ ਆਪਣੇ ਆਪ ਵਿਚ ਅਟੁੱਟ ਵਿਸ਼ਵਾਸ਼ ਵੀ ਬਣਿਆ ਰਹੇ..ਕਿਓਂਕੇ ਜਿਸ ਇਨਸਾਨ ਦਾ ਆਪਣੇ ਆਪ ਤੇ ਪੂਰਾ ਵਿਸ਼ਵਾਸ਼ ਬਣਿਆ ਰਹਿੰਦਾ ਏ ਉਹ ਕਦੀ ਵੀ ਮਨੁੱਖਤਾ ਅਤੇ ਰੱਬ ਨੂੰ ਆਪਣੇ ਦਿਲ ਤੋਂ ਦੂਰ ਨਹੀਂ ਹੋਣ ਦਿੰਦਾ!

ਦੋਸਤੋ ਇਸ ਮਹਾਨ ਹਸਤੀ ਵੱਲੋਂ ਲਗਪਗ ਦੋ ਸਦੀਆਂ ਪਹਿਲਾਂ ਆਪਣੀ ਔਲਾਦ ਪ੍ਰਤੀ ਪ੍ਰਕਟ ਕੀਤੇ ਗਏ ਇਹਨਾਂ ਵਿਚਾਰਾਂ ਨੂੰ ਵਰਤਮਾਨ ਪੀੜੀ ਦੇ ਅਧਿਆਪਕਾਂ ਅਤੇ ਮਾਪਿਆਂ ਤੱਕ ਪੁਚਾਉਣ ਦੀ ਬੜੀ ਹੀ ਜਿਆਦਾ ਲੋੜ ਹੈ.. ਆਪ ਵੀ ਪੜੋ ਤੇ ਦੂਜਿਆਂ ਨੂੰ ਪੜਾਓ

(ਪੰਜਾਬੀ ਅਨੁਵਾਦ) ਹਰਪ੍ਰੀਤ ਸਿੰਘ ਜਵੰਦਾ
Forwarded by Rajinder Gangar

# ਇਨਸਾਨ ਬਣੀਏ



ਕੇਹਰ ਸ਼ਰੀਫ
+49 173 3546050

ਇੱਕੀਵੀਂ ਸਦੀ ਦੇ ਸ਼ੁਰੂ ਹੋਣ ਵੇਲੇ ਹਰ ਪਾਸੇ ਬਹੁਤ ਹੀ ਸ਼ੋਰ ਭਰਿਆ ਰੌਲ਼ਾ ਸੀ, ਉਤਸ਼ਾਹ ਪੂਰਵਕ ਰੌਲ਼ਾ। ਇਸ ਮੌਕੇ 'ਤੇ ਮਿਲੇਨੀਅਮ ਪਾਰਟੀਆਂ-ਮੇਲਿਆਂ ਅਤੇ ਢੋਲ-ਢਮੱਕਿਆਂ ਦੀ ਆਵਾਜ ਉੱਚੀ ਕਰਨ ਦੇ ਬੇਲੋੜੇ ਪਰ ਬੇਥਾਅ ਜਤਨ ਕੀਤੇ ਗਏ ਸਨ। ਭਾਵੇਂ ਕਿ ਇਨ੍ਹਾਂ ਦੀ ਬਹੁਤ ਲੋੜ ਨਹੀਂ ਸੀ। ਭੁੱਖੇ ਅੱਗੇ ਸਵਾਲ ਪਾਇਆਂ, ਗਰੀਬ ਨੇ ਜਵਾਬ ਰੋਟੀ ਹੀ ਹੋਣਾ ਹੁੰਦਾ ਹੈ। ਦੋ ਡੰਗ ਦੀ ਪੇਟ ਭਰ ਕੇ ਰੋਟੀ ਲਈ ਤਰਸਦੇ ਲੋਕਾਂ ਨੂੰ ਮਿਲੇਨੀਅਮ ਪਾਰਟੀਆਂ ਨਾਲ ਹੋਰ ਸ਼ਰਮਿੰਦਾ ਕਰਨ ਦੇ ਜਤਨ ਵੀ ਕੀਤੇ ਗਏ ਸਨ? ਮੌਕਾ ਸ਼ੁਭ ਇਸ ਕਰਕੇ ਸੀ ਕਿ ਅਸੀਂ ਇੱਕਵੀ ਸਦੀ ਦੀ ਸ਼ੁਰੂਆਤ ਵੇਲੇ ਮੌਕੇ ਦੇ ਗਵਾਹ ਸਾਂ। ਇਹ ਮੌਕਾ ਭਾਵ ਸਦੀ ਬਦਲਣ ਦਾ ਸਮਾਂ ਸ਼ਾਇਦ ਹਰ ਇਨਸਾਨੀ ਪੀੜ੍ਹੀ ਦੇ ਹਿੱਸੇ ਨਹੀਂ ਆਉਂਦਾ।

ਇਸ ਮੌਕੇ ਸਵਾਲ ਉੱਚੇ ਕੀਤੇ ਜਾਣੇ ਜਰੂਰੀ ਸਨ ਅਤੇ ਕੀਤੇ ਵੀ ਗਏ ਸਨ ਕਿ ਕੀ ਵੀਹਵੀਂ ਸਦੀ ਦੇ ਬੀਤਣ ਤੇ ਇੱਕੀਵੀਂ ਸਦੀ ਦੇ ਸ਼ੁਰੂ ਹੋਣ ਨਾਲ ਕੁਝ ਚੰਗਾ ਵੀ ਵਾਪਰੇਗਾ? ਸਾਡੀਆਂ ਭਵਿੱਖੀ ਸ਼ੁਭ ਇੱਛਾਵਾ ਨੂੰ ਬੂਰ ਪਵੇਗਾ? ਜਾਂ ਕੀ ਇਹ ਸ਼ੁਭ ਇੱਛਾਵਾਂ ਸ਼ੁਭ ਸ਼ਗਨਾਂ ਵਰਗੀਆਂ ਬਣਨਗੀਆਂ? ਕੀ ਅਸੀਂ ਇਸ ਯੋਗ ਵੀ ਹਾਂ ਕਿ ਸਦੀ ਦੀ ਪਹਿਲੀ ਤੋਰ ਨੂੰ ਸੋਧ ਕੇ ਚੰਗੇ ਪਾਸੇ ਵਲ ਮੋੜਾ ਦੇ ਸਕੀਏ? ਅੱਜ ਲੋੜਾਂ ਦੀ ਲੋੜ ਅਤਿ ਵਿਕਸਤ ਆਧੁਨਿਕ ਤਕਨੀਕ ਅਤੇ ਮਨੁੱਖੀ ਸੂਝ ਦੀ ਸੁਚੱਜੀ ਤੇ ਈਮਾਨਦਾਰ ਵਰਤੋਂ ਅਤੇ ਉਸ ਦੇ ਸਿੱਟਿਆਂ ਨੂੰ ਹਾਂਅ-ਪੱਖੀ ਮੋੜਾ ਦੇਣਾ ਹੈ। ਲੋੜ ਹੈ ਭਰੋਸੇ ਅਤੇ ਹੌਸਲੇ ਵਾਲੇ ਪਾਸੇ ਤੁਰਨ ਦੀ ਅਤੇ ਅੱਗੇ ਵਧਣ ਲਈ ਹੋਸ਼ਮੰਦ ਕਦਮਾਂ ਦੀ। ਗੰਭੀਰਤਾ ਭਰਪੂਰ ਇਮਾਨਦਾਰੀ ਨਾਲ ਚੌਤਰਫੇ ਦਾ ਗਹਿਰਾ ਅਧਿਅਨ ਕਰਨਾ ਅਤੇ ਸਰਵਪੱਖੀ ਚਿੰਤਨ ਇਸ ਵਾਸਤੇ ਲਾਜ਼ਮੀ ਸ਼ਰਤ ਹੈ। ਪਰ ਦੇਖਣਾ ਇਹ ਹੈ ਕਿ ਕਿੰਨੇ ਕੁ ਸਿਆਣੇ ਲੋਕ ਜੁੜਨਗੇ, ਜੋ ਅਜਿਹੇ ਜਤਨਾਂ ਵਾਸਤੇ ਗੰਭੀਰਤਾ ਭਰੀ ਦਿਲਚਸਪੀ ਨਾਲ ਜਤਨਸ਼ੀਲ ਹੋਣਗੇ। ਅਪਣੇ ਆਪ ਜਾਂ ਸਿਰਫ ਚਾਹੁਣ ਨਾਲ ਤਾਂ ਕੁਝ ਵੀ ਨਹੀਂ ਬਦਲ ਸਕਦਾ। ਇਸ ਵਾਸਤੇ ਲੋਕ ਭਲਾਈ ਨੂੰ ਪ੍ਰਣਾਈ ਗੰਭੀਰ ਸੋਚ ਵਾਲੀ ਮਨੁੱਖਤਾਵਾਦੀ ਸੋਚ ਵਲੋਂ ਜਬਰਦਸਤ ਸੰਘਰਸ਼ਸ਼ੀਲ ਸਾਂਝੀ ਲਹਿਰ ਦੀ ਤਿੱਖੀ ਤੋਰ ਵਾਲੀ ਹਰਕਤ ਲੋੜੀਂਦੀ ਹੈ।

ਬੀਤ ਗਈ ਸਦੀ ਬਹੁਤ ਹੀ ਹਲਚਲ ਭਰਭੂਰ ਸੀ। ਚੰਗੀਆਂ ਮੰਦੀਆਂ ਬਹੁਤ ਸਾਰੀਆਂ ਘਟਨਾਵਾਂ ਇਤਿਹਾਸ ਦੇ ਸਫੇ ਤੇ ਤੇਜ ਧੁੱਪ ਨਾਲ ਚਮਕਦੇ ਸੂਰਜ ਵਾਂਗ ਚਮਕੀਆਂ ਅਤੇ ਫੇਰ ਕਈ ਅਲੋਪ ਹੋ ਗਈਆਂ, ਪਰ ਉਹ ਸਦੀ ਦੇ ਇਤਿਹਾਸ ਨਾਲ ਜੁੜੀਆਂ ਰਹਿਣਗੀਆਂ। ਅਜਿਹੇ ਹਾਂਅ-ਪੱਖੀ ਤੇ ਨਾਂਹ-ਪੱਖੀ ਬੀਤ ਗਏ ਵਰਤਾਰੇ ਲੋਕਾਈ ਦੀ ਬਹਿਸ ਦਾ ਵਿਸ਼ਾ ਬਣਦੇ ਰਹੇ ਹਨ ਅੱਗੇ ਵੀ ਬਣਦੇ ਰਹਿਣਗੇ। ਅਜਿਹੇ ਵਰਤਾਰਿਆਂ ਦੀਆਂ ਰਹੀਆਂ ਘਾਟਾਂ ਤੋਂ ਸਿੱਖ ਕੇ ਮਨੁੱਖ ਸਦਾ ਹੀ ਅੱਗੇ ਵਧਦਾ ਰਿਹਾ ਹੈ – ਇਹੋ ਹੀ ਸਮਾਜ ਦੇ ਇਤਹਿਾਸਕ ਵਿਕਾਸ ਦੇ ਸੱਚ ਦਾ ਨਾ ਝੁਠਲਾਇਆ ਜਾਣ ਵਾਲਾ ਪ੍ਰਮਾਣ ਹੈ।

ਉਂਜ ਵੀ ਭਵਿੱਖ ਨੂੰ ਰੋਸ਼ਨ ਕਰਨ ਵਾਸਤੇ ਇਤਿਹਾਸ ਨੂੰ ਦਲੀਲ ਭਰੀ ਤਰਕਸ਼ੀਲ ਜਾਂ ਕਹੀਏ ਕਿ ਹਾਂ-ਪੱਖੀ ਸੋਚ ਰਾਹੀਂ ਰਿੜਕਦੇ ਰਹਿਣਾ ਚਾਹੀਦਾ ਹੈ ਤਾਂ ਜੋ ਹੋ ਗਈਆਂ ਭੁੱਲਾਂ, ਰਹਿ ਗਈਆਂ ਘਾਟਾਂ ਤੋ ਸਬਕ ਸਿੱਖਿਆ ਜਾ ਸਕੇ। ਆਪਣੀਆਂ ਗਲਤੀਆਂ ਜਾਂ ਘਾਟਾਂ ਨੂੰ ਸੋਧ ਕੇ ਅੱਗੇ ਤੁਰਨ ਵਾਲੇ ਹਮੇਸ਼ਾ ਹੀ ਮੰਜ਼ਿਲਾਂ ਤੇ ਪਹੁੰਚਣ ਲਈ ਜਤਨਸ਼ੀਲ ਰਹਿੰਦੇ ਹਨ। ਜਤਨਸ਼ੀਲ ਰਹਿਣਾ ਸਿਰਜਣਾ ਵਾਸਤੇ ਲਾਜਮੀ ਸ਼ਰਤ ਹੁੰਦੀ ਹੈ। ਸਿਰਜਣਾਤਮਕ ਸ਼ਕਤੀ ਇਸ ਸੰਸਾਰ ਦੇ ਪਹੀਏ ਨੂੰ ਅੱਗੇ ਤੋਰਦੀ ਹੈ। ਦੁਨੀਆਂ ਵਿਚ ਹਰ ਰੋਸ਼ਨ ਦਿਮਾਗ ਇਨਸਾਨ ਇਸ ਦਾ ਸਦਾ ਤੋਂ ਹੀ ਇਛੁੱਕ ਰਿਹਾ ਹੈ।

ਬੀਤ ਗਈ ਸਦੀ ਹੀ ਸੀ, ਜਦੋਂ ਬੇਕਸੂਰ ਮਨੁੱਖਾਂ ਦੀ ਤਬਾਹੀ ਵਾਸਤੇ ਦੋ ਸੰਸਾਰ ਜੰਗਾਂ ਤੇ ਹਜਾਰਾਂ ਹੀ ਹੋਰ ਛੋਟੀਆਂ ਜੰਗਾਂ (ਅਤੇ ਘਰੇਲੂ ਯੁੱਧਾਂ) ਰਾਹੀਂ ਮਨੁੱਖੀ ਮਾਨਸਿਕਤਾ ਨੂੰ ਵਾਰ ਵਾਰ ਜਖ਼ਮੀ ਕੀਤਾ ਗਿਆ। ਜਦੋਂ ਧਰਮਾਂ ਵਾਲਿਆਂ ਨੇ ਮਨੁੱਖੀ ਭਰੱਪਣ, ਇਨਸਾਨੀ ਦੋਸਤੀ ਅਤੇ ਮੁਹੱਬਤ ਦੇ ਅਰਥਾਂ ਨੂੰ ਕਤਲ ਕਰਨ ਵਾਲੇ ਜਹਾਦ ਛੇੜੇ। ਸਿਆਸੀ ਧੌਂਸ ਤੇ ਬਦਮਾਸ਼ੀ ਰਾਹੀਂ ਕਿਸੇ ਦਾ ਸਿਰ ਨੀਵਾਂ ਕਰਨ ਵਾਸਤੇ ਪਸ਼ੂਪੁਣੇ ਵਾਲੀ ਬਿਰਤੀ ਅਪਣਾਈ ਅਤੇ ਐਟਮ ਬੰਬ ਸੁੱਟ ਕੇ ਹੀਰੋਸ਼ੀਮਾਂ ਤੇ ਨਾਗਾਸਕੀ ਵਰਗੇ ਬਦਨੁਮਾ ਧੱਬੇ ਇਤਿਹਾਸ ਦੀ ਹਿੱਕ ਤੇ ਦਾਗ ਦਿੱਤੇ। ਜਦੋਂ ਵੱਖਰੇ ਧਰਮ/ਨਸਲ ਰਾਹੀਂ ਆਪਣੀ ਵੱਖਰੀ ਹੋਂਦ, ਪਹਿਚਾਣ ਤੇ ਅਕੀਦਾ ਰੱਖਣ ਵਾਲਿਆਂ ਨੂੰ ਸਿਆਸੀ ਹਵਸ ਨਾਲ ਭਰਪੂਰ ਸੰਸਾਰ ਜਿਤੱਣ ਦੇ ਫੁਕਰੇਪਣ ਵਾਲੇ ਸੁਪਨੇ ਸਿਰਜਣ ਵਾਲੇ ਨਾਜ਼ੀਵਾਦੀਆਂ ਨੇ 65 ਲੱਖ ਤੋਂ ਵੀ ਜ਼ਿਆਦਾ ਗਿਣਤੀ ਵਿੱਚ ਯਹੂਦੀ ਬੱਚਿਆਂ, ਬੁੱਢਿਆਂ, ਜਵਾਨ ਧੀਆਂ, ਮਾਂਵਾਂ ਦਾ ਲਿਹਾਜ ਕੀਤੇ ਬਿਨਾਂ ਸਿਰੇ ਦੀ ਦਰਿੰਦਗੀ ਦਾ ਨਾਚ ਨੱਚਦਿਆਂ ਜੀਊਂਦਿਆਂ ਨੂੰ ਗੈਸ ਭੱਠੀਆਂ ਵਿਚ ਸੁੱਟ ਕੇ ਫੂਕਿਆ ਸੀ ਤਾਂ ਉਨ੍ਹਾਂ ਸੰਸਾਰ ਇਤਿਹਾਸ ਦੇ ਸਫੇ ਤੇ ਮਨੁੱਖੀ ਪਸ਼ੂਪੁਣੇ ਅਤੇ ਦਰਿੰਦਗੀ ਦਾ ਸੋਗ ਭਰਿਆ ਕਾਲਾ ਧੱਬਾ ਚਿਪਕਾ ਦਿੱਤਾ ਸੀ – ਜੋ ਰਹਿੰਦੀ ਦੁਨੀਆਂ ਤੱਕ ਲੋਕ ਭੁੱਲ ਨਹੀਂ ਸਕਣਗੇ। ਕਦੇ ਫੇਰ ਇਸ ਹੀ ਸਦੀ ਦੇ ਅਖੀਰਲੇ ਪਹਿਰੀਂ ਭਾਰਤ ਦੇਸ਼ ਅੰਦਰ ਸੱਭਿਆ ਕਹੇ ਜਾਂਦੇ ਸ਼ਹਿਰ ਅੰਦਰ ਜਿਊਂਦਿਆਂ ਦੇ ਗ਼ਲਾਂ ਵਿਚ ਸੜਦੇ ਟਾਇਰ ਪਾ ਕੇ ਇਨਸਾਨਾਂ ਨੂੰ ਮਾਰ ਮੁਕਾਇਆ, ਮਾਂਵਾਂ, ਭੈਣਾਂ-ਧੀਆਂ ਦੀਆਂ ਇੱਜਤਾਂ ਰੋਲੀਆਂ, ਸੁਹਾਗ ਉਜਾੜੇ, ਬੱਚਿਆਂ ਨੂੰ ਸਦਾ ਵਾਸਤੇ ਯਤੀਮ ਬਣਾ ਦਿੱਤਾ ਗਿਆ। ਦਰਿੰਦਿਆਂ ਵਲੋਂ ਕੀ ਕੁੱਝ ਨਹੀ ਵਾਪਰਿਆ? ਫੇਰ ਰੱਬ ਦੇ ਭਗਤ ਹੀ ਰੱਬ ਦੇ ਘਰ ਢਾਹੁੰਦੇ ਰਹੇ। ਆਪਣੇ ਹੀ ਇਸ਼ਟ ਦੀ ਇਜੱਤ ਨਾਲ ਖੇਡਦੇ ਰਹੇ। ਕਿਹੜਾ ਰੱਬ ਤੇ ਕਿਸਦੇ ਇਹ ਭਗਤ? ਕੀ ਕੋਈ ਧਰਮੀ ਕਹਾਉਣ ਵਾਲਾ ਵੀ ਇਹੋ ਜਹੀ ਕਰਤੂਤ ਕਰ ਸਕਦਾ ਹੈ? ਕੀ ਇਹੋ ਜਹੇ ਲੋਕ ਵੀ ਇਨਸਾਨ ਕਹਾਉਣ ਦੇ ਹੱਕਦਾਰ ਹੋ ਸਕਦੇ ਹਨ?

ਕਦੇ ਮੁਲਕਾਂ ਦੀਆਂ ਵੰਡਾਂ, ਵੰਡ-ਵੰਡਾਰਿਆਂ, ਧਰਤੀ ਦੇ ਛੋਟੇ ਛੋਟੇ ਹਿੱਸਿਆਂ 'ਤੇ ਕਬਜੇ ਦੀ ਹਵਸ ਨੇ ਮਨੁੱਖ ਨੂੰ ਮਨੁੱਖ ਨਾ ਰਹਿਣ ਦਿੱਤਾ। ਆਪਣਿਆਂ ਨੇ ਹੀ ਆਪਣੇ ਲੱਖਾਂ ਦੇ ਕਤਲ ਕੀਤੇ, ਨਫਰਤ ਦੇ ਵਣਜਾਰੇ ਬੇਗੁਨਾਹ ਮਨੁੱਖਾਂ ਦੇ ਖੂਨ ਨਾਲ ਧਰਤੀ ਰੰਗਦੇ ਰਹੇ। ਨਵੀਆਂ ਵੰਡੀਆਂ ਨੇ ਮਨੁੱਖਤਾ ਨੂੰ ਸਦਾ ਵਾਸਤੇ ਸ਼ਰਮਸਾਰ ਕਰਦੇ ਨਵੇਂ ਪੈਮਾਨੇ ਕਾਇਮ ਕੀਤੇ। ਮਨੁੱਖਾਂ ਦੇ ਅੰਦਰ ਵਸਦੀ ਸਿਆਸੀ ਤੇ ਆਰਥਿਕ ਭੁੱਖ ਨੇ ਉਨ੍ਹਾਂ ਨੂੰ ਹਾਵੜਪੁਣੇ ਦੇ ਵੱਸ ਪਾ ਦਿੱਤਾ ਅਤੇ ਮਨੁੱਖ ਨਿੱਘਰਦਾ ਹੀ ਗਿਆ, ਕਾਫੀ ਸਾਰੇ ਮਨੁੱਖੀ ਸਰੂਪ ਵਿੱਚ ਦੈਂਤ ਬਣ ਕੇ ਵਿਚਰਦੇ ਰਹੇ। ਵਾਰ ਵਾਰ ਮਨੁੱਖੀ ਰੂਹ ਕਤਲ ਕੀਤੀ ਜਾਂਦੀ ਰਹੀ। ਨੇਕੀ ਨੂੰ ਬਦੀ ਵੱਲੋਂ ਲਤਾੜਿਆ ਜਾਂਦਾ ਰਿਹਾ, ਪਰ ਇਹ ਜਰਵਾਣੇ ਭੁੱਲਦੇ ਰਹੇ ਕਿ ਕਦੇ ਨੇਕੀ ਵੀ ਹਾਰੀ ਹੈ?

ਬੀਤ ਗਈ ਸਦੀ ਹੀ ਸੀ, ਜਦੋ ਅਸੱਭਿਅਕ ਸਾਮਰਾਜੀਆਂ ਵੱਲੋ ਕੂਟਨੀਤਕ ਚਾਲਾਂ, ਧੱਕੇ ਤੇ ਗੁੰਡਾਗਰਦੀ ਨਾਲ ਦੂਜਿਆਂ ਮੁਲਕਾਂ ਨੂੰ ਆਪਣੀਆਂ ਬਣਾਈਆਂ ਬਸਤੀਆਂ ਦੇ ਹੋਸ਼ਮੰਦ ਲੋਕ ਜਾਗੇ ਤੇ ਬਹੁਤਿਆਂ ਨੇ ਆਪਣੇ ਗਲੋਂ ਗੁਲਾਮੀ ਦਾ ਜੂਲ਼੍ਹਾ ਲਾ ਸੁੱਟਿਆ। ਆਜਾਦੀ ਪ੍ਰਾਪਤ ਕਰਕੇ ਆਪਣੇ ਚੰਗੇ-ਮਾੜੇ ਰਾਜ ਕਾਇਮ ਕੀਤੇ। ਇਹੋ ਸਦੀ ਹੀ ਸੀ, ਜਦੋਂ ਸਿਆਸੀ ਪੱਧਰ 'ਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਸਮਝਿਆ ਗਿਆ। ਲੰਬੇ ਸੰਘਰਸ਼ਾਂ ਤੋਂ ਬਾਅਦ ਉਨ੍ਹਾਂ ਨੂੰ ਵੋਟ ਦਾ ਹੱਕ ਮਿਲਿਆ। ਜਦੋਂ ਤਕੜੇ ਤੋਂ ਕਮਜ਼ੋਰ ਮੁਲਕਾਂ ਦੀ ਰਾਖੀ, ਅਤੇ ਆਪਸੀ ਝਗੜੇ ਅਮਨ ਪੂਰਵਕ ਨਿਪਟਾਉਣ ਵਾਸਤੇ ਸੰਯੁਕਤ ਰਾਸ਼ਟਰ ਤੇ ਹੋਰ ਬਹੁਤ ਸਾਰੇ ਕੌਮਾਂਤਰੀ ਅਦਾਰੇ ਕਾਇਮ ਹੋਏ, ਭਾਵੇਂ ਕਿ ਬਹੁਤੀ ਵਾਰ ਇਹ ਜੋਰਾਂਵਰਾਂ ਦੀ ਧੌਂਸ ਥੱਲੇ ਆ ਜਾਂਦੇ ਹਨ।

ਇਸ ਸਦੀ ਅੰਦਰ ਹੀ ਇਸ ਧਰਤੀ ਉੱਤੇ ਸਮਾਜਵਾਦੀ ਸਮਾਜ ਦੀ ਸਥਾਪਨਾ ਹੋਈ। ਹੱਥੀਂ ਕਿਰਤ ਕਰਨ ਵਾਲਿਆਂ ਦਾ ਆਪਣਾ ਰਾਜ ਕਾਇਮ ਹੋਇਆ। ਪਰ, ਪੌਣੀ ਸਦੀ ਬਾਅਦ ਹੀ ਇਸ ਮਨੁੱਖੀ ਭਲੇ ਵਾਲੇ ਸਮਾਜਵਾਦੀ ਪ੍ਰਬੰਧ ਦੇ ਨਿਘਾਰ ਕਰਕੇ ਇਸਦੇ ਅੰਤ ਦਾ ਵਾਪਰ ਜਾਣਾ ਖੁਸ਼ੀ ਨੂੰ ਸੋਗ ਵਿੱਚ ਬਦਲ ਗਿਆ। ਕੁੱਲ ਲੋਕਾਈ ਦਾ ਭਲਾ ਕਰਨ ਵਾਲੇ ਆਖਰ ਛੋਟੀ ਮਾਨਸਿਕਤਾ ਦੇ ਮਾਲਕ ਕਿਵੇਂ ਬਣ ਬੈਠੇ? ਕਿਉਂ ਉਨ੍ਹਾਂ ਦੇ ਅੰਦਰੋਂ ਨਵੇਂ ਤੇ ਸੁਚੱਜੇ ਮਨੁੱਖ ਦੀ ਸਿਰਜਣਾ ਦਾ ਸੁਪਨਾ ਮਰ ਮੁੱਕ, ਸੁੱਕ ਗਿਆ। ਇਸ ਸੋਚ ਦੇ ਪੈਰੋਕਾਰਾਂ ਦੇ ਮਨਾਂ ਅੰਦਰ ਘੋਰ ਉਦਾਸੀ ਦਾ ਪ੍ਰਛਾਵਾਂ ਆ ਗਿਆ। ਉਹ ਆਪਣੇ ਆਪ ਨੂੰ ਹਾਰਿਆਂ ਵਰਗੇ ਮਹਿਸੂਸ ਕਰਨ ਲੱਗੇ। ਕਿਰਤ ਦੀ ਰਾਖੀ ਕਰਨ ਦੇ ਢੰਗ-ਤਰੀਕੇ ਦੱਸਦੀ ਵਿਚਾਰਧਾਰਾ ਅਜੇ ਵੀ ਲੋਕ ਘੋਲਾਂ ਵਾਸਤੇ ਪ੍ਰੇਰਨਾ ਬਣ ਰਹੀ ਹੈ ਪਰ ਇਸ ਦੇ ਆਸਰੇ ਲੋਕ ਘੋਲਾਂ ਦੀ ਅਗਵਾਈ ਕਰਨ ਵਾਲੇ ਆਪਸ ਵਿਚੀਂ ਪਾਟੇ ਫਿਰਦੇ/ ਖੱਖੜੀਆਂ-ਕਰੇਲੇ ਹੋਏ ਚੌਧਰਾਂ ਦੀ ਦੌੜ ਵਿਚ ਬੌਂਦਲੇ ਹੋਏ ਸਮਝ ਨਹੀਂ ਰਹੇ ਕਿ ਕੀਤਾ ਕੀ ਜਾਵੇ? ਰਾਹ ਵੀ ਸਿੱਧਾ ਜਿਹਾ ਹੈ– ਇਕੱਠੇ ਹੋ ਕੇ ਇਨਸਾਨੀਅਤ ਦੇ ਖਿਲਾਫ ਹੋ ਰਹੇ ਖਿਲਵਾੜ ਅਤੇ ਜ਼ੁਲਮਾਂ ਦੇ ਖਿਲਾਫ ਸਾਂਝੀ ਲਹਿਰ ਉਸਾਰਨੀ।

ਹੋਈ ਤਰੱਕੀ ਦਾ ਆਪਣੇ ਥਾਂ ਜਿਕਰ ਕਰਨਾ ਬਣਦਾ ਹੈ। ਮਨੁੱਖ ਦਾ ਚੰਦ ਤੱਕ ਦਾ ਅਤੇ ਉਸ ਤੋਂ ਵੀ ਅੱਗੇ ਮੰਗਲਗ੍ਰਹਿ ਤੱਕ ਦਾ ਸਫਰ ਇਹ ਮਨੁੱਖੀ ਸਿਰਜਣਾ ਦੇ ਉੱਤਮ ਕਾਰਨਾਮੇ ਹਨ। ਇਹ ਤਾਂ ਜਾਰੀ ਹੀ ਰਹਿਣਗੇ। ਅੱਜ ਤੱਕ ਦੀ ਮਨੁੱਖੀ ਨੇੜਤਾ ਵਧਾਉਂਦੀ ਤਕਨੀਕੀ ਕਰੱਕੀ ਇੰਟਰਨੈਟ ਦੇ ਯੁੱਗ ਤੇ ਦੁਨੀਆਂ ਨੂੰ ਨੇੜੇ ਲੈ ਆਓਣ ਵਾਲਾ ਤਕਨੀਕੀ ਇਨਕਲਾਬ ਲਿਆਂਦਾ ਹੈ। ਹੋ ਰਿਹਾ ਤਕਨੀਕੀ ਵਿਕਾਸ ਮਨੁੱਖਤਾ ਦੇ ਭਲੇ ਵਾਸਤੇ ਹੋਣਾ ਚਾਹੀਦਾ ਹੈ। ਨਵੀਆਂ ਖੋਜਾਂ ਨੂੰ ਤੋਪਾਂ ਅਤੇ ਬੰਬਾ ਵਿੱਚੋਂ ਨਿਕਲਦਾ ਵਹਿਸ਼ੀ ਧੂੰਆਂ ਆਪਣੀ ਜ਼ਹਿਰ ਨਾਲ ਡੰਗਦਾ ਹੈ। ਅੰਨ੍ਹੇ ਮੁਨਾਫੇ ਵਾਲੀ ਲੋਭ ਦੀ ਹਵਸ ਮਨੁੱਖ ਨੂੰ ਨਿਘਾਰ ਵਲ ਧੱਕੀ ਜਾ ਰਹੀ ਹੈ। ਮਨੁੱਖਤਾ ਲਈ ਇਹ ਸਭ ਤੋਂ ਵੱਡਾ ਖਤਰਾ ਹੈ, ਜੋ ਰੋਕਿਆ ਜਾਣਾ ਚਾਹੀਦਾ ਹੈ।

'ਧਰਮੀਆਂ' ਤੇ ਗੈਰ ਧਰਮੀਆਂ ਨੇ ਇੱਕ ਦੂਜੇ ਦੇ ਵਿਸ਼ਵਾਸ਼ਾਂ/ਅਕੀਦਿਆਂ ਨੂੰ ਉਜਾੜਿਆਂ, ਤਬਾਹ ਕੀਤਾ, ਜੋ ਗੈਰ ਮਨੁੱਖੀ ਕਿਸਮ ਦਾ ਗੁਨਾਹ ਹੈ। ਇਸ ਦਾ ਹੀ ਸਿੱਟਾ ਹੈ ਕਿ ਕੌਮਾਂ, ਧਰਮ, ਦੇਸ਼ ਸਭ ਸ਼ਬਦ ਬੌਨੇ ਹੁੰਦੇ ਗਏ ਇਸ ਦੇ ਨਾਲ ਹੀ ਮਨੁੱਖ ਖੁਦ ਵੀ ਬੌਨਾ ਹੁੰਦਾ ਗਿਆ। ਅੱਜ ਇੰਨਾ ਬੌਨਾ ਹੋ ਗਿਆ ਹੈ ਕਿ ਆਪਣੀ ਅਸਲੀ ਪਹਿਚਾਣ ਗਵਾਉਣ ਦੇ ਨੇੜੇ ਪਹੁੰਚ ਗਿਆ ਹੈ। ਧਰਮੀਆਂ ਨੇ ਤਾਂ ਆਪਣੇ ਹੀ ਵਿਸ਼ਵਾਸ ਵਾਲੇ ਭਰਾਵਾਂ ਨੂੰ ਵਿਚਾਰਾਂ ਦੇ ਕੁੱਝ ਵਖਰੇਵੇਂ ਰੱਖਣ ਕਰਕੇ ਦੁਸ਼ਮਣਾਂ ਵਿਚ ਸ਼ਾਮਲ ਕਰ ਲਿਆ ਹੈ। ਬੁਰਾਈ ਦੇ ਲੜ ਲੱਗੇ ਅਜਿਹੇ "ਜੀਊੜੇ"ਮਾੜੇ ਕੰਮ ਕਰਕੇ ਵੀ ਚਾਂਗਰਾਂ ਮਾਰਦੇ ਫਿਰਦੇ ਹਨ। ਮਨੁੱਖ ਭਲਾਂ ਹੋਰ ਕਿੱਥੋਂ ਕੁ ਤੱਕ ਨਿੱਘਰੇਗਾ। ਇਸ ਸਵਾਲ ਦਾ ਜਵਾਬ ਤਾਂ ਭਵਿੱਖ ਦੀ ਕੁੱਖ ਵਿਚ ਲੁਕਿਆ ਪਿਆ ਹੈ।

ਕੀ ਧਰਮ, ਮੁਲਕ, ਕੌਮ ਇਹ ਸ਼ਬਦ ਮਨੁੱਖ ਤੋਂ ਵੀ ਉੱਪਰ ਹਨ? ਇਨਸਾਨ ਤੋਂ ਉੱਤਮ ਇੱਥੇ ਕੁਝ ਵੀ ਨਹੀਂ। ਜਿਸ ਇਨਸਾਨ ਨੇ "ਰੱਬ" ਦੀ ਸਿਰਜਣਾ ਕੀਤੀ, ਫੇਰ ਉਹ ਆਪਣੇ ਆਪੇ ਸਿਰਜੇ ਰੱਬ ਤੋਂ ਕਿਉਂ ਡਰਨ ਲੱਗਾ? ਆਪਣੇ ਕੀਤੇ ਗੁਨਾਹ ਕਿਸੇ ਦੂਸਰੇ ਦੀ ਮਰਜ਼ੀ ਕਹਿ ਕੇ ਮਨ ਨੂੰ ਕਿਉਂ ਰਾਜ਼ੀ ਰੱਖਣ ਲੱਗਾ? ਦਲੀਲ 'ਤੇ ਇਹ ਵਿਚਾਰ ਪੂਰਾ ਨਹੀਂ ਉਤਰਦਾ। ਇਸ ਨੂੰ ਤਰਕ ਨਾਲ ਰੱਦ ਕੀਤਾ ਜਾਣਾ ਚਾਹੀਦਾ ਹੈ। ਕਿਸੇ ਦੂਸਰੇ ਦੇ ਵਿਸ਼ਵਾਸ਼ ਜਾਂ ਅਵਿਸ਼ਵਾਸ਼ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਕਿਸੇ ਦੀ ਆਪਣੀ ਮਰਜੀ ਹੈ, ਪਰ ਕਿਸੇ ਵੀ ਹੋਰ ਨੂੰ ਅਪਮਾਨਤ ਕਰਨ ਦਾ ਹੱਕ ਕਿਸੇ ਵੀ ਦੂਜੇ ਨੂੰ ਨਹੀ ਅਤੇ ਨਾ ਹੀ ਹੋਣਾ ਚਾਹੀਦਾ ਹੈ। ਪਰ ਇੱਥੇ ਤਾਂ ਵਾਰ ਵਾਰ ਵਾਪਰਦਾ ਹੀ ਇਹੋ ਕੁੱਝ ਹੈ। ਆਖਰ ਕਿਉਂ? ਮਨੁੱਖ ਨੇ ਬੀਤੇ ਤੋਂ ਕੀ ਸਿੱਖਿਆ? ਜੇ ਨਹੀਂ ਸਿੱਖਿਆ ਤਾਂ ਕਦੋਂ ਸਿੱਖੇਗਾ? ਧਰਮ ਦੀਆਂ ਕਹੀਆਂ ਜਾਂਦੀਆਂ ਸਿਖਿਆਵਾਂ ਇਸ ਸਮਾਜ ਦੀ ਦੇਣ ਹਨ– ਸਮਾਜ ਸਭਿਅਕ ਹੋਵੇ, ਹਰ ਕੋਈ ਇਕ ਦੂਜੇ ਦਾ ਦਰਦ ਸਮਝੇ, ਮਜ਼ਲੂਮ ਦੀ ਬਾਂਹ ਫੜੇ, ਜ਼ੁਲਮ ਨੂੰ ਲਲਕਾਰੇ – ਅਜਿਹੇ ਵਾਸਤੇ ਅਸੂਲ ਤੈਅ ਕੀਤੇ ਗਏ, ਓਹੀ ਸਾਡਾ ਵਿਰਸਾ ਹੈ। ਇਸ ਨੂੰ ਭਰੱਪਣ ਭਰੀ ਸਾਂਝ ਦੇ ਆਸਰੇ ਸਾਂਭਣ ਦੀ ਲੋੜ ਹੈ। ਸਦੀਆਂ ਪਹਿਲਾਂ ਬਰੂਨੋ ਤੇ ਗੈਲੀਲੀਉ ਵਰਗੇ ਮਹਾਂਪੁਰਸ਼ਾਂ ਦੇ ਬੋਲੇ ਪ੍ਰਵਚਨ ਅਸੀਂ ਕਿਉਂ ਚੇਤੇ ਨਹੀਂ ਰੱਖਣਾ ਚਾਹੁੰਦੇ ?

ਸਦੀਆਂ ਤੋਂ ਤੁਰਿਆ ਆਉਂਦਾ ਅਣਮਨੁੱਖੀ ਵਿਹਾਰ ਅਤੇ ਵਿਚਾਰ, ਜਿਸ ਨੂੰ ਆਮ ਕਰਕੇ ਭਾਰਤੀ ਨਸਲਵਾਦ (ਜਾਤ-ਪਾਤ ਦਾ ਪ੍ਰਬੰਧ ਅਣਮਨੁੱਖੀ ਤੇ ਗੈਰ ਹਰੀਕੀ ਹੈ) ਵੀ ਕਿਹਾ ਜਾਂਦਾ ਹੈ। ਇਸ ਨਵੀਂ ਸਦੀ ਵਿਚ ਐਹੋ ਜਹੇ ਘਟੀਆ ਵਿਚਾਰਾਂ ਨੂੰ ਨਕਾਰਨਾ/ ਭੰਡਣਾਂ ਹੀ ਕਾਫੀ ਨਹੀਂ ਸਗੋਂ ਆਪਣੀ ਪੂਰੀ ਸ਼ਕਤੀ ਨਾਲ ਇਸ ਦੇ ਖਾਤਮੇ ਲਈ ਕੰਮ ਕਰਨਾ ਹਰ ਸੱਚੇ ਇਨਸਾਨ ਦਾ ਫਰਜ ਹੋਣਾ ਚਾਹੀਦਾ ਹੈ ਤਾਂ ਕਿ 'ਮਹਾਨ' ਕਹੇ ਜਾਂਦੇ ਭਾਰਤ ਦੇ ਮੱਥੇ ਤੋਂ ਨਸਲਵਾਦ (ਵਰਣ-ਵੰਡ ਇਸੇ ਦੀ ਹੀ ਬੀਜ ਬੀਜਦੀ ਹੈ) ਦਾ ਦਾਗ ਧੋਤਾ ਜਾ ਸਕੇ। ਹਰ ਮਨੁੱਖ ਨੂੰ ਮਨੁੱਖ ਹੋਣ ਦਾ ਬਰਾਬਰ ਦਾ ਹੱਕ ਮਿਲੇ। "ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥ ਦਾ ਸੰਕਲਪ ਹਕੀਕਤ ਵਿਚ ਸਾਕਾਰ ਹੋਵੇ। ਸੈਮੂਅਲ ਹਟਿੰਗਟਨ ਵਰਗੇ ਮਨੁੱਖਤਾ ਦੋਖੀ ਸ਼ਰਾਰਤੀਆਂ ਵਲੋਂ ਵਿਕਾਊ ਸੰਚਾਰ ਸਾਧਨਾਂ ਦੇ ਆਸਰੇ 'ਸੱਭਿਆਤਾਵਾਂ ਦੇ ਭੇੜ' ਵਰਗਾ ਲੂਣ ਗੁੰਨਣ ਜਿੰਨਾ ਝੂਠਾ ਰੌਲਾ ਪਾ ਕੇ ਮਨੁੱਖਤਾ ਵਿਚ ਵੰਡੀਆਂ ਪਾਉਣ ਵਾਲਿਆਂ ਨੂੰ ਨਕਾਰਦਿਆਂ, ਪੰਜਾਬੀਆਂ ਦੀ ਸਦੀਆਂ ਪੁਰਾਣੀ ਜੀਊਣ ਵਾਲੀ ਜੁਗਤ ਜਾਂ ਰੀਤ 'ਸਰਬੱਤ ਦੇ ਭਲੇ' ਨੂੰ ਸਾਕਾਰ ਕਰਨ ਵਾਸਤੇ ਸਾਂਝੇ ਉਪਰਾਲੇ ਕੀਤੇ ਜਾਣ – ਅਸੀਂ ਸਦੀਆਂ ਤੋਂ ਹੀ ਸੁਣਦੇ ਆਏ ਹਾਂ ਕਿ "ਮਾਨਸ ਕੀ ਏਕ ਜਾਤ ਸਬੈ ਏਕੇ ਪਹਿਚਾਨਬੋ" ਤਾਂ ਫੇਰ ਮਨੁੱਖਾਂ ਅੰਦਰ ਤਰ੍ਹਾਂ ਤਰ੍ਹਾਂ ਦੀਆਂ ਵੰਡੀਆਂ ਪਾਉਣ ਵਾਲੇ ਕੌਣ ਹਨ? ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ ਆਪ ਮਨੁੱਖ ਬਣਕੇ ਦੂਜਿਆਂ ਨਾਲ ਮੁਹੱਬਤੀ ਸਾਂਝ ਪਾਲਣੀ।

ਹੁਣ ਕੀ ਲੋੜੀਂਦਾ ਹੈ? ਮਨੁੱਖੀ ਮਨ ਪਿਆਰ-ਮੁਹੱਬਤਾਂ ਦਾ ਮੁਜੱਸਮਾ ਬਣੇ। ਕਿਸੇ ਕਵੀ ਦੀ ਕਲਪਨਾ ਕਿ 'ਹਰ ਇੱਕ ਬੰਦਾ ਸ਼ਾਹ ਦੁਨੀਆਂ ਦਾ, ਹਰ ਇੱਕ ਤੀਵੀਂ ਰਾਣੀ' ਸੱਚ ਹੋਵੇ, ਸਾਕਾਰ ਹੋਵੇ। ਵੱਡਾ ਤੇ ਮਹੱਤਵਪੂਰਨ ਸੁਪਨਾ ਕਿ ਖਿਲਰਿਆ ਮਨੁੱਖ ਸੁੱਚਾ, ਸੁਚੱਜਾ, ਦੂਜੇ ਦਾ ਦੁੱਖ-ਪੀੜ ਜਰਨ ਵਾਲਾ ਸਮਾਜੀ ਜੀਵ ਬਣੇ। ਮਨੁੱਖੀ ਮਨ ਵਿੱਚ ਵੰਡੀਆਂ ਤੇ ਦੁਸ਼ਮਣੀਆਂ ਦਾ ਮੈਲ ਭਰਿਆ ਪਲਦਾ ਰੋਗ ਖ਼ਤਮ ਹੋਵੇ। ਮਨੁੱਖੀ ਭਾਈਚਾਰਾ ਆਪਣਾ ਹੀ ਪਰਵਾਰ ਸਮਝਿਆ ਜਾਵੇ।

ਆਉਣ ਵਾਲਾ ਸਮਾਂ ਹੋਰ ਵੀ ਤੇਜ ਰਫਤਾਰ ਵਾਲਾ ਹੋਵੇਗਾ। ਉਪਭੋਗਤਾਵਾਦੀ ਸਮਾਜੀ-ਸਿਆਸੀ 'ਸੱਭਿਆਚਾਰਕ' ਵਰਤਾਰਾ ਮਨੁੱਖੀ ਨਿਘਾਰ ਦਾ ਸੂਚਕ ਹੈ। ਮਨੁੱਖੀ ਸੂਝ ਨੂੰ ਲਾਹੇਵੰਦ ਕਾਰਜਾਂ ਵਾਸਤੇ ਵਰਤਣਾ, ਨਿੱਘਰਦੇ ਜਾ ਰਹੇ ਸਮਾਜ ਨੂੰ ਨਵੀਂ ਸੇਧ ਦੇਣ ਦਾ ਸਬੱਬ ਪੈਦਾ ਕਰ ਸਕਦਾ ਹੈ। ਨਵੀਂ ਸੋਚ, ਨਵੀਆਂ ਜੁਗਤਾਂ ਰਾਹੀਂ ਹੀ ਨਵੇਂ ਸਮਾਜ ਅਤੇ ਨਵੇਂ ਮਨੁੱਖ ਦੀ ਸਿਰਜਣਾ ਤੇ ਉਸਾਰੀ ਹੋ ਸਕਦੀ ਹੈ। ਮਨੁੱਖਤਾ ਵਾਸਤੇ ਇਹੋ ਸੱਚਾ ਸੰਦੇਸ਼ ਬਣੇ ਕਿ ਹੱਥੀਂ ਕਿਰਤ ਕਰਨ ਵਾਲਾ ਜਹਾਨ ਦਾ ਪਾਲਕ ਦੁੱਖ ਭਰੇ ਨਰਕੀ ਜੀਵਨ ਤੋਂ ਮੁਕਤ ਹੋਵੇ। ਗੁਜ਼ਰ ਰਿਹਾ ਸਮਾਂ ਸੱਚ ਦੇ ਨਾਂ ਹੋਵੇ, ਜੱਗ ਨੂੰ ਪਾਲਣ ਅਤੇ ਅੱਗੇ ਵਧਾਉਣ ਵਾਲੀ ਕਿਰਤ ਕਰਦਾ ਹਰ ਕਿਰਤੀ ਸੁਖੀ ਵਸੇ। ਵਰਤਮਾਨ ਅਤੇ ਭਵਿੱਖ ਸਾਡਾ ਸਭ ਦਾ ਹੋਵੇ।

ਮਨੁੱਖ ਜਦੋਂ ਵੀ ਚਾਹੇ ਤਾਂ ਕਿਸੇ ਵੀ ਸਮਾਜੀ, ਸਿਆਸੀ ਵਿਚਾਰਧਾਰਾ ਦਾ ਅੰਗ ਬਣ ਸਕਦਾ ਹੈ, ਕਿਸੇ ਵੀ ਧਰਮ ਦਾ ਲੜ ਫੜ ਸਕਦਾ ਹੈ ਜਾਂ ਧਰਮ ਤੋਂ ਬਿਨਾਂ ਜੀਊਣ ਦਾ ਸੰਕਲਪ ਲੈ ਸਕਦਾ ਹੈ। ਪਰ, ਇਸ ਤੋਂ ਵੀ ਜ਼ਰੂਰੀ ਅੱਜ ਲੋੜਾਂ ਦੀ ਲੋੜ ਕਿ ਸਭ ਤੋਂ ਪਹਿਲਾਂ ਸੱਭਿਆਚਾਰਾਂ ਅਤੇ ਸੱਭਿਆਤਾਵਾਂ ਦੀ ਨੇੜਤਾ ਵਾਸਤੇ ਕਾਰਜਸ਼ੀਲ ਹੁੰਦਿਆਂ, ਸੰਸਾਰ ਅਮਨ ਦਾ ਹੋਕਾ ਦਿੰਦਿਆ, ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ ਬੋਲ ਉੱਚਾ ਹੋਵੇ ਕਿ ਹੋਰ ਕੁਝ ਵੀ ਬਣਨ ਤੋਂ ਪਹਿਲਾ ਅਸੀਂ ਸੱਚੇ ਸੁੱਚੇ ਇਨਸਾਨ ਬਣੀਏਂ।

# ਲੋੜਵੰਦ ਵਿਦਿਆਰਥੀਆਂ ਦੇ ਮਸੀਹਾ ਲੈਕਚਰਾਰ ਸੋਮ ਨਾਥ





ਮੇਜਰ ਸਿੰਘ ਨਾਭਾ
91-94635-53962

ਸਿੱਖਿਆ ਖੇਤਰ ਵਿੱਚ ਵਿਲੱਖਣ ਸੇਵਾ ਨਿਭਾ ਚੁੱਕੇ ਸ਼੍ਰੀ ਸੋਮ ਨਾਥ ਲ਼ੈਕਚਰਾਰ (ਪੰਜਾਬੀ) ਦਾ ਜਨਮ ਮਾਤਾ ਸ਼੍ਰੀਮਤੀ ਬਚਨ ਕੌਰ ਦੀ ਕੁੱਖੋਂ ਨਾਨਕੇ ਘਰ ਕਸਬਾ ਸਨੌਰ (ਪਟਿਆਲਾ) ਵਿਖੇ 15 ਅਕਤੂਬਰ 1960 ਨੂੰ ਹੋਇਆ।ਆਪਦੇ ਪਿਤਾ ਸ਼ਵ: ਸ਼੍ਰੀ ਅੱਛਰੂ ਰਾਮ ਇੱਕ ਇਮਾਨਦਾਰ ਅਤੇ ਮਿਹਨਤੀ ਇਨਸਾਨ ਸਨ। ਆਪ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਪਿੰਡ ਛੱਜੂਭੱਟ (ਪਟਿਆਲਾ) ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਅਤੇ ਮਿਡਲ ਤੱਕ ਦੀ ਪੜ੍ਹਾਈ ਸਰਕਾਰੀ ਮਿਡਲ ਸਕੂਲ ਕਕਰਾਲਾ ਤੋਂ ਪ੍ਰਾਪਤ ਕਰਨ ਉਪਰੰਤ ਦਸਵੀਂ ਦੀ ਪੜ੍ਹਾਈ ਆਰੀਆ ਹਾਈ ਸਕੂਲ ਨਾਭਾ ਤੋਂ 1977 ਵਿੱਚ ਪ੍ਰਾਪਤ ਕੀਤੀ। ਸਰਕਾਰੀ ਰਿਪੁਦਮਨ ਕਾਲਜ ਨਾਭਾ ਤੋਂ ਆਪ ਨੇ ਬੀ.ਏ. ਪਾਸ ਕੀਤੀ।ਇਸ ਦੌਰਾਣ ਅਕਾਦਮਿਕ ਪ੍ਰਾਪਤੀਆਂ ਲਈ ਆਪ ਨੂੰ 'ਮੈਰਿਟ ਸਰਟੀਫੀਕੇਟ' ਅਤੇ ਐਨ. ਐਸ. ਐਸ. ਵਿੱਚ ਨਿਭਾਈ ਸ਼ਾਨਦਾਰ ਸਮਾਜ ਸੇਵਾ ਬਦਲੇ 'ਯੂਨੀਵਰਸਿਟੀ ਕਲਰ' ਮਿਲਿਆ। ਕਾਲਜ ਵਿੱਚ ਸੀ.ਆਰ. ਚੁਣੇ ਜਾਣ ਕਾਰਣ 'ਕਾਲਜ ਕਲਰ' ਵੀ ਪ੍ਰਾਪਤ ਕੀਤਾ। ਆਪ ਨੇ ਬੀ.ਐੱਡ. ਪਟਿਆਲੇ ਦੇ ਮਾਣਮੱਤਾ 'ਸਟੇਟ ਕਾਲਜ ਆਫ ਐਜੂਕੇਸ਼ਨ' ਤੋਂ ਕੀਤੀ ।ਇਸ ਦੌਰਾਣ ਆਪ ਨੂੰ ਸਟੇਟ ਬੈਂਕ ਆਫ਼ ਪਟਿਆਲਾ ਵਲੋਂ 'ਸ਼ਫ਼ਾਈ ਅਭਿਆਨ'ਮੁਹਿੰਮ ਵਿੱਚ ਵਧੀਆ ਕਾਰਗੁਜ਼ਾਰੀ ਲਈ ਸਨਮਾਨ ਮਿਲਿਆ।ਆਪ ਨੇ ਕੁਝ ਸਮਾਂ ਮਾਰਕੀਟ ਕਮੇਟੀ ਨਾਭਾ ਵਿਖੇ ਬਤੌਰ ਆਰਜ਼ੀ 'ਆਕਸ਼ਨ ਰਿਕਾਰਡਰ' ਵਜੋਂ ਅਤੇ ਕੁਝ ਸਮਾਂ ਉਰੀਐਂਟਲ ਬੈਂਕ ਆਫ਼ ਕਾਮਰਸ ਨਾਭਾ ਵਿਖੇ ਬਤੌਰ ਕਲਰਕ ਸੇਵਾ ਨਿਭਾਈ।ਇੱਕੋ ਸਮੇਂ ਆਪ ਦੀ ਨਿਯੁਕਤੀ ਸਿੱਖਿਆ ਵਿਭਾਗ ਵਿੱਚ ਬਤੌਰ ਸ.ਸ.ਮਾਸਟਰ ਅਤੇ ਡਾਕਘਰ ਵਿੱਚ ਬਤੌਰ ਪੋਸਟਲ ਅਸਿਸਟੈਂਟ ਹੋ ਗਈ। ਆਪ ਨੇ ਅਧਿਆਪਕ ਬਣਨ ਦਾ ਸੁਪਨਾ ਪਹਿਲਾਂ ਹੀ ਲਿਆ ਹੋਇਆ ਸੀ ਇਸ ਕਰਕੇ ਅਧਿਆਪਨ ਕਿੱਤੇ ਦੀ ਚੋਣ ਕਰਦੇ ਹੋਏ ਆਪ ਨੇ ਬਤੌਰ ਸ.ਸ. ਮਾਸਟਰ ਸਰਕਾਰੀ ਹਾਈ ਸਕੂਲ ਬਾਬਰਪੁਰ (ਨਾਭਾ) ਵਿਖੇ 24 ਜਨਵਰੀ 1984 ਨੂੰ ਆਰਜ਼ੀ ਤੌਰ ਤੇ ਸੇਵਾ ਅਰੰਭ ਕਰ ਦਿੱਤੀ। ਆਪਨੇ ਇਹ ਆਰਜ਼ੀ ਸੇਵਾ ਕਈ ਮਿਡਲ ਅਤੇ ਹਾਈ ਸਕੂਲਾਂ ਜਿਵੇਂ ਢੀਂਗੀ, ਰਾਜਗੜ੍ਹ, ਭਾਦਸੋਂ, ਡਕੌਂਦਾ, ਟਿੱਬੀ, ਗਾਂਧੀ ਨਗਰ ਪਟਿਆਲਾ, ਕਾਰਕੌਰ,ਤ ਲਵੰਡੀ ਮਲਿਕ, ਕਕਰਾਲਾ, ਚਲੈਲਾ, ਕੁਤਬਨਪੁਰ, ਸਮਾਣਾ (ਲੜਕੀਆਂ), ਮਾਂਗੇਵਾਲ ਆਦਿ ਵਿਖੇ ਨਿਭਾਈ ।ਆਪ ਨੇ ਸਰਕਾਰੀ ਹਾਈ ਸਕੂਲ ਕੁਲਬੁਰਛਾਂ ਵਿਖੇ 1 ਅਪ੍ਰੈਲ 1985 ਨੂੰ ਰੈਗੂਲਰ ਤੌਰ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ।ਇਸ ਉਪਰੰਤ ਆਪ ਨੇ 1994 ਵਿੱਚ ਸ.ਹ.ਸ. ਬਖੋਪੀਰ (ਸੰਗਰੂਰ) ਵਿਖੇ ਬਦਲੀ ਕਰਵਾ ਲਈ।ਅਗਲੇ ਸਾਲ ਸ.ਮਿ.ਸ. ਗੁਣੀਕੇ (ਪਟਿਆਲਾ) ਵਿਖੇ ਬਦਲੀ ਹੋ ਗਈ, ਇਥੇ ਸੇਵਾ ਨਿਭਾਉਂਦੇ ਹੋਏ ਆਪਦੀ ਨਿਯੁਕਤੀ ਬਤੌਰ ਲੈਕਚਰਾਰ ਪੰਜਾਬੀ ਹੋਣ ਉਪਰੰਤ ਆਪ ਨੇ 7 ਮਾਰਚ 1996 ਨੂੰ ਸ.ਸ.ਸ.ਸ.(ਲੜਕੇ) ਸਮਾਣਾ ਵਿਖੇ ਹਾਜ਼ਰੀ ਦਿੱਤੀ। ਥੋੜੇ ਮਹੀਨਿਆਂ ਬਾਅਦ ਹੀ ਆਪ ਨੇ ਬਦਲੀ ਕਰਵਾ ਕੇ ਸ.ਸ.ਸ.ਸ. (ਲੜਕੇ) ਨਾਭਾ ਵਿਖੇ 17 ਜੁਲਾਈ ਨੂੰ 1996 ਨੂੰ ਹਾਜ਼ਰ ਹੋ ਕੇ ਆਪਣੀ ਲੱਗਭੱਗ 35 ਸਾਲ ਸੇਵਾ ਵਿੱਚੋਂ ਤਕਰੀਬਨ 22 ਸਾਲ ਦੀ ਮਾਣਮੱਤੀ ਸੇਵਾ ਇਸ ਸਕੂਲ ਵਿੱਚ ਨਿਭਾ ਕੇ 30 ਸਤੰਬਰ ਨੂੰ ਬੇਦਾਗ਼ ਸੇਵਾ ਨਿਭਾ ਕੇ ਸੇਵਾ-ਮੁਕਤ ਹੋ ਚੁੱਕੇ ਹਨ। ਭਾਵੇਂ ਇਨ੍ਹਾਂ ਦੀ ਅਸਲ ਉਮਰ 15 ਅਕਤੂਬਰ 1960 ਹੋਣ ਕਾਰਣ ਅਜੇ ਹੋਰ ਸੇਵਾ ਕਰਨੀ ਸੀ ਪਰ ਪ੍ਰਾਇਮਰੀ ਸਕੂਲ ਦੀ ਗਲਤੀ ਕਾਰਣ 25 ਸਤੰਬਰ 1958 ਲਿੱਖੀ ਗਈ ਜੋ ਕਿ ਜ਼ਿਆਦਾ ਦੇਰ ਨਾਲ ਪਤਾ ਲੱਗਣ ਕਾਰਣ ਸਰਵਿਸ ਰਿਕਾਰਡ ਵਿੱਚ ਬਦਲੀ ਨਹੀਂ ਜਾ ਸਕੀ। ਆਪ ਸਮਾਜ ਸੇਵਾ ਨੂੰ ਸਮਰਪਿਤ, ਮਿੱਠਬੋਲੜੇ, ਹਲੀਮੀ, ਸਮੇਂ ਦੇ ਪਾਬੰਦ, ਦੂਜਿਆਂ ਦੇ ਦੁੱਖ ਸੁੱਖ ਦੇ ਭਾਈਵਾਲ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ।ਇੱਕ ਨੇਕ ਵਿਲੱਖਣ ਸਖਸ਼ੀਅਤ ਹੋਣ ਦੇ ਨਾਤੇ ਆਪ ਵਿਦਿਆਰਥੀਆਂ ਅਤੇ ਸਮਾਜ ਲਈ ਰੋਲ ਮਾਡਲ ਹਨ। ਆਪਨੇ ਮੰਡਲ ਸਿੱਖਿਆ ਅਫਸਰ ਪਟਿਆਲਾ ਮੰਡਲ ਨਾਭਾ, ਵਧੀਕ ਡਿਪਟੀ ਕਮਿਸ਼ਨਰ ਪਟਿਆਲਾ ਪਾਸੋਂ ਵਧੀਆ ਸੇਵਾਵਾਂ ਨਿਭਾਉਣ ਲਈ ਪ੍ਰਸ਼ੰਸ਼ਾ ਪੱਤਰ ਪ੍ਰਾਪਤ ਕੀਤੇ। ਪੰਜਾਬ ਦੀ ਪ੍ਰਤੀ-ਨਿਧਤਾ ਕਰ ਰਹੇ ਸ਼੍ਰ. ਅਮਰਜੀਤ ਸਿੰਘ ਦੁਲੱਦੀ ਅਤੇ ਆਪ ਨੂੰ ਕੇਂਦਰ ਸਰਕਾਰ ਦੇ ਸਭਿਆਚਾਰਕ ਮਾਮਲੇ ਵਿਭਾਗ ਵਲੋਂ ਹੈਦਰਾ-ਬਾਦ ਵਿਖੇ ਲੱਗੀ ਵਰਕਸ਼ਾਪ ਵਿੱਚ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਆਪ ਹਮੇਸ਼ਾਂ ਹੀ ਗਰੀਬ ਹੁਸ਼ਿਆਰ ਵਿਦਿਆਰਥੀਆਂ ਦੀ ਹਰ ਤਰ੍ਹਾਂ ਦੀ ਮਦਦ ਅਤੇ ਕਿੱਤਾ ਚੋਣ ,ਵੱਖ ਵੱਖ ਵਿਭਾਗਾਂ ਵਿੱਚ ਨੌਕਰੀ ਦਿਵਾਉਣ ਆਦਿ ਲਈ ਯੋਗ ਅਗਵਾਈ ਕਰਦੇ ਰਹੇ ਹਨ। ਦਲਿਤ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਜਾਤ ਸਰਟੀਫਿਕੇਟ ਬਣਾਉਣ, ਦਾਖਲਿਆਂ ਅਤੇ ਨੌਕਰੀਆਂ ਸਬੰਧੀ ਰਿਜ਼ਰਵੇਸ਼ਨ ਸਬੰਧੀ ਅਤੇ ਹੋਰ ਦਫਤਰੀ ਕੰਮਾਂ 'ਚ ਆਉਂਦੀਆਂ ਦਿੱਕਤਾਂ ਨੂੰ ਉੱਚ ਅਧਿਕਾਰੀਆਂ ਨਾਲ ਚਿੱਠੀ-ਪੱਤਰ ਜਾਂ ਗੱਲਬਾਤ ਕਰਕੇ ਹੱਲ ਕਰਵਾਉਣ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ ਹਨ। ਨੌਕਰੀ ਦੌਰਾਣ ਹੀ ਪ੍ਰਾਈਵੇਟ ਤੌਰ ਤੇ ਐਮ.ਏ.(ਪੋਲ. ਸਾਇੰਸ), (ਸੋਸ਼ਿਉਲੋਜੀ) ਅਤੇ ਐਮ.ਐਡ. ਦੀ ਉਚੇਰੀ ਪੜ੍ਹਾਈ ਕਰਨ ਦੀ ਲਗਨ ਤੋਂ ਸਹਿਜੇ ਹੀ ਆਪ ਦੇ ਅੰਦਰਲੇ ਗੂੜ ਗਿਆਨ ਦਾ ਪਤਾ ਲਗਦਾ ਹੈ। ਇਸੇ ਕਾਰਣ ਇਸ ਸਾਲ ਅਧਿਆਪਕ ਦਿਵਸ਼ ਤੇ ਆਪ ਨੂੰ ਰੋਟਰੀ ਕਲੱਬ ਗਰੇਟਰ ਨਾਭਾ ਵਲੋਂ 'ਨੇਸ਼ਨ ਬਿਲਡਰ' ਦਾ ਖ਼ਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਆਪਦੇ ਭਰਾ ਬਲਬੀਰ ਚੰਦ ਸਿੱਖਿਆ ਵਿਭਾਗ ਵਿੱਚ ਬਤੌਰ ਲੈਕਚਰਾਰ ਜਿਉਗਰਫੀ ਸੇਵਾ ਕਰ ਰਹੇ ਹਨ।ਆਪ ਦੀ ਸੁਪਤਨੀ ਸ਼੍ਰੀਮਤੀ ਰਾਜਪਾਲ ਕੌਰ ਬਾਲ ਭਲਾਈ ਵਿਭਾਗ ਵਿੱਚ ਸੇਵਾ ਨਿਭਾ ਰਹੇ ਹਨ। ਆਪਦਾ ਵੱਡਾ ਬੇਟਾ ਅਰਸ਼ਦੀਪ ਸਿੰਘ ਬੀ.ਐਸ,ਸੀ. ਨਰਸਿੰਗ ਕਰਨ ਤੋਂ ਬਾਦ ਹੁਣ ਉਚੇਰੀ ਪੜ੍ਹਾਈ ਕੇਨੈਡਾ ਵਿਖੇ ਕਰ ਰਿਹਾ ਹੈ। ਬੇਟੀ ਅਮਨਜੋਤ ਕੌਰ ਬੀ.ਐਸ.ਸੀ.(ਨਰਸਿੰਗ) ਪਟਿਆਲਾ ਵਿਖੇ ਕਰ ਰਹੀ ਹੈ। ਬੇਟਾ ਖੁਸ਼ਵੀਰ ਸਿੰਘ ਛੇਵੀਂ ਸ਼੍ਰੇਣੀ ਵਿੱਚ ਪੜ੍ਹ ਰਿਹਾ ਹੈ।

## ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਦੀ ਬਰਸੀ ਤੇ 09 ਅਕਤੂਬਰ, 2018 ਲਈ ਵਿਸ਼ੇਸ਼

# ਸਾਹਿਬ ਕਾਂਸ਼ੀ ਰਾਮ ਨੇ ਦੱਬੇ ਕੁਚਲੇ ਵਰਗਾਂ ਨੂੰ ਸੰਗਠਿਤ ਕਰਕੇ ਅਪਣੇ ਹੱਕਾਂ ਲਈ ਲੜਨ ਅਤੇ ਰਾਜਨੀਤੀ ਲਈ ਤਿਆਰ ਕੀਤਾ

ਭਾਰਤ ਵਿੱਚ ਸਦੀਆਂ ਤੱਕ ਜਾਤ ਅਧਾਰਤ ਭੇਦਭਾਵ ਕਾਇਮ ਰਿਹਾ ਹੈ। ਇਸ ਜਾਤ ਅਧਾਰਤ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਕਈ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਇਨ੍ਹਾਂ ਵਿੱਚ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਕਾਂਸ਼ੀ ਰਾਮ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਬਾਬੂ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਵਿੱਚ ਹੋਇਆ। ਬਾਬੂ ਕਾਂਸ਼ੀ ਰਾਮ ਅਪਣੇ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭਤੋਂ ਵੱਡੇ ਸਨ। ਬਾਬੂ ਕਾਂਸ਼ੀ ਰਾਮ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਸਨ ਪ੍ਰੰਤੂ ਬਾਬੂ ਜੀ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਆਪ ਦੇ ਨਾਨਾ ਦਾ ਨਾਮ ਸਾਹਿਬ ਦਿਤਾ ਸੀ ਅਤੇ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ। ਕੋਈ ਵੀ ਮਾਮਾ ਨਾਂ ਹੋਣ ਕਾਰਨ ਆਪ ਦਾ ਅਪਣੀ ਨਾਨੀ ਨਾਲ ਬਹੁਤ ਗੂੜ੍ਹਾ ਪਿਆਰ ਸੀ ਜਿਸ ਕਰਕੇ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ। ਨਾਨਕੇ ਪਿੰਡ ਨਾਲ ਪਿਆਰ ਕਾਰਨ ਹੀ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਹੀ ਬਣਾਇਆ ਸੀ। ਆਪ ਰਵਿਦਾਸੀਆ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ ਅਤੇ ਕਈ ਦੂਜੇ ਵਰਗਾਂ ਦੇ ਲੋਕ ਇਸ ਵਰਗ ਦੇ ਲੋਕਾਂ ਨੂੰ ਛੂਹਣਾ ਵੀ ਪਾਪ ਮੰਨਦੇ ਸਨ ਅਤੇ ਆਪ ਨੇ ਕਰੋੜਾਂ ਅਛੂਤਾਂ ਵਾਂਗ ਇਸ ਗੈਰ ਮਨੁਖੀ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆਂ ਅਤੇ ਕਈ ਵਾਰ ਆਪ ਹੰਢਾਇਆ। ਆਪ ਨੇ ਮੁਢਲੀ ਪੜਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ੍ਹ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ 1956 ਵਿੱਚ ਵਿਗਿਆਨ ਵਿੱਚ ਗ੍ਰੈਜੂਏਸਨ ਕੀਤੀ। ਇਸ ਦੌਰਾਨ ਆਪਦੀ ਮੰਗਣੀ ਇੱਕ ਕਾਂਗਰਸੀ ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨ੍ਹਾਂ ਹੀ ਕਰ ਦਿਤਾ ਅਤੇ ਪੂਰੀ ਉਮਰ ਵਿਆਹ ਨਹੀਂ ਕਰਵਾਇਆ। 1957 ਵਿੱਚ ਆਪ ਨੇ ਸਰਵੇ ਆਫ ਇੰਡੀਆ ਦੀ ਪ੍ਰੀਖਿਆ ਪਾਸ ਕੀਤੀ ਅਤੇ ਸਿਖਲਾਈ ਲਈ ਦੇਹਰਾਦੂਨ ਚੱਲੇ ਗਏ। ਸਿਖਲਾਈ ਦੌਰਾਨ ਸਮੂਹ ਸਿਖਿਆਰਥੀਆਂ ਨੂੰ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇੱਕ ਨਿਸ਼ਚਿੱਤ ਸਮੇਂ ਲਈ ਸਰਵੇ ਆਫ ਇੰਡੀਆ ਵਿੱਚ ਨੌਕਰੀ ਕਰਨਾ ਜਰੂਰੀ ਸੀ। ਆਪਨੇ ਇਹ ਬਾਂਡ ਭਰਨ ਤੋਂ ਮਨ੍ਹਾਂ ਕਰ ਦਿੱਤਾ ਅਤੇ ਸਿਖਲਾਈ ਛੱਡਕੇ ਵਾਪਸ ਆ ਗਏ। ਇਸਤੋਂ 1958 ਵਿੱਚ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਇਜ਼ੇਸ਼ਨ ਵਿੱਚ ਬਤੌਰ ਸਹਾਇਕ ਵਿਗਿਆਨੀ ਦੀ ਨੌਕਰੀ ਸ਼ੁਰੂ ਕੀਤੀ। ਆਪਨੇ 1965 ਵਿੱਚ ਅਪਣੇ ਅਦਾਰੇ ਵਿੱਚ ਇੱਕ ਹੋਰ ਸਟਾਫ ਮੈਂਬਰ ਦੀਨਾ ਭਾਨਾ ਜੋਕਿ ਅਛੂਤ ਸੀ ਦੇ ਨਾਲ ਡਾਕਟਰ ਅੰਬੇਡਕਰ ਅਤੇ ਮਹਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਛੁੱਟੀਆਂ ਰੱਦ ਕਰਨ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ ਕਰਕੇ ਤੇ ਲੰਬੀ ਲੜਾਈ ਲੜਕੇ ਬੰਦ ਕੀਤੀਆਂ ਗਈਆਂ ਛੁੱਟੀਆਂ ਮੁੜ੍ਹ ਸ਼ੁਰੂ ਕਰਵਾਈਆਂ। ਬਾਬੂ ਜੀ ਨੇ ਇਸਤੋਂ ਬਾਦ 1971 ਵਿੱਚ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ। ਆਦਿ ਧਰਮ ਲਹਿਰ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਇਸਤੋਂ ਬਾਦ ਆਪਨੇ ਸਾਰਾ ਜੀਵਨ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਲਗਾ ਦਿਤਾ। ਆਪ ਨੇ ਮੋਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਕਹਿੰਦੇ ਸਨ ਕਿ ਇਸ ਸਮਝੋਤੇ ਕਾਰਨ ਕਮਿਊਨਲ ਐਵਾਰਡ ਦੁਆਰਾ ਦਲਿਤਾਂ ਨੂੰ ਮਿਲੇ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਆਪ ਨੇ ਇਸ ਸਬੰਧੀ




ਅਪਣੀ ਕਿਤਾਬ ਚੱਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। ਆਪ ਨੇ ਸਮਾਜਿਕ-ਰਾਜਨੀਤਿਕ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ। 06 ਦਸੰਬਰ, 1978 ਨੂੰ ਬੈਕਵਰਡ ਐਂਡ ਮਾਇਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ ਬਾਮਸੇਫ ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ ਅਤੇ 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜ਼ਨ ਸਮਝਣ ਦੇ ਤਜ਼ਰਬੇ ਨਾਲ ਬੀ ਐਸ ਪੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਤੀਜੇ ਨੰਬਰ ਤੇ ਪਹੁੰਚ ਗਈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ।

ਦੱਸਣਯੋਗ ਹੈ ਕਿ 1996 ਵਿੱਚ ਪੰਜਾਬ ਦੇ ਜਿਸ ਲੋਕ ਸਭਾ ਹਲਕੇ ਹੁਸ਼ਿਆਰਪੁਰ ਤੋਂ ਆਪ ਲੋਕ ਸਭਾ ਮੈਂਬਰ ਬਣੇ ਇਸੇ ਹਲਕੇ ਤੋਂ 50 ਸਾਲ ਪਹਿਲਾਂ ਆਦਿ ਧਰਮ ਮੁਹਿੰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਵਿਧਾਇਕ ਬਣੇ ਸਨ। 18 ਫਰਵਰੀ 2001 ਨੂੰ ਆਦਿ ਧਰਮ ਦੀ ਸਥਾਪਨਾ ਦੇ 75 ਸਾਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਆਪ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। 1998 ਵਿੱਚ ਐਲਾਨ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸ਼ੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਆਪ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਅਤੇ ਆਪ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਆਪ ਦੀ ਹਾਲਤ ਹੋਰ ਖਰਾਬ ਹੋ ਗਈ ਅਤੇ 2004 ਤੋਂ ਬਾਦ ਆਪ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਬਾਬੂ ਜੀ ਲੰਬੀ ਬਿਮਾਰੀ ਬਾਦ ਅੱਜ ਦੇ ਦਿਨ ਮਿਤੀ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜ੍ਹੀਆਂ ਵਸਤਾਂ ਦੀ ਇੱਕ ਲਾਇਬ੍ਰੇਬੀ ਤਿਆਰ ਕੀਤੀ ਗਈ ਹੈ। ਇਸਦਾ ਨੀਂਹ ਪੱਥਰ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਮੋਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ ਬਾਬੂ ਜੀ ਦੇ ਜਨਮ ਦਿਵਸ ਤੇ 15 ਮਾਰਚ, 2013 ਨੂੰ ਪੀ ਐਲ ਪੂਨੀਆ ਸਾਬਕਾ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਇਸ ਮੋਕੇ ਕਰਵਾਏ ਗਏ ਸਮਾਗਮ ਵਿੱਚ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ, ਸ਼ਮਸ਼ੇਰ ਸਿੰਘ ਦੂਲੋ, ਰਾਣਾ ਕੇ ਪੀ ਸਿੰਘ, ਪਵਨ ਕੁਮਾਰ ਟੀਨੂੰ, ਸ਼ਿੰਗਾਰਾ ਰਾਮ ਸਹੂੰਗੜਾ ਆਦਿ ਹਾਜਰ ਸਨ।

ਆਪ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ ਅਤੇ ਉਨ੍ਹਾਂ ਵਲੋਂ ਕੀਤੇ ਗਏ ਸਮਾਜਿਕ ਰਾਜਨੀਤਿਕ ਕੰਮਾਂ ਅਤੇ ਅੰਦੋਲਨਾਂ ਤੋਂ ਸੇਧ ਲੈਂਦੇ ਹਨ। ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜ਼ਰੀਵਾਲ, ਆਰ ਪੀ ਆਈ ਆਗੂ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਪੋਤੇ ਪ੍ਰਕਾਸ਼ ਅੰਬੇਡਕਰ, ਭਾਰਤੀ ਸ਼ੋਸ਼ਿਤ ਸਮਾਜ ਸੰਘਰਸ਼ ਸੰਗਠਨ ਦੇ ਆਗੂ ਜਸਵਿੰਦਰ ਕੌਰ, ਹਰਨੇਕ ਸਿੰਘ, ਕੁਲਦੀਪ ਚੰਦ, ਪਰਮਿੰਦਰ ਪਾਲ, ਕ੍ਰਿਪਾਲ ਸਿੰਘ, ਜੇਮਜ਼ ਰਾਇਲ, ਤ੍ਰਿਲੋਕੀ ਨਾਥ, ਰਾਕੇਸ਼ ਕੁਮਾਰ ਅਪਣੇ ਹੋਰ ਸਾਥੀਆਂ ਨਾਲ ਇਸ ਸਥਾਨ ਤੇ ਵਿਸ਼ੇਸ਼ ਤੋਰ ਤੇ ਪਹੁੰਚ ਚੁੱਕੇ ਹਨ। ਦੇਸ਼ ਵਿੱਚ ਦਲਿਤ ਰਾਜਨੀਤੀ ਦਾ ਧੁਰਾ ਰਹੇ ਸਵਰਗੀ ਬਾਬੂ ਕਾਂਸ਼ੀ ਰਾਮ ਦਾ ਨਾਮ ਰਹਿੰਦੀ ਦੁਨੀਆਂ ਤੱਕ ਲੋਕਾਂ ਦੇ ਦਿਲਾਂ ਵਿੱਚ ਵਸਿਆ ਰਹੇਗਾ।



ਕੁਲਦੀਪ ਚੰਦ
91-94175-63054

# ਸੀਟਾਂ ਦੀ 'ਭੀਖ' ਮੰਗਣ ਨਾਲੋਂ ਇਕੱਲਿਆਂ ਲੜਾਂਗੇ ਚੋਣਾਂ: ਮਾਇਆਵਤੀ



ਨਵੀਂ ਦਿੱਲੀ- ਬਸਪਾ ਸੁਪਰੀਮੋ ਮਾਇਆਵਤੀ ਨੇ ਮੰਗਲਵਾਰ ਨੂੰ ਕਿਹਾ ਕਿ ਗੱਠਜੋੜ ਦੀ ਰਾਜਨੀਤੀ ਵਿੱਚ ਉਹ ਸੀਟਾਂ ਦੀ 'ਭੀਖ' ਮੰਗਣ ਨਾਲੋਂ ਇਕੱਲਿਆਂ ਚੋਣਾਂ ਲੜਨ ਵਿੱਚ ਵਿਸ਼ਵਾਸ ਰੱਖਦੇ ਹਨ। ਤਿੰਨ ਸੂਬਿਆਂ ਵਿੱਚ ਹੋਣ ਵਾਲੀਆਂ ਚੋਣਾਂ ਸਬੰਧੀ ਪਿਛਲੇ ਹਫ਼ਤੇ ਕਾਂਗਰਸ ਨਾਲ ਹੋਈ ਮੀਟਿੰਗ ਤੋਂ ਬਾਅਦ ਬਸਪਾ ਸੁਪਰੀਮੋ ਨੇ ਇਹ ਗੱਲਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਗੱਠਜੋੜ ਵਿੱਚ ਜੇ ਬਸਪਾ ਨੂੰ ਮੰਗ ਅਨੁਸਾਰ ਪੂਰੀਆਂ ਸੀਟਾਂ ਨਹੀਂ ਮਿਲਦੀਆਂ ਤਾਂ ਉਹ ਇਕ-ਲਿਆਂ ਹੀ ਚੋਣ ਲੜਨਾ ਬਿਹਤਰ ਸਮਝੇਗੀ।

ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਭਾਜਪਾ ਨੇ ਦਲਿਤਾਂ, ਪੱਛੜੀਆਂ ਸ਼੍ਰੇਣੀਆਂ ਅਤੇ ਮੁਸਲਮਾਨਾਂ, ਘੱਟ ਗਿਣਤੀਆਂ ਅਤੇ ਸਵਰਨ ਸਮਾਜ ਦੇ ਗਰੀਬ ਲੋਕਾਂ ਨਾਲ ਕਦੇ ਵੀ ਨਿਆਂ ਨਹੀਂ ਕੀਤਾ। ਉਨ੍ਹਾਂ ਨੇ ਇਨ੍ਹਾਂ ਸ਼੍ਰੇਣੀਆਂ ਦੇ ਨਿਘਰਦੇ ਜੀਵਨ ਪੱਧਰ ਲਈ ਇਨ੍ਹਾਂ ਦੋਵੇਂ ਵੱਡੀਆਂ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਸਪਸ਼ਟ ਤੌਰ 'ਤੇ ਕਿਹਾ, ''ਬਸਪਾ ਕਿਸੇ ਵੀ ਗੱਠਜੋੜ ਵਿੱਚ ਸੀਟਾਂ ਲਈ ਭੀਖ ਨਹੀਂ ਮੰਗੇਗੀ। ਜੇ ਉਸ ਨੂੰ ਸਨਮਾਨਜਨਕ ਸੀਟਾਂ ਨਹੀਂ ਮਿਲਦੀਆਂ ਤਾਂ ਉਹ ਇਕੱਲਿਆਂ ਚੋਣਾਂ ਲੜਨਾ ਹੀ ਬਿਹਤਰ ਸਮਝੇਗੀ।'' ਬਸਪਾ ਦੇ ਸੰਸਥਾਪਕ ਕਾਸ਼ੀ ਰਾਮ ਦੀ ਬਰਸੀ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਵਰਨ ਸਮਾਜ ਦੇ ਗਰੀਬਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਨਾ ਹੀ ਕਾਂਗਰਸ ਅਤੇ ਨਾ ਹੀ ਭਾਜਪਾ ਨੇ ਕੋਈ ਕੰਮ ਕੀਤਾ ਹੈ।

# ਹਵਾਬਾਜ਼ੀ ਖੇਤਰ ਦੀ ਸੁਰੱਖਿਆ ਨਜ਼ਰਅੰਦਾਜ਼ ਨਹੀ ਕਰ ਸਕਦੇ : ਰਾਜਨਾਥ

**ਨਵੀਂ ਦਿੱਲੀ-** ਸਾਲ 2009 ਵਿੱਚ ਸਾਹਮਣੇ ਆਏ 'ਅੰਡਰਵੀਅਰ ਬੰਬਾਰ' ਦਾ ਚੇਤਾ ਕਰਦਿਆਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਅੱਜ ਆਖਿਆ ਕਿ ਦਹਿਸ਼ਤਗਰਦ ਕੌਮਾਂਤਰੀ ਉਡਾਣਾਂ ਨੂੰ ਨਿਸ਼ਾਨਾ ਬਣਾਉਣ ਲਈ ਆਪਣੀਆਂ ਹੱਦਾਂ ਮੋਕਲੀਆਂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਵਿੱਚ 40 ਛੋਟੇ ਹਵਾਈ ਅੱਡਿਆਂ ਅਤੇ ਹੈਲੀਪੋਰਟਾਂ ਦੀ ਸੁਰੱਖਿਆ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਕੇਂਦਰੀ ਗ੍ਰਹਿ ਮੰਤਰੀ ਨੇ ਇੱਥੇ 'ਕੌਮਾਂਤਰੀ ਸ਼ਹਿਰੀ ਹਵਾਬਾਜ਼ੀ ਸੁਰੱਖਿਆ' ਬਾਰੇ ਦੋ ਰੋਜ਼ਾ ਸੈਮੀਨਾਰ ਦਾ ਉਦਘਾਟਨ ਕਰਦਿਆਂ ਕਿਹਾ '' ਸ਼ਹਿਰੀ ਹਵਾਬਾਜ਼ੀ ਸੈਕਟਰ ਬਹੁਤ ਹੀ ਸੰਵੇਦਨਸ਼ੀਲ ਹੈ ਅਤੇ ਜਦੋਂ ਕਦੇ ਵੀ ਹਮਲਾ ਹੁੰਦਾ ਹੈ ਤਾਂ ਦੁਨੀਆ ਦਾ ਕੇਂਦਰਬਿੰਦੂ ਬਣ ਜਾਂਦਾ ਹੈ। ਆਮ ਤੌਰ 'ਤੇ ਇਨ੍ਹਾਂ ਘਟਨਾਵਾਂ ਦੇ ਭੂ-ਰਾਜਸੀ ਸਿੱਟੇ ਨਿਕਲਦੇ ਹਨ। ਉਨ੍ਹਾਂ ਕਿਹਾ '' 2001 ਵਿਚ ਜੁੱਤੀ ਬੰਬਾਰ, 2006 ਵਿਚ ਵਰਤੇ ਗਏ ਤਰਲ ਵਿਸਫੋਟਕ ਅਤੇ 2009 ਵਿਚ ਐਮਸਟ੍ਰਡਮ ਵਿਚ ਅੰਡਰਵੀਅਰ ਬੰਬਾਰ ਦੀਆਂ ਘਟਨਾਵਾਂ ਤੋਂ ਸਾਫ਼ ਸੰਕੇਤ ਮਿਲਦਾ ਹੈ ਕਿ ਦਹਿਸ਼ਤਗਰਦ ਹਵਾਬਾਜ਼ੀ ਖੇਤਰ ਨੂੰ ਨਿਸ਼ਾਨਾ ਬਣਾਉਣ ਲਈ ਆਪੋ ਆਪਣੀਆਂ ਹੱਦਾਂ ਵਧਾ ਰਹੇ ਹਨ। ਉਨ੍ਹਾਂ ਦੇਸ਼ ਦੀਆਂ ਹਵਾਬਾਜ਼ੀ ਸੁਰੱਖਿਆ ਏਜੰਸੀਆਂ ਨੂੰ ਅਜਿਹੇ ਖਤਰਿਆਂ ਨਾਲ ਨਜਿੱਠਣ ਲਈ ਮਨਸੂਬਾਬੰਦੀ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਕਿਸੇ ਦਾਅਵੇ ਦੀ ਤਾਕਤ ਉਸ ਦੀ ਸਭ ਤੋਂ ਛੋਟੀ ਇਕਾਈ ਦੀ ਤਾਕਤ 'ਤੇ ਨਿਰਭਰ ਕਰਦੀ ਹੈ ਜਿਸ ਕਰ ਕੇ ਛੋਟੇ ਹਵਾਈ ਅੱਡਿਆਂ ਦੀ ਸੁਰੱਖਿਆ ਨੂੰ ਕਦੇ ਵੀ ਨਜਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।

# ਸੱਚੀ ਸਿੱਖੀ

ਬਾਬਾ! ਅੱਜ ਬਰਗਾੜੀ ਦੇ ਵਿੱਚ
ਸੰਗਤਾਂ ਅਜ਼ਬ ਨਜ਼ਰ ਤੱਕੇ ।
ਤੇਰੀ ਸੱਚੀ ਸੁੱਚੀ ਸਿੱਖੀ
ਦੇ ਨੂਰੀ ਝਲਕਾਰੇ ਤੱਕੇ ।
ਇੱਕ ਪਾਸੇ ਇੱਕ ਰਾਹ ਦੇ ਕੰਢੇ
ਖੜ੍ਹਾ ਘਨ੍ਹਈਆ ਭਾਈ ਦਿਸਿਆ ।
ਨਾ਼ਲ ਪਿਆਰ ਦੇ ਭਰ-ਭਰ ਭਾਂਡੇ
ਜਾਂਦਾ ਜਲ ਛਕਾਈ ਦਿਸਿਆ ।
ਦੂਜੇ ਬੰਨੇ ਭਾਈ ਲਾਲੋ
ਡਿੱਠਾ ਸੇਵ ਕਮਾਈ ਜਾਂਦਾ ।
ਗ਼ਲ ਝੋ਼ਲੀ ਪਰਸ਼ਾਦਿਆਂ ਵਾ਼ਲੀ
ਲੰਗਰ ਸੀ ਵਰਤਾਈ ਜਾਂਦਾ ।
ਅੱਜ ਫੇਰ ਜੋਗਾ ਸਿੰਘ ਤੇਰਾ
ਪਿਆਰ ਤੇਰੇ ਵਿੱਚ ਧਾਅ ਕੇ ਆਇਆ ।
ਇਸ ਵਾਰੀ ਨਹੀਂ ਰਾਹ ਵਿੱਚ ਡੋਲਿਆ
ਚੋਖਾ ਪੰਧ ਮੁਕਾ ਕੇ ਆਇਆ।
ਇਹ ਰੂਹਾਂ ਸਨ ਕਿੱਥੋਂ ਆਈਆਂ
ਇਹ ਤਾਂ ਪੁੱਛ-ਪਤਾ ਨਾ ਕੋਈ ।
ਪਰ ਇਹਨਾਂ ਤਸਵੀਰਾਂ ਵਿੱਚੋਂ
ਤੇਰੀ ਸਿੱਖੀ ਪ੍ਰਗਟ ਹੋਈ ।
ਮਾਂ-ਬੋਲੀ ਦਾ ਸੱਚਾ ਸ਼ਾਇਰ
ਪੂਰਨ ਸਿੰਘ ਹੈ ਸੱਚ ਫ਼ੁਰਮਾਉਂਦਾ।
ਬਾਬਾ ! ਇਹ ਪੰਜਾਬ ਤੇਰਾ ਹੈ
ਅੱਜ ਵੀ ਤੇਰੇ ਨਾਂ 'ਤੇ ਜਿਉਂਦਾ।



ਗੁਰਲਾਲ ਸਿੰਘ ਬਰਾੜ
91-94635-18172

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਜੀ.ਟੀ.ਵੀ.ਨਾਲ ਮੁਲਾਕਾਤ





ਸੀ ਐਲ ਚੁੰਬਰ

ਕਬੀਰਾ ਤੇਰੀ ਝੌਂਪੜੀ ਗਲ ਕਟੀਅਨ ਕੇ ਪਾਸ।
ਜੋ ਕਰਨਗੇ ਸੋ ਭਰਨਗੇ ਤੂੰ ਕਿਉਂ ਭਇਓ ਉਦਾਸ।।

24 ਨਵੰਬਰ 96 ਨੂੰ ਜੀ. ਟੀ. ਵੀ. ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ 'ਆਪਕੀ ਅਦਾਲਤ' ਵਿਚ ਮੁਲਾਕਾਤ ਪੇਸ਼ ਕੀਤੀ ਜਿਸ ਨੂੰ ਕਰੋੜਾਂ ਭਾਰਤੀਆਂ ਅਤੇ ਵਿਦੇਸ਼ੀਆਂ ਨੇ ਬੜੀ ਦਿਲਚਸਪੀ ਨਾਲ ਦੇਖਿਆ ਅਤੇ ਸਲਾਹਿਆ। ਪੇਸ਼ ਹਨ ਮੁੱਖ ਅੰਸ਼: ''ਕੇਂਦਰ ਵਿਚ ਅਤੇ ਉਤਰ ਪ੍ਰਦੇਸ਼ ਵਿਚ ਫਿਊਡਲ (ਜਗੀਰਦਾਰਾਂ) ਨਾਲ ਮੁਕਾਬਲਾ ਕਰਨ ਲਈ ਅਤੇ ਮੁਲਾਇਮ ਸਿੰਘ ਯਾਦਵ ਦਾ ਮਨੋਬਲ ਡੇਗਣ ਲਈ ਕਾਂਗਰਸ ਨਾਲ ਅਸੀਂ ਸਮਝੌਤਾ ਕੀਤਾ।'' ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਇਕ ਸਵਾਲ ਦੇ ਜਵਾਬ 'ਚ ਕਿਹਾ। ਉਹਨਾਂ ਨੇ ਇਕ ਹੋਰ ਸਵਾਲ ਦੇ ਜਵਾਬ ਵਿਚ ਕਿਹਾ ਕਿ ਯੂ. ਪੀ. ਵਿਚ ਸਰਕਾਰ ਅਸੀਂ ਨਹੀਂ ਮੁਲਾਇਮ ਸਿੰਘ ਯਾਦਵ ਨੇ ਚਲਾਈ ਅਤੇ ਗੁੰਡਾ ਰਾਜ ਨੂੰ ਖਤਮ ਕਰਨ ਲਈ ਜਦੋਂ ਕਾਂਗਰਸ ਦੇ ਜਤਿੰਦਰ ਪ੍ਰਸ਼ਾਦ, ਬੀ. ਜੇ. ਪੀ. ਦੇ ਸ੍ਰੀ ਜੋਸ਼ੀ ਅਤੇ ਸੀ. ਪੀ. ਆਈ. ਦੇ ਐਮ. ਐਲ. ਏ. ਮੇਰੇ ਕੋਲ ਆਏ ਕਿ ਮੁਲਾਇਮ ਸਿੰਘ ਨੂੰ ਹਟਾਉਣਾ ਜ਼ਰੂਰੀ ਹੈ।

''ਭ੍ਰਿਸ਼ਟਾਚਾਰ ਦਾ ਸਭ ਤੋਂ ਵੱਡਾ ਨੁਕਸਾਨ ਦਲਿਤ, ਪੱਛੜੇ ਲੋਕਾਂ ਨੂੰ ਹੁੰਦਾ ਹੈ।'' ਭ੍ਰਿਸ਼ਟਾਚਾਰ ਬਾਰੇ ਪੁੱਛੇ ਇਕ ਸਵਾਲ ਦੇ ਜਵਾਬ 'ਚ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਕਿਹਾ। ਨਰਸਿਮ੍ਹਾ ਰਾਓ ਅਤੇ ਕਾਂਗਰਸ ਦੇ ਭ੍ਰਿਸ਼ਟਾਚਾਰੀ ਹੋਣ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਉਹਨਾਂ ਨੇ ਕਿਹਾ ਕਿ ਜਦ ਮੈਨੂੰ ਭ੍ਰਿਸ਼ਟਾਚਾਰ ਬਾਰੇ ਪੁੱਛਿਆ ਜਾਂਦਾ ਹੈ ਤਾਂ ਕਬੀਰ ਸਾਹਿਬ ਮੇਰੀ ਮਦਦ ਲਈ ਆਉਂਦੇ ਹਨ:

ਕਬੀਰਾ ਤੇਰੀ ਝੌਂਪੜੀ ਗਲ ਕਟੀਅਨ ਕੇ ਪਾਸ।
ਜੋ ਕਰਨਗੇ ਸੋ ਭਰਨਗੇ ਤੂੰ ਕਿਉਂ ਭਇਓ ਉਦਾਸ।।

'ਆਪ ਕੀ ਅਦਾਲਤ' ਦੇ ਸ੍ਰੀ ਰਜਤ ਸ਼ਰਮਾ ਵੱਲੋਂ ਇਹ ਪੁੱਛੇ ਜਾਣ 'ਤੇ ਕੀ ਬਸਪਾ ਦੀ ਰਾਜਨੀਤੀ ਸਿਧਾਂਤਾਂ ਦੀ ਨਹੀਂ, ਦੇ ਜਵਾਬ ਵਿਚ ਸਾਹਿਬ ਕਾਂਸ਼ੀ ਰਾਮ ਨੇ ਕਿਹਾ ਕਿ ਸਾਡਾ ਨਿਸ਼ਾਨਾ ਕੁਰਸੀ ਪ੍ਰਾਪਤ ਕਰਕੇ ਸਮਾਜਿਕ ਅਤੇ ਆਰਥਿਕ ਦਿਸ਼ਾ ਵਿਚ ਪਰਿਵਰਤਨ ਕਰਨਾ ਹੈ। ਅਸੀਂ ਦੇਸ਼ ਦੇ ਨਹੀਂ ਤਾਂ ਪ੍ਰਦੇਸ਼ ਦੇ ਹੁਕਮਰਾਨ ਬਣ ਗਏ ਹਾਂ। ਕੁਰਸੀ ਤੇ ਬੈਠਣਾ ਹੀ ਮਕਸਦ ਹੈ, ਦੇ ਦੋਸ਼ ਨੂੰ ਰੋਕਦਿਆਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਕਿ ਕੁਰਸੀ ਤੇ ਬੈਠ ਕੇ ਉਤਰ ਪ੍ਰਦੇਸ਼ ਵਿਚ ਲੋਕ ਭਲਾਈ ਦੇ ਚਾਰ ਮਹੀਨੇ ਕੰਮ ਕੀਤਾ।

ਯੂਨਾਈਟਿਡ ਫਰੰਟ ਵੱਲੋਂ ਕੇਂਦਰ ਸਰਕਾਰ ਵਿਚ ਸ਼ਾਮਲ ਹੋਣ ਦੇ ਸੱਦੇ ਬਾਰੇ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਕਿਹਾ ਕਿ ਅਸੀਂ ਮਾਇਆਵਤੀ ਦੇ ਮੁੱਖ ਮੰਤਰੀ ਬਣਨ ਤੇ ਜ਼ੋਰ ਦਿੱਤਾ ਤਾਂ ਯੂਨਾਈਟਿਡ ਫਰੰਟ ਨੇ ਕਾਂਸ਼ੀ ਰਾਮ ਨੂੰ ਰੱਖਿਆ ਮੰਤਰੀ ਅਤੇ ਹੋਰ ਵੀ ਦੋ ਤਿੰਨ ਮੰਤਰੀ ਬਣਾਉਣ ਦਾ ਸੱਦਾ ਦਿੱਤਾ ਪਰ ਮੁਲਾਇਮ ਸਿੰਘ ਨੂੰ ਯੂ. ਪੀ. ਦਾ ਮੁੱਖ ਮੰਤਰੀ ਬਣਾਉਣ ਲਈ ਕਿਹਾ।

ਮਾਇਆਵਤੀ ਨੂੰ ਯੂ. ਪੀ. ਦਾ ਮੁੱਖ ਮੰਤਰੀ ਬਣਾਉਣ ਦੀ ਜਿੰਦ ਬਾਰੇ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਕਿਹਾ ਕਿ ਅਸੀਂ ਉਤਰ ਪ੍ਰਦੇਸ਼ ਦੇ ਲੋਕਾਂ ਤੋਂ ਵੋਟ ਇਸ ਆਧਾਰ 'ਤੇ ਲਿਆ ਕਿ ਮਾਇਆਵਤੀ ਨੂੰ ਮੁੱਖ ਮੰਤਰੀ ਬਣਾਵਾਂਗੇ। ਜੇ ਸਾਡੀ ਸਰਕਾਰ ਬਣੀ ਤਾਂ ਇੰਨੇ ਬਸਪਾ ਦੇ ਐਮ. ਐਲ. ਏ. ਨਹੀਂ ਜੋ ਤੁਸੀਂ ਸਰਕਾਰ ਬਣਾ ਸਕੋ, ਦੇ ਜਵਾਬ ਵਿਚ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਕਿਹਾ ਕਿ ਯੂਨਾਈਟਿਡ ਫਰੰਟ ਦੀ ਵੀ ਹਾਲਤ ਸਾਡੇ ਵਰਗੇ ਕੇਂਦਰ ਵਿਚ ਹੈ ਪਰ ਉਹ ਕਾਂਗਰਸ ਦੀ ਮਦਦ ਨਾਲ ਸਰਕਾਰ ਬਣਾਈ ਬੈਠੇ ਹਨ।

ਕਾਂਗਰਸ ਨੇ ਯੂਨਾਈਟਿਡ ਫਰੰਟ ਤੋਂ ਨਾਤਾ ਨਹੀਂ ਤੋੜਿਆ ਦੇ ਜਵਾਬ ਵਿਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਕਿ ਅਸੀਂ ਵੀ ਸੋਚ ਸਮਝ ਕੇ ਕਾਂਗਰਸ ਨਾਲ ਯੂ. ਪੀ. ਵਿਚ ਨਾਤਾ ਤੋੜਿਆ। ਹੁਣ ਫਰਵਰੀ 1997 ਵਿਚ ਪੰਜਾਬ ਅਸੈਂਬਲੀ ਚੋਣਾਂ ਵਿਚ ਕਾਂਗਰਸ ਨਾਲ ਸਮਝੌਤਾ ਨਹੀਂ ਕਰਾਂਗੇ। ਮੱਧ ਪ੍ਰਦੇਸ਼ ਵਿਚ ਵੀ ਨਹੀਂ ਕਰਾਂਗੇ ਜਦੋਂ ਤੱਕ ਕਾਂਗਰਸ ਫਿਊਡਲ (ਜਗੀਰਦਾਰਾਂ) ਨਾਲੋਂ ਨਾਤਾ ਨਹੀਂ ਤੋੜਦੀ।

ਬਸਪਾ ਹਰ ਪਾਰਟੀ ਨਾਲ ਸਮਝੌਤਾ ਕਰਨ ਲਈ ਤਿਆਰ ਹੈ, ਬਾਰੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਕਿ ਆਪਣੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਹਰ ਕਿਸੇ ਨਾਲ ਸਮਝੌਤਾ ਕਰਨ ਲਈ ਤਿਆਰ ਹਾਂ। ਕਾਂਸ਼ੀ ਰਾਮ ਜਿਸ ਥਾਲੀ ਵਿਚ ਖਾਂਦੇ ਹਨ, ਉਸਨੂੰ ਛੇਕ ਕੇ ਨਹੀਂ ਸਗੋਂ ਉਹ ਥਾਲੀ ਤੋੜ ਦਿੰਦੇ ਹਨ, ਦੇ ਜਵਾਬ ਵਿਚ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਹੱਸਦਿਆਂ ਕਿਹਾ, ''ਨਵੀਂ ਥਾਲੀ ਵਿਚ ਖਾਣਾ ਚੰਗਾ ਲੱਗਦਾ ਹੈ।'' ਪਾਰਟੀ ਨੂੰ ਛੱਡ ਕੇ ਗਏ ਜੰਗ ਬਹਾਦਰ ਪਟੇਲ, ਦੀਨਾ ਨਾਥ ਭਾਸਕਰ ਆਦਿ ਬਾਰੇ ਪੁੱਛਣ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਕਿਹਾ ਕਿ ਇਹ ਸਾਰੇ ਮਿੱਟੀ ਦੇ ਬਣੇ ਹੋਏ ਸਨ। ਮੈਂ ਇਹਨਾਂ ਨੂੰ ਮਲੋਡ ਕਰਕੇ (ਢਾਲ) ਕੇ ਬਣਾਇਆ ਪਰ ਇਹ ਫਿਰ ਵੀ ਮਿੱਟੀ ਬਣ ਗਏ। ਆਪਣੇ ਵਿਧਾਇਕਾਂ ਨੂੰ ਇਕ ਜਗ੍ਹਾ ਰੱਖਣ ਬਾਰੇ ਉਹਨਾਂ ਨੇ ਕਿਹਾ ਕਿ ਬੀਤੇ ਸਮੇਂ ਤੋਂ ਸ਼ਬਦ ਸਿੱਖ ਕੇ ਉਹਨਾਂ ਨੂੰ ਖੁੱਲ੍ਹੀ ਮਾਰਕੀਟ ਤੋਂ ਦੂਰ ਰੱਖਣ ਲਈ ਅਜਿਹਾ ਕੀਤਾ ਗਿਆ ਹੈ। ਇਕ ਸਵਾਲ ਦੇ ਜਵਾਬ ਵਿਚ ਉਹਨਾਂ ਨੇ ਕਿਹਾ, ''ਮੈਂ ਕਦੀ ਨਹੀਂ ਕਿਹਾ ਕਿ ਮੈਂ ਕੁਰਸੀ ਤੇ ਨਹੀਂ ਬੈਠਣਾ। ਮੈਂ ਤਾਂ ਸਦਾ ਕੁਰਸੀ ਤੇ ਬੈਠਣ ਲਈ ਕਿਹਾ ਹੈ।''

25 ਅਕਤੂਬਰ ਦੀ ਘਟਨਾ ਬਾਰੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਕਿ ਹਰ ਰੋਜ਼ ਸੂਰਜ ਨਿਕਲਣ ਨਾਲ ਹੀ ਕੈਮਰੇ ਗੇਟ ਤੋਂ ਬਾਹਰ ਫਿੱਟ ਕਰ ਦਿੰਦੇ। 17 ਅਕਤੂਬਰ ਤੋਂ ਲੈ ਕੇ ਜੋ ਆਏ ਸੋਚ ਸਮਝ ਕੇ ਆਏ। ਸ੍ਰੀ ਸੀ. ਐਮ. ਇਬਰਾਹੀਮ, ਸੂਰਜਭਾਨ ਜਾਂ ਸਰਕਾਰੀ ਅਫਸਰ ਮਿਲਣ ਆਉਣ ਤਾਂ ਇਹ ਹਰ ਵਿਅਕਤੀ ਨੂੰ ਕੈਮਰੇ ਵਿਚ ਬੰਦ ਕਰਕੇ ਜਾਸੂਸੀ ਕਰਦੇ। 25 ਅਕਤੂਬਰ ਵਾਲੇ ਦਿਨ ਸਕਿਊਰਟੀ ਵਾਲਿਆਂ ਨੇ ਕਿਹਾ ਕਿ ਪੱਤਰਕਾਰ ਮਿਲਣਾ ਚਾਹੁੰਦੇ ਹਨ। ਮੈਂ ਕਿਹਾ ਕਿ ਜੇ ਇਕ-ਦੋ ਹੋਣ ਤਾਂ ਮਿਲ ਸਕਦਾ ਹਾਂ, ਜੇ ਜ਼ਿਆਦਾ ਹਨ ਤਾਂ ਮੈਂ ਬਾਹਰ ਮਿਲਣ ਜਾ ਸਕਦਾ ਹਾਂ ਪਰ ਸਕਿਊਰਟੀ ਵਾਲਿਆਂ ਨੇ ਕਿਹਾ ਕਿ ਤੁਸੀਂ ਸਕਿਊਰਟੀ ਦੇ ਹਿਸਾਬ ਨਾਲ ਨਾ ਮਿਲੋ। ਫਿਰ ਸਕਿਊਰਟੀ ਵਾਲਿਆਂ ਨੇ ਕਿਹਾ ਕਿ ਉਹ ਸਕਿਊਰਟੀ ਦੇ ਘੇਰੇ ਨੂੰ ਤੋੜ ਕੇ ਆ ਰਹੇ ਹਨ। ਮੈਂ ਸੋਚਿਆ ਦਿੱਲੀ ਪੁਲਿਸ ਕਦੋਂ ਆਈ। ਮੈਂ ਉਹਨਾਂ ਨੂੰ ਜਾਣ ਲਈ ਕਿਹਾ। ਉਹਨਾਂ ਨੇ ਮੇਰੇ ਅੱਗੇ ਮਾਈਕ੍ਰੋਫੋਨ ਕਰ ਦਿੱਤਾ। ਮੈਂ ਮਾਈਕ੍ਰੋਫੋਨ ਪਰ੍ਹੇ ਕਰ ਦਿੱਤਾ। ਮੈਂ ਚਪੇੜ ਨਹੀਂ ਮਾਰੀ। ਸ੍ਰੀ ਰਜਤ ਸ਼ਰਮਾ ਨੇ ਦੋਸ਼ ਲਾਇਆ ਕਿ ਤੁਸੀਂ ਕਿਹਾ ਕਿ ਪ੍ਰੈਸ ਨੂੰ ਮਾਰੋ। ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਕਿਹਾ ਕਿ ਮੈਂ ਕਦੋਂ ਕਿਹਾ ਤਾਂ ਸ੍ਰੀ ਰਜਤ ਸ਼ਰਮਾ ਨੇ ਹੱਸਦਿਆਂ ਕਿਹਾ ਕਿ ਤੁਸੀਂ ਮਾਈਕ ਪਰ੍ਹੇ ਕਰ ਦਿੱਤਾ। ਸ੍ਰੀ ਸ਼ਰਮਾ ਦੇ ਇਸ ਕਹਿਣ ਨੇ ਸਿੱਧ ਕਰ ਦਿੱਤਾ ਕਿ ਮਨੂੰਵਾਦੀ ਪ੍ਰੈਸ ਨੇ ਮਨੂੰਵਾਦੀ ਰਾਜਨੀਤਿਕ ਪਾਰਟੀਆਂ ਦਾ ਹੱਥ-ਠੋਕਾ ਬਣ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਅਕਸ ਨੂੰ ਧੁੰਦਲਾ ਕਰਨ ਦੀ ਅਸਫਲ ਕੋਸ਼ਿਸ਼ ਕਰਕੇ ਬੇਨਕਾਬ ਹੋ ਗਈ।

'ਆਪ ਕੀ ਅਦਾਲਤ' ਦੇ ਜੱਜ ਨੇ ਮੰਨਿਆ ਕਿ ਅੱਜ ਜੋ ਭਾਰਤ ਵਿਚ ਦਲਿਤ ਸਮਾਜ ਵਿਚ ਜਾਗਰਤੀ ਹੈ, ਉਸ ਵਿਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਬਹੁਤ ਵੱਡਾ ਯੋਗਦਾਨ ਹੈ। ਭ੍ਰਿਸ਼ਟਾਚਾਰ ਦਾ ਸਭ ਤੋਂ ਵੱਡਾ ਨੁਕਸਾਨ ਦਲਿਤ ਪੱਛੜੇ ਵਰਗ ਦਾ ਹੁੰਦਾ ਹੈ।

> ਸਾਡਾ ਨਿਸ਼ਾਨਾ ਕੁਰਸੀ ਪ੍ਰਾਪਤ ਕਰਕੇ ਸਮਾਜਿਕ ਅਤੇ ਆਰਥਿਕ ਦਿਸ਼ਾ ਵਿਚ ਪਰਿਵਰਤਨ ਕਰਨਾ ਹੈ।
>
> ਅਸੀਂ ਦੇਸ਼ ਕਦੇ ਨਹੀਂ ਤਾਂ ਪ੍ਰਦੇਸ਼ ਦੇ ਹੁਕਮਰਾਨ ਬਣ ਗਏ ਹਾਂ।
>
> ਆਪਣਾ ਨਿਸ਼ਾਨਾ ਪ੍ਰਾਪਤ ਕਰਨ ਲਈ ਹਰ ਕਿਸੇ ਨਾਲ ਸਮਝੌਤਾ ਕਰਨ ਲਈ ਤਿਆਰ ਹਾਂ।
>
> ਨਵੀਂ ਥਾਲੀ ਵਿਚ ਖਾਣਾ ਚੰਗਾ ਲੱਗਦਾ ਹੈ।
>
> ਇਹ ਸਾਰੇ ਮਿੱਟੀ ਦੇ ਬਣੇ ਹੋਏ ਸਨ। ਮੈਂ ਇਹਨਾਂ ਨੂੰ ਮੋਲਡ ਕਰਕੇ (ਢਾਲ ਕੇ) ਬਣਾਇਆ ਪਰ ਇਹ ਫਿਰ ਵੀ ਮਿੱਟੀ ਬਣ ਗਏ। ਬੀਤੇ ਸਮੇਂ ਤੋਂ ਸ਼ਬਦ ਸਿੱਖ ਕੇ ਉਹਨਾਂ (ਵਿਧਾਇਕਾਂ) ਨੂੰ ਖੁੱਲ੍ਹੀ ਮਾਰਕੀਟ ਤੋਂ ਦੂਰ ਰੱਖਣ ਲਈ ਅਜਿਹਾ ਕੀਤਾ।
>
> ਮੈਂ ਤਾਂ ਸਦਾ ਕੁਰਸੀ ਤੇ ਬੈਠਣ ਲਈ ਕਿਹਾ ਹੈ।

# ਪੰਜਾਬੀ ਹਾਸ-ਵਿਅੰਗ ਅਕਾਦਮੀ ਦਾ ਸਲਾਨਾ ਸਮਾਗਮ ਯਾਦਗਾਰੀ ਹੋ ਨਿਬੜਿਆ

**ਮੋਗਾ-** ਪਿਆਰਾ ਸਿੰਘ ਦਾਤਾ ਐਵਾਰਡ ਕਮੇਟੀ ਦਿੱਲੀ ਅਤੇ ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ ਦੇ ਨੁਮਾਇੰਦਿਆਂ ਰਜਿੰਦਰ ਸਿੰਘ, ਪਰਮਜੀਤ ਸਿੰਘ ਦਿੱਲੀ, ਪ੍ਰਧਾਨ ਕੇ.ਐਲ.ਗਰਗ ਵੱਲੋਂ ਐਸ.ਡੀ ਪਬਲਿਕ ਸਕੂਲ ਮੋਗਾ ਵਿਖੇ ਤੇਰਵਾਂ ਪਿਆਰਾ ਸਿੰਘ ਦਾਤਾ ਯਾਦਗਾਰੀ ਸਨਮਾਨ ਸਮਾਰੋਹ ਕਰਵਾਇਆ ਗਿਆ ਹੈ। ਸਮਾਗਮ ਦੇ ਸ਼ੁਰੂਆਤ 'ਚ ਅਕਾਦਮੀ ਦੇ ਪ੍ਰਧਾਨ ਕੇ.ਐਲ.ਗਰਗ ਵੱਲੋਂ ਪਹੁੰਚੀਆਂ ਹੋਈਆਂ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਜੀ ਆਇਆਂ ਆਖਿਆ ਗਿਆ ਅਤੇ ਸਮਾਗਮ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਡਾ.ਫਕੀਰ ਚੰਦ ਸ਼ੁਕਲਾ, ਗੁਰਿੰਦਰ ਮਕਨਾ ਦੇ ਸਾਹਿਤਕ ਸਫਰ ਉੱਪਰ ਚਾਨਣਾ ਪਾਇਆ ਗਿਆ। ਉਪਰੰਤ ਹਰਪ੍ਰੀਤ ਮੋਗਾ ਵੱਲੋਂ ਤਰੰਨਮ 'ਚ ਖੂਬਸੂਰਤ ਗੀਤ ਪੇਸ਼ ਕੀਤਾ ਗਿਆ। ਇਸਦੇ ਨਾਲ ਹੀ ਡਾ. ਪਰਮਜੀਤ ਸਿੰਘ ਢੀਂਗਰਾ ਵੱਲੋਂ ਖੰਡਤ ਹੋ ਰਿਹਾ ਪੰਜਾਬੀ ਹਾਸ-ਵਿਅੰਗ ਵਿਸ਼ੇ ਤੇ ਖੋਜ ਪੱਤਰ ਪੜਿਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਜੋਗਿੰਦਰਪਾਲ ਜੈਨ ਸਾਬਕਾ ਵਿਧਾਇਕ ਮੋਗਾ, ਬਲਦੇਵ ਸਿੰਘ ਸੜਕਨਾਮਾ, ਬਲਦੇਵ ਅਜ਼ਾਦ ਮੁਕਤਸਰ, ਕੁਲਦੀਪ ਸਿੰਘ ਬੇਦੀ ਵੱਲੋਂ ਅਤੇ ਰਵੀ ਕਾਂਤ ਸ਼ੁਕਲਾ, ਬਲਜੀਤ ਰੈਨਾ ਜੰਮੂ ਵੱਲੋਂ ਵਿਅੰਗ ਵਿਧਾ ਤੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ ਗਏ।



ਉਪਰੰਤ ਉਕਤ ਅਕਾਦਮੀ ਪ੍ਰਬੰਧਕਾਂ ਵੱਲੋਂ ਵਿਅੰਗਕਾਰ ਡਾ.ਫਕੀਰ ਚੰਦ ਸ਼ੁਕਲਾ ਅਤੇ ਵਿਅੰਗਕਾਰ ਗੁਰਿੰਦਰ ਮਕਨਾ ਨੂੰ ਸਾਂਝੇ ਤੌਰ ਤੇ ਪਿਆਰਾ ਸਿੰਘ ਦਾਤਾ ਪੁਰਸਕਾਰ ਗਿਆਰਾਂ ਹਜ਼ਾਰ ਰੁਪਏ ਨਕਦ ਰਾਸ਼ੀ, ਯਾਦਗਾਰੀ ਸਨਮਾਨ ਚਿੰਨ੍ਹ ਅਤੇ ਲੋਈਆਂ ਨਾਲ ਸਨਮਾਨਿਤ ਕੀਤਾ ਗਿਆ।

ਇਸਦੇ ਨਾਲ ਹੀ ਬਲਦੇਵ ਸਿੰਘ ਅਜ਼ਾਦ ਮੁਕਤਸਰ ਨੂੰ ਕੁਲਦੀਪ ਸਿੰਘ ਬੇਦੀ ਸੰਪਾਦਕ ਅਸਲੀ ਮੀਰਜ਼ਾਦਾ ਵੱਲੋਂ ਛੇਵਾਂ ਅਸਲੀ ਮੀਰਜ਼ਾਦਾ ਪੁਰਸਕਾਰ ਜਿਸ ਵਿੱਚ 5100 ਨਕਦ ਰਾਸ਼ੀ, ਲੋਈ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਹੈ ਅਤੇ ਉਨ੍ਹਾਂ ਵੱਲੋਂ ਬਲਦੇਵ ਸਿੰਘ ਅਜ਼ਾਦ ਦੇ ਸਾਹਿਤਕ ਸਫਰ ਉੱਪਰ ਅਤੇ ਮੈਗਜ਼ੀਨ ਮੀਰਜ਼ਾਦਾ ਦੀਆਂ ਸਾਹਿਤਕ ਪ੍ਰਾਪਤੀਆਂ ਉੱਪਰ ਚਾਨਣਾ ਪਾਇਆ ਗਿਆ।

ਸਮਾਗਮ ਦੇ ਮੁੱਖ ਮਹਿਮਾਨ ਵਿਧਾਇਕ ਜੋਗਿੰਦਰ ਪਾਲ ਜੈਨ ਵੱਲੋਂ ਪੰਜਾਬੀ ਹਾਸ-ਵਿਅੰਗ ਅਕਾਦਮੀ ਨੂੰ ਗਿਆਰਾਂ ਹਜ਼ਾਰ ਰੁਪਏ ਦੀ ਰਾਸ਼ੀ ਆਰਥਿਕ ਤੌਰ ਤੇ ਭੇਟ ਕੀਤੀ ਗਈ। ਉਪਰੰਤ ਉਕਤ ਪ੍ਰਮੁੱਖ ਸ਼ਖਸ਼ੀਅਤਾਂ ਵੱਲੋਂ ਸਰਵਣ ਸਿੰਘ ਪਤੰਗ ਦੀ ਨਵੀਂ ਪੁਸਤਕ 'ਹਿੰਮਤ' ਕੇ.ਐਲ ਗਰਗ ਦੀਆਂ ਸੰਪਾਦਿਤ ਪੁਸਤਕ 'ਵਿਅੰਗ-ਤਰੰਗ' ਅਤੇ ਪਿਆਰਾ ਸਿੰਘ ਦਾਤਾ ਦੀ ਹੱਥ ਲਿਖਤ ਪੁਸਤਕ 'ਚਾਹ ਪੀਓ ਜੀ', ਜੋਧ ਸਿੰਘ ਮੋਗਾ ਦੀ ਪੁਸਤਕ 'ਤੁਹਾਡੇ ਵਾਸਤੇ' ਅਤੇ ਡਾ.ਸੁਰਜੀਤ ਬਰਾੜ ਦਾ ਮੈਗਜ਼ੀਨ ਲੋਹਮਣੀ ਦੀ ਘੁੰਡ ਚੁਕਾਈ ਵੀ ਕੀਤੀ ਗਈ।

ਉਪਰੰਤ ਹੋਏ ਕਵੀ ਦਰਬਾਰ 'ਚ ਰਾਮਿੰਦਰ ਬੇਰੀ, ਜਸਵੀਰ ਸ਼ਰਮਾਂ ਦੱਦਾਹੂਰ, ਕੁਲਵੰਤ ਗਿੱਲ, ਸੰਦੀਪ ਝਾਂਬ, ਡਾ.ਸਾਧੂ ਰਾਮ ਲੰਗੇਆਣਾ, ਕੰਵਲਜੀਤ ਭੋਲਾ ਲੰਡੇ, ਗੁਰਮੇਜ ਗੇਜਾ ਲੰਗੇਆਣਾ, ਅਮਰ ਘੋਲੀਆ, ਭੁਪਿੰਦਰ ਭਾਰਗਵ, ਡਾ.ਮੋਨੋਜੀਤ ਜੰਮੂ, ਲਾਲੀ ਕਰਤਾਰਪੁਰੀ, ਜਸਵੰਤ ਕੈਲਵੀ, ਗੁਰਮੀਤ ਕੜਿਆਲਵੀ, ਐਮ.ਕੇ ਰਾਹੀ, ਸੋਢੀ ਸੱਤੋਵਾਲੀ, ਜੋਗੀਰਾਜ, ਗੁਰਮੇਲ ਚੰਦ ਨਵਾਂ, ਗੁਰਿੰਦਰ ਮਕਨਾ, ਜੋਗਿੰਦਰ ਸੰਧੂ, ਕੇ.ਸਾਧੂ ਸਿੰਘ, ਦਰਸ਼ਨ ਸਿੰਘ ਸੰਘਾ, ਸਰਵਨ ਪਤੰਗ ਮਾਣੂੰਕੇ, ਜੰਗੀਰ ਖੋਖਰ, ਜੋਧ ਸਿੰਘ, ਕ੍ਰਿਸ਼ਨ ਪ੍ਰਤਾਪ, ਪ੍ਰੇਮ ਕੁਮਾਰ, ਦਿਲਬਾਗ ਬੁੱਕਣਵਾਲਾ, ਗੁਰਮੇਲ ਸਿੱਧੂ, ਪ੍ਰਿੰਸੀਪਲ ਅਵਤਾਰ ਸਿੰਘ ਕਰੀਰ, ਪ੍ਰਿੰਸੀਪਲ ਸੁਰੇਸ਼ ਕੁਮਾਰ ਬਾਂਸਲ, ਸੁਰਜੀਤ ਬਰਾੜ, ਹਰਕੋਮਲ ਬਰਿਆਰ, ਸ਼ਤੀਸ਼ ਗੁਲਾਟੀ, ਕੁਲਦੀਪ ਸਿੰਘ ਬੇਦੀ, ਮਨੋਹਰ ਲਾਲ, ਰਜਿੰਦਰ ਵਰਮਾ, ਰਣਜੀਤ ਸਰਾਂਵਾਲੀ, ਜੰਗ ਵਰਮਨ, ਪਰਦੀਪ ਕੌੜਾ, ਐਲ.ਐਮ ਮੋਲੜੀ, ਪ੍ਰਿੰਸੀਪਲ ਆਰ.ਕੇ ਸਹਿਗਲ, ਮਾਸਟਰ ਵਜ਼ੀਰ ਚੰਦ, ਰੁਮੇਸ਼ ਕੁਮਾਰ ਅਤੇ ਹੋਰ ਬਹੁਤ ਸਾਰੇ ਲੇਖਕਾਂ ਵੱਲੋਂ ਆਪੋ-ਆਪਣੀਆਂ ਕਲਮਾਂ ਦੇ ਕਲਾਮ ਪੇਸ਼ ਕੀਤੇ ਗਏ। ਉੱਕਤ ਜਾਣਕਾਰੀ ਅਕਾਦਮੀ ਦੇ ਪ੍ਰੈੱਸ ਸਕੱਤਰ ਡਾ.ਸਾਧੂ ਰਾਮ ਲੰਗੇਆਣਾ ਵੱਲੋਂ ਜਾਰੀ ਕੀਤੀ ਗਈ।

# ਗੀਤ

ਪਿਆਰ ਪਿਆਰ ਦੀ ਗੱਲ ਕਰਦਾ ਜੇ ਲਾਈਏ ਤੋੜ ਨਿਭਾਈਏ
ਕਦੇ ਅੱਖ ਵਿਚਾਲੇ ਛੱਡ ਕੇ ਤੇ ਫਿਰ ਨਾ ਚਰਚਾ ਕਰਵਾਈਏ
ਸੱਚ ਸਦਾ ਸਿਆਣੇ ਕਹਿੰਦੇ ਹੁੰਦੀਆਂ ਯਾਰਾਂ ਨਾਲ ਬਹਾਰਾਂ
ਕਿਹੜੇ ਦਿਲ ਦੀ ਗੱਲ ਕਰਦਾ ਮੈਂ ਤਾਂ ਜਾਨ ਤੇਰੇ ਤੋਂ ਵਾਰਾਂ।

ਰਾਈ ਦਾ ਲੋਕੀ ਪਹਾੜ ਬਣਾਉਂਦੇ ਹੱਥ ਜੋੜ ਕਰਾਂ ਅਰਜੋਈ
ਇਹਦੀ ਖਾਤਰ ਸੂਲੀ ਚੜ੍ਹ ਗਏ ਕਿਵੇਂ ਹੀਰ ਸਲੇਟੀ ਰੋਈ
ਪਿਆਰ ਜੇ ਵਿਕਦਾ ਹੱਟੀਆਂ ਰੌਣਕ ਰਹਿੰਦੀ ਵਿਚ ਬਜ਼ਾਰਾਂ
ਕਿਹੜੇ ਦਿਲ ਦੀ ਗੱਲ ਕਰਦਾ ਮੈਂ ਤਾਂ ਜਾਨ .....

ਕੋਈ ਕਦਰ ਕੀਮਤਾਂ ਜਾਣੇ ਤੇ ਫਿਰ ਪਿਆਰ ਦਾ ਮੁੱਲ ਤਾਂ ਪੈਂਦਾ
ਪਰਖਣ ਵਾਲੇ ਮਿੰਟ ਨਾ ਲਾਉਂਦੇ ਤੂੰ ਤਾਂ ਲੜਦਾ ਉਠਦਾ ਬਹਿੰਦਾ
ਵਹਿਮ ਭਰਮ ਤੇਰੇ ਮਨ ਵਿਚ ਬੈਠਾ ਛੱਡਦੇ ਸੋਚ ਵਿਚਾਰਾਂ
ਕਿਹੜੇ ਦਿਲ ਦੀ ਗੱਲ ਕਰਦਾ ਮੈਂ ਤਾਂ ਜਾਨ ....

ਚੰਦ ਤਾਰੇ ਨਿੱਤ ਗਿਣਦੀ ਤੋਂ ਕਿਵੇਂ ਰਾਤ ਮੇਰੀ ਬੱਸ ਲੰਘਦੀ
ਸਦਾ ਸਲਾਮਤ ਰੱਖੇ ਰੱਬ ਤੂੰ ਸਦਾ ਖੈਰ ਤੇਰੀ ਮੰਗਦੀ
ਤੂੰ ਨਾ ਬਚਦੀ ਸੋਹਣਿਆ ਸੱਜਣਾ ਭਾਵੇਂ ਬਦਲ ਜਾਣ ਸਰਕਾਰਾਂ
ਕਿਹੜੇ ਦਿਲ ਦੀ ਗੱਲ ਕਰਦਾ ਮੈਂ ਤਾਂ ਜਾਨ ....

ਮੇਰੇ ਮਨ 'ਤੇ ਕੀ ਬੀਤੀ ਜਦੋਂ ਮੈਂ ਵੰਡਦੇ ਵੇਖੇ ਲੋਹੜੀ
ਮੂੰਹ ਬੰਦ ਹੋ ਜਾਏ ਲੋਕਾਂ ਦਾ ਤੇਰੀ ਮੇਰੀ ਬਣ ਜਾਏ ਜੇ ਜੋੜੀ
ਫਿਰ 'ਦੇਵ ਘੋਲੀਏ' ਵਾਲਿਆ ਵੇ ਤੇਰਾ ਸ਼ਰੇਆਮ ਮੁੱਲ ਤਾਰਾਂ
ਕਿਹੜੇ ਦਿਲ ਦੀ ਗੱਲ ਕਰਦਾ ਮੈਂ ਤਾਂ ਜਾਨ ਤੇਰੇ ਤੋਂ ਵਾਰਾਂ।



-ਦੇਵ ਘੋਲੀਆ ਖੁਰਦ
(ਫਰਿਜ਼ਨੋ)
559-232-7764

# ਸੁਪਨਿਆਂ ਦਾ ਮਹਿਲ

ਸੁਪਨਿਆਂ ਦਾ ਮਹਿਲ ਉਸਾਰਨ ਤੋਂ ਪਹਿਲਾਂ
ਵਸੀ ਦੁਨੀਆਂ ਅਸੀਂ ਉਜਾੜਨ ਤੋਂ ਪਹਿਲਾਂ
ਕੁਝ ਖ਼ੁਆਬ ਸਜਾਏ ਸੀ ਅੱਖੀਆਂ ਵਿੱਚ
ਕਿਵੇਂ ਟੁੱਟੇ ਨਾ ਤੈਨੂੰ ਦੱਸ ਸਕੇ ।
ਅਸੀਂ ਉੱਜੜੇ ਹੀ ਹਾਂ ਇਸ ਕਰਕੇ
ਕਿ ਤੇਰੀ ਦੁਨੀਆਂ ਯਾਰਾ ਵੱਸ ਸਕੇ

ਦਿਲ ਵਿੱਚ ਮੁਹੱਬਤ ਮਾਰਨ ਤੋਂ ਪਹਿਲਾਂ
ਖੁਦ ਡੁੱਬੇ ਤੈਨੂੰ ਤਾਰਨ ਤੋ ਪਹਿਲਾਂ ,
ਕਾਲੇ ਪਾਣੀ ਦੀ ਸਜ਼ਾ ਸੁਣਾਈ ਤੂੰ
ਤੈਨੂੰ ਅਸੀਂ ਸੁਣਾ ਨਾ ਸੱਚ ਸਕੇ
ਅਸੀਂ ਉੱਜੜੇ ਹੀ ਹਾਂ ਇਸ ਕਰਕੇ
ਕਿ ਤੇਰੀ ਦੁਨੀਆ ਯਾਰਾਂ ਵੱਸ ਸਕੇ ।

ਬਿਖਰ ਗਏ ਹਾਂ ਅਸੀਂ ਤੂਫਾਨ ਤੋਂ ਪਹਿਲਾਂ
ਮਰੇ ਹਾਂ ਜ਼ਹਿਰ ਖਾਣ ਤੋਂ ਪਹਿਲਾਂ ,
ਅੱਖੀਆਂ ਵਿੱਚ ਕੱਟੀਆਂ ਨੇ ਰਾਤਾਂ ਅਸੀਂ ,
ਨਾ ਯਾਦ ਤੇਰੀ ਪਰ ਧੱਕ ਸਕੇ ।
ਅਸੀਂ ਉੱਜੜੇ ਹੀ ਹਾਂ ਇਸ ਕਰਕੇ
ਕਿ ਤੇਰੀ ਦੁਨੀਆ ਯਾਰਾ ਵੱਸ ਸਕੇ ।

ਕਿਲ੍ਹਾ ਪਿਆਰ ਦਾ ਸੱਜਣਾ ਢਾਹੁਣ ਤੋਂ ਪਹਿਲਾ
ਖੁਦ ਨੂੰ ਪਰਖਿਆ ਤੈਨੂੰ ਅਜ਼ਮਾਉਣ ਤੋਂ ਪਹਿਲਾ
"ਜਗਸੀਰ" ਸਬਰ ਦਾ ਘੁੱਟ ਕੌੜਾ ਸੀ ।
ਪਰ "ਵੀਰਪਾਲ "ਪਿੱਛੇ ਨਾ ਹੱਟ ਸਕੇ।
ਅਸੀਂ ਉੱਜੜੇ ਹੀ ਹਾਂ ਇਸ ਕਰਕੇ ਕਿ
ਤੇਰੀ ਦੁਨੀਆਂ ਯਾਰਾ ਵਸ ਸਕੇ ।

"ਵੀਰਪਾਲ ਕੌਰ ਭੱਠਲ "
9781013953



# ਪੰਜਾਬੀ

ਪੰਜਾਬੀਏ ਜ਼ੁਬਾਨੇ ਨੀ ਪੰਜਾਬ ਦੀ ਏ
ਕਿਵੇਂ ਸੰਭਾਲਾਂ ਵਜੂਦ ਤੇਰਾ
ਮੁੱਕਦੀ ਜਿਹੀ ਆਸ ਜਾਵੇ
ਪੰਜਾਬੀ ਹੀ ਨਾ ਰਹੀ ਜੇ
ਪੰਜਾਬੀ ਵਿਰਸਾ ਕੌਣ ਸੰਭਾਲੇ...

ਸਟੇਟਸ ਜਾਣੇ ਹਰ ਕੋਈ
ਬੇਗਾਨੀ ਅੰਗਰੇਜ਼ੀ ਅਪਨਾਵੇ
ਹੈਲੋ ਹਾਏ ਬੋਲ ਕੇ ਰੁਤਬਾ ਆਪਣਾ ਵਧਾਵੇ
ਪੰਜਾਬੀ ਬੋਲੇ ਜੇ ਕੋਈ
ਦਰਜਾ ਅਨਪੜ੍ਹ ਦਾ ਪਾਵੇ....

ਨਵੀਂ ਪੀੜ੍ਹੀ ਕਿਥੋਂ ਪੰਜਾਬੀ ਸਿੱਖੇਗੀ
ਜਦੋਂ ਅੰਗਰੇਜ਼ੀ ਨੂੰ ਹੀ ਮੱਥੇ ਟੇਕੇਗੀ
ਸਕੂਲਾਂ ਨੇ ਜਿਵੇਂ ਜਿੰਦਰਾ ਲਾ ਲਿਆ
ਪੰਜਾਬੀ ਦਾ ਕਹਿੰਦੇ ਕਿਥੋਂ ਕੰਮ ਵਧਾ ਲਿਆ
ਸਿਹਾਰੀ ਬਿਹਾਰੀ ਕਿਥੋਂ ਬਿੰਦੀ ਟਿੱਪੀ ਆ ਗਈ
ਸਮਝ ਨਾ ਲੱਗੇ , ਕੀ ਕਰਨੀ ਇਹ
ਜਦ ਹੱਥ ਅੰਗਰੇਜ਼ੀ ਆ ਗਈ...

ਭਾਸ਼ਾ ਅੰਗਰੇਜ਼ੀ ਬੜੀ ਪਿਆਰੀ ਜਿਹੀ ਲੱਗੇ
ਸੁਣਨ ਵਾਲੇ ਨੂੰ ਵੀ ਬੜੇ ਪਿਆਰ ਨਾਲ ਠੱਗੇ
ਸੂਟ ਪੰਜਾਬੀ ਹੁਣ ਕਿਥੋਂ ਫੱਬੇ
ਸਭਿਆਚਾਰ ਪੱਛੋਂ ਦਾ ਆਪਣਾ ਜਿਹਾ ਲੱਗੇ....

ਪ੍ਰੀਤ " ਲਿਖਦਾ ਰਹਿ ਪੰਜਾਬੀ ਲਿਖਤਾਂ
ਹੋ ਜਾਣ ਸ਼ਾਇਦ ! ਸਭ੍ਬੀ ਸਿਫਤਾਂ
ਭਾਸ਼ਾ ਪੰਜਾਬੀ ਫੇਰ ਛਾ ਜਾਵੇ
ਖੋਇਆ ਮਾਣ ਮਾਂ ਬੋਲੀ ਦਾ ਵਾਪਿਸ ਆ ਜਾਵੇ
ਮਾੜੀ ਤਾਂ ਨਹੀਂ ਕੋਈ ਵੀ ਭਾਸ਼ਾ
ਖਤਮ ਹੋ ਗਈ ਜੇ ਪੰਜਾਬੀ ਹੀ
ਵਜੂਦ ਪੰਜਾਬੀਅਤ ਦਾ ਖੋ ਜਾਊ
ਦੱਸੋ ਫਿਰ ਪੰਜਾਬੀ ਕੌਣ ਕਹਿਲਾਊ....



ਪ੍ਰੀਤ ਰਾਮਗੜ੍ਹੀਆ
+918427174139

# ਸਾਈਕਲ

ਸਾਈਕਲ ਮੇਰੀ ਨਵੀਂ ਨਕੋਰ,
ਚੰਗਾ ਨਾ ਲੱਗੇ ਕੁੱਝ ਵੀ ਹੋਰ।

ਮੈਨੂੰ ਬਹੁਤ ਲੱਗਦੀ ਪਿਆਰੀ,
ਬੜੀ ਸ਼ਾਨਦਾਰ ਹੈ ਸਵਾਰੀ।

ਸਦਾ ਆਪਣੇ ਹੱਥ ਚਲਾਵਾਂ,
ਲੋੜ ਪੈਣ ਤੇ ਘੰਟੀ ਵਜਾਵਾਂ।

ਗਤੀ ਮੈਂ ਰੱਖਾਂ ਇਸਦੀ ਘੱਟ,
ਔਕੜ 'ਚ ਬਰੇਕ ਦੇਵਾਂ ਦੱਬ।

ਟਾਇਰਾਂ ਦੀ ਹਵਾ ਰੱਖਾਂ ਪੂਰੀ,
ਕੋਈ ਚੀਜ਼ ਨਾ ਛੱਡਾਂ ਅਧੂਰੀ।

ਸਵੇਰ ਸ਼ਾਮ ਨਿੱਤ ਮੈਂ ਚਲਾਵਾਂ,
ਮਿੱਤਰਾਂ ਨੂੰ ਵੀ ਨਾਲ ਲੈ ਜਾਵਾਂ।

ਪ੍ਰਦੂਸ਼ਣ ਤੇ ਲਗਾਏ ਲਗਾਮ,
ਨਾ ਕਿਤੇ ਲੱਗਣ ਵੱਡੇ ਜਾਮ।

ਚੰਗੀ ਸਿਹਤ ਲਈ ਵਰਦਾਨ,
ਸਰੀਰ ਵਿੱਚ ਪਾ ਦੇਵੇ ਜਾਨ।

ਈਸਟਾ, ਏਕਵੀਰਾ ਦਾ ਕਹਿਣਾ,
ਅਸੀਂ ਵੀ ਨਵਾਂ ਸਾਈਕਲ ਲੈਣਾ।

'ਚਮਨ' ਮੋਬਾਈਲ ਦੇਖਣਾ ਕਰੋ ਬੰਦ,
ਬੱਚਿਓ ਸਾਈਕਲ ਦਾ ਲਓ ਆਨੰਦ।

ਚਮਨਦੀਪ ਸ਼ਰਮਾ
91-95010 33005



# ਕਵਿਤਾ

ਇਹ ਜਿੰਦ ਬਾਗ ਹੈ ਫੁੱਲਾਂ ਦਾ ਤੇ ਆਵੇ ਮਹਿਕ ਪਿਆਰਾਂ ਦੀ
ਜੇ ਪਿਆਰ ਹੋਵੇ ਸਤਿਕਾਰ ਹੋਵੇ, ਨਾ ਹੋਵੇ ਗੱਲ ਤਕਰਾਰਾਂ ਦੀ।

ਹੱਸਕੇ ਮਿਲੀਏ ਸਭ ਨੂੰ ਜ਼ਿੰਦਗੀ ਚਾਰ ਦਿਨਾਂ ਦੀ ਏ
ਦਿਲ ਦੇ ਵਿਹੜੇ ਸਜਦੀ ਹੋਵੇ ਮਹਿਫਲ ਯਾਰਾਂ ਦੀ।

ਖੂਨ ਮਨੁੱਖਤਾ ਦਾ ਕਦੇ ਬੇਅਰਥਾ ਡੁੱਲੇ ਨਾ
ਕਰਾਂ ਦੁਆਵਾਂ ਮੇਰੇ ਰੌਣਕ ਵਧੇ ਬਜ਼ਾਰਾਂ ਦੀ।

ਜਿਹੜੇ ਘਰ ਵਿਚ ਮਾਪਿਆਂ ਦੀ ਕੱਖ ਕਦਰ ਨਹੀਂ ਹੁੰਦੀ
ਹਾਲਤ ਮੰਦੀ ਹੋ ਜਾਂਦੀ ਉਹਨਾਂ ਘਰ ਪਰਿਵਾਰਾਂ ਦੀ।

ਹੱਸਦੇ ਵੱਸਦੇ ਜੋ ਘਰ ਸੀ ਨਸ਼ਿਆਂ ਨੇ ਉਜਾੜ ਧਰੇ
ਸ਼ਕਲਾਂ ਇੰਝ ਹੋ ਗਈਆਂ ਜਿੰਦਾਂ ਸ਼ਕਲ ਬਿਮਾਰਾਂ ਦੀ।

ਹੱਕ ਆਪਣਾ ਛੱਡ ਦਈਏ ਤੇ ਬਈ ਕਿਸੇ ਦਾ ਖਾਈਏ ਨਾ
ਇਹੋ ਸਿੱਖਿਆ ਹੈ ਸਾਨੂੰ ਨਾਨਕ ਜਿਹੇ ਅਵਤਾਰਾਂ ਦੀ।

ਰੱਬ ਤੇ ਮੁਰਸ਼ਦ 'ਚ ਜਿਹੜੇ ਮੰਨਦੇ ਫਰਕ ਬੜਾ
ਉਥੇ ਰਹਿਮਤ ਨਹੀਂ ਹੁੰਦੀ ਸੱਚੀਆਂ ਸਰਕਾਰਾਂ ਦੀ।

ਚੰਗੇ ਕਰਮ ਏ ਬੰਦ ਨੂੰ ਸਦਾ ਜਿਉ ਰੱਖਦੇ ਨੇ
'ਜਗਦੇਵ' ਲੋੜ ਹੈ ਸਭ ਨੂੰ ਤਾਂ ਚੰਗੇ ਕਿਰਦਾਰਾਂ ਦੀ।



-ਜਗਦੇਵ
ਰਾਮਪੁਰਾ

# ਜੇ ਭੀਮ ਰਾਓ ਮਹਾਨ ਨਾ ਹੁੰਦਾ



ਜੇ ਭੀਮ ਰਾਓ ਮਹਾਨ ਨਾ ਹੁੰਦਾ ਲਿਖਿਆ ਭਾਰਤ ਦਾ ਸੰਵਿਧਾਨ ਨਾ ਹੁੰਦਾ
ਬਲੀ ਦੇ ਬੱਕਰੇ ਬਣਦੇ ਰਹਿੰਦੇ ਦਲਿਤਾਂ ਦਾ ਸਨਮਾਨ ਨਾ ਹੁੰਦਾ
ਜੇ ਭੀਮ ਰਾਓ .....
ਮੂੰਹਾਂ ਮੂਹਰੇ ਸੀ ਹੋਣੇ ਕੁੱਜੇ ਪਿੱਠ ਪਿੱਛੇ ਛਾਪੇ ਹੋਣੇ ਸੀ
ਲੱਗੇ ਦਾਗ ਗੁਲਾਮੀ ਵਾਲੇ ਨਹੀਂ ਹੋਰ ਕਿਸੇ ਨੇ ਧੋਣੇ ਸੀ
ਰਾਹਾਂ ਦੇ ਵਿਚ ਰੁਲਦੇ ਫਿਰਦੇ ਜੇ ਉਹ ਮਿਹਰਬਾਨ ਨਾ ਹੁੰਦਾ
ਜੇ ਭੀਮ ਰਾਓ ....
ਨਾਰੀ ਵਰਗ ਨੂੰ ਪੈਰ ਦੀ ਜੁੱਤੀ ਅੱਜ ਵੀ ਆਖ ਸੁਣਾਉਣਾ ਸੀ
ਜਿਸ ਨੇ ਸਾਨੂੰ ਜਨਮ ਹੈ ਦਿੱਤਾ ਉਸ ਦਾ ਨਾਮ ਭੁਲਾਉਣਾ ਸੀ
ਕਦੇ ਨਾ ਬਣਦੀ ਦੇਸ਼ ਦੀ ਰਾਣੀ ਤੇ ਚਮਕਦਾ ਉਸ ਦਾ ਨਾਮ ਨਾ ਹੁੰਦਾ
ਜੇ ਭੀਮ ਰਾਓ ....
ਹੁੰਦੇ ਰਹਿੰਦੇ ਜ਼ੁਲਮ ਹਮੇਸ਼ਾ ਨਹੀਂ ਸੀ ਲੈਣੀ ਸਾਰ ਕਿਸੇ ਨੇ
ਦਰ ਦਰ ਧੱਕੇ ਖਾਂਦੇ ਫਿਰਦੇ ਨਹੀਂ ਸੀ ਕਰਨਾ ਪਿਆਰ ਕਿਸੇ ਨੇ
ਕਦੇ ਨਾ ਖਿੜਦੇ ਫੁੱਲ ਮੁਰਝਾਏ ਜੇ ਧਰਮੀ ਉਹ ਇਨਸਾਨ ਨਾ ਹੁੰਦਾ
ਜੇ ਭੀਮ ਰਾਓ ....।
ਬੁੱਲ੍ਹੀਆਂ ਉੱਤੇ ਨਾ ਆਉਂਦੇ ਹਾਸੇ ਆਉਂਦੀ ਖੁਸ਼ੀਆਂ ਦੀ ਕਦੇ ਬਹਾਰ ਨਾ ਇਹ
ਹੱਕ ਸੱਚ ਦੀ ਨਾ ਉੱਠਦੀ ਆਵਾਜ਼ ਕਦੇ ਮੁੜਦੀ ਸੰਘਰਸ਼ਾਂ ਨੂੰ ਕਦੇ ਮੁਹਾਰ ਨਾ ਇਹ
ਰਤਨ ਚੌਦਵਾਂ ਬਣ ਮਸੀਹਾ ਜੇ ਦੀਪਕਾਂ ਵਿਚ ਜਹਾਨ ਨਾ ਹੁੰਦਾ
ਜੇ ਭੀਮ ਰਾਓ ....।

-ਰਾਮ ਲਾਲ ਦੀਪਕ ਕੁਲਥਮ

# ਗਜ਼ਲ

ਫੁੱਟ-ਪਾਬਾਂ ਤੇ ਸੌਂਦੇ ਲੋਕ।
ਆਪਣਾ ਖੂਨ ਵਹਾਉਂਦੇ ਲੋਕ।
ਰਾਤ ਦਿਨ ਮਜ਼ਦੂਰੀ ਕਰਦੇ,
ਭੁੱਖ ਹੱਥੋਂ ਕੁਰਲਾਉਂਦੇ ਲੋਕ।
ਮਿਹਨਤਕਸ਼ ਜੋ ਮਿਹਨਤ ਮੰਗੇ,
ਉਸਦੇ ਤਾਈਂ ਡਰਾਉਂਦੇ ਲੋਕ।
ਜਿਸ ਦੇ ਪੱਲੇ ਹੇਰਾਫੇਰੀ,
ਲੀਡਰ ਓਹੀ ਕਹਾਉਂਦੇ ਲੋਕ।
ਸੱਚੀ ਗੱਲ ਕਰੇ ਕੋਈ ਮੂੰਹੋਂ,
ਉਸਦੇ ਰੱਤ 'ਚ ਨਾਉਂਦੇ ਲੋਕ।
ਗਰੀਬਾਂ ਤਾਈਂ ਚੱਕ ਦੇਂਦੇ ਨੇ,
ਗਰੀਬੀ ਤਾਈਂ ਹਟਾਉਂਦੇ ਲੋਕ।
ਝੂਠੇ ਵਾਅਦੇ ਕਰ ਜਾਂਦੇ ਨੇ,
ਪੱਲੇ ਕੁਝ ਨਹੀਂ ਪਾਉਂਦੇ ਲੋਕ।
ਭਾਈਆਂ ਦੇ ਵਿਚ ਫੁੱਟ ਹੈ ਪਾ ਕੇ,
ਆਪਸ ਵਿਚ ਲੜਾਉਂਦੇ ਲੋਕ।
ਬੇਦੋਸ਼ਿਆਂ ਨੂੰ ਕਤਲ ਕਰ ਦਿਓ,
ਪੱਟੀ ਉਲਟ ਪੜ੍ਹਾਂਦੇ ਲੋਕ।
ਚਾਰੇ ਪਾਸੇ ਨ੍ਹੇਰ ਮੱਚ ਗਿਆ,
ਹਾਲ-ਪਾਹਿਆ ਪਾਉਂਦੇ ਲੋਕ।
ਸੱਚ ਝੂਠ ਦੀ ਪਰਖ ਨਾ ਇੱਥੇ,
ਸੱਚ ਨੂੰ ਮਰਵਾਉਂਦੇ ਲੋਕ।
ਲੋਕਾਂ ਦੇ ਬਲਿਹਾਰੇ ਜਾਈਏ?
ਸਿਰ ਦੂਜੇ ਦਾ ਕਟਵਾਉਂਦੇ ਲੋਕ।
ਜਿਸ ਦੇ ਪੱਲੇ ਸੱਚ ਦੀਵਾਨਿਆ,
ਉਸ ਨੂੰ ਮੂੰਹ ਨਹੀਂ ਲਾਉਂਦੇ ਲੋਕ।

- ਭਗਤ ਰਾਮ 'ਦੀਵਾਨਾ'

# ਮੀਲ ਪੱਥਰ

ਜੇ ਬੇੜੀ
ਠਿੱਲ੍ਹ ਪਈ ਏ
ਤਾਂ ਵੱਧਦੇ ਹੀ ਜਾਓ
ਲਹਿਰਾਂ ਦਾ ਰੌਲਾ ਏ
ਬੇੜੀ ਤਾਂ ਸ਼ਾਂਤ ਏ
ਸ਼ਾਂਤ ਚਿੱਤ
ਸਫ਼ਰ ਕਰਦੇ ਜਾਓ।
ਫਿਜ਼ਾ 'ਚ
ਸੁਗੰਧ ਭਰਦੇ ਜਾਓ
ਮਿਹਨਤ ਦਾ
ਸੂਰਜ ਸਿਰ 'ਤੇ ਏ
ਰਸਤੇ ਰੌਸ਼ਨ ਨੇ
ਮਲਾਹ ਮਿਹਰਬਾਨ ਨੇ
ਹਰ ਉਦਮ
ਹਰ ਯਤਨ
ਹੈ ਸਫਲ
ਇਕ ਹੁਨਰ
ਇਕ ਛਾਪ
ਸਫਲ
ਮਨੁੱਖ ਦੀ ਬਾਤ
ਬਣ ਜਾਵੇ ਜੀਵਨ ਸੁਗਾਤ
ਹੋਵੇ ਮੀਲ ਪੱਥਰ ਸਾਬਤ
ਯਤਨ ਮਿਹਨਤ ਇਕ ਮੀਲ ਪੱਥਰ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

# ਦਰਿਆ ਵਗਦਾ ਏ

ਬੇਸ਼ੱਕ ਸੱਜਣੋਂ ਕੋਲ ਦਰਿਆ ਵਗਦਾ ਏ।
ਫਿਰ ਵੀ ਭਾਂਬੜ ਮਚਿਆ ਅੱਗ ਦਾ ਏ।

ਜੱਗ 'ਤੇ ਹਰਿਕ ਸ਼ੈਅ ਦੀ ਕਹਾਣੀ ਆਪਣੀ,
ਤੇ ਨਾਲ-ਨਾਲ, ਆਸ ਦਾ ਦੀਵਾ ਜਗਦਾ ਏ।

ਹੁੰਦਾ ਕੁਦਰਤ ਦਾ ਕਸੀਦਾ, ਬੰਦੇ ਦਾ ਕਸੀਦਾ,
ਤਨ ਵੀ ਬਨਾਮ, ਰੱਬ ਜੀਵਨ ਦਾ ਲੱਗਦਾ ਏ।

ਚਾਹੇ ਪਾਣੀ ਤੇ ਅੱਗ ਬਰਾਬਰ ਸ਼ਕਤੀਆਂ,
ਫਿਰ ਵੀ ਅੱਗ 'ਤੇ ਪਾਣੀ ਦਾ ਜ਼ੋਰ ਪੁੱਗਦਾ ਏ।

ਵਿਆਹ ਕੁੜਮਾਈ 'ਚ ਮਿਲਣੀ ਮੁੰਦਰੀਆਂ ਨਾਲ,
ਕਦੇ ਮੁੰਦਰੀ ਤੋਂ ਵੱਧ ਮੁੱਲ ਹੁੰਦਾ ਨਗ ਦਾ ਏ।

ਉਦੋਂ ਛੋਟਾ ਤੇ ਵੱਡਾ ਪਰਛਾਵਾਂ ਇਕੋ ਜਾਪਦਾ,
ਜਦ ਛੋਟੇ ਪਰਛਾਵੇਂ ਤੋਂ ਵੱਡਾ ਪਰਛਾਵਾਂ ਲੰਘਦਾ ਏ।

ਸੂਰਜ ਨੂੰ ਕੀ ਪਤਾ? ਬੱਲੇ ਕੀ ਹੁੰਦਾ 'ਕਮਲ'
ਉਹ ਤਾਂ ਆਪਣੀ ਮਸਤੀ 'ਚ, ਰਹਿੰਦਾ ਤਪਦਾ ਏ।

-ਕਮਲ ਬੰਗਾ ਸੈਕਰਾਮੈਂਟੋ
916-897-8570



## ਮਿੰਨੀ ਕਹਾਣੀ

# ਕੰਡਿਆਂ ਦੀ ਬੁੱਕਲ਼ ਤੇ ਫੁੱਲਾਂ ਦੀ ਵਾਸ਼ਨਾ

ਹਾੜ੍ਹ ਮਹੀਨਾ ਅੱਧੇ ਤੋਂ ਵੱਧ ਟੱਪ ਚੁੱਕਾ ਸੀ ਤੇ ਅਸਾਂ ਘਰ ਵਿੱਚ ਫੁੱਲ-ਬੂਟਿਆਂ ਵਾਲ਼ੇ ਗਮਲੇ ਰਖਵਾਏ। ਕਮਰਿਆਂ ਵਿੱਚ, ਵਰਾਂਡੇ ਵਿੱਚ ਤੇ ਵਿਹੜੇ ਵਿੱਚ ਵੀ।

'ਇਨ੍ਹਾਂ ਕਰਕੇ ਘਰ 'ਚ ਮੱਛਰ ਤੇ ਹੋਰ ਕੀੜੇ-ਮਕੌੜੇ ਤਾਂ ਨਹੀਂ ਆਉਣਗੇ?'' ਮੈਂ ਗਮਲੇ ਰੱਖਣ ਆਏ ਮਾਲੀ ਨੂੰ ਪੁੱਛਿਆ ਸੀ। ਉਪਿੰਦਰਾਂ-ਬੀਸ ਦਿਨ ਬਾਦ ਮੱਛਰ ਵਾਲੀ ਸਪਰੇਅ ਮਾਰ ਦੀਆ ਕਰੋ, ਕੋਈ ਕੀੜਾ ਨਹੀਂ ਆਏਗਾ।'' ਉਸ ਦਾ ਉੱਤਰ ਸੀ। ਸਾਉਣ ਮਹੀਨੇ ਵਰਖਾ ਵੀ ਚੰਗੀ ਹੋ ਗਈ। ਕੁੱਲ ਡੇਢ ਕੁ ਮਹੀਨਾ ਲੰਘ ਗਿਆ। ਹੁਣ ਬੂਟੇ ਜੋਬਨ ਵਿੱਚ ਆ ਗਏ, ਬੜੇ ਨਿ-ਖਰੇ-ਨਿੱਖਰੇ। ਉਨ੍ਹਾਂ ਦੀ ਸੁੰਦਰਤਾ ਨੂੰ ਮੱਛਰ ਆਦਿ ਕੋਈ ਕੀੜਾ ਨਜ਼ਰ ਨਾ ਲਾ ਸਕੇ, ਇਹ ਸੋਚ ਕੇ, ਇੱਕ ਦਿਨ ਮੱਛਰਾਂ ਵਾਲੀ ਸਪਰੇਅ ਦਾ ਉਨ੍ਹਾਂ ਉੱਪਰ ਛਿੜਕਾਅ ਕਰ ਦਿੱਤਾ। ਹੁਣ ਉਨ੍ਹਾਂ ਉੱਪਰ ਅਕਸਰ ਮੰਡਰਾਉਂਦੀਆਂ ਰਹਿਣ ਵਾਲ਼ੀਆਂ ਤਿਤਲੀਆਂ ਵੀ ਦਿਖਾਈ ਨਹੀਂ ਦਿੰਦੀਆਂ।



- ਬਲਵੀਰ ਮੰਨਣ 91-94173-45485

# ਮੇਰੀ ਅਰਦਾਸ

ਅੱਲ੍ਹਾ ਅੱਜ ਸੁਣ ਤੂੰ ਕੋਲੇ ਹੋ ਕੇ ਮੇਰੀ ਇੱਕ ਅਰਦਾਸ,
ਇਸ ਤੋਂ ਪਹਿਲਾਂ ਕਿ ਦਿਲ ਹੋ ਜਾਵੇ ਉਦਾਸ ।

ਦੇਖ ਦੇਖ ਦਾਤਿਆ ਇਹ ਦੁਨੀਆਂ ਦਾ ਹਾਲ ,
ਮਨ ਮੇਰਾ ਹੋਇਆ ਏ ਬੇਹਾਲ।

ਅੱਜ ਜਨਮ ਲੈਣ ਤੋਂ ਪਹਿਲਾਂ ਹੀ ਮਰਦੀ ,
ਦਾਤਾ ਤੇਰੀ ਧੀ ਹੁਣ ਕੁੱਖ'ਚ ਨਾ ਪਲਦੀ ।

ਨੌਜਵਾਨ ਪੀੜ੍ਹੀ ਨੂੰ ਹੈ ਨਸ਼ਿਆਂ ਨੇ ਖਾ ਲਿਆ,
ਤੇ ਕਿਸਾਨ ਵੀਰਾਂ ਮੇਰਿਆਂ ਨੂੰ ਕਰਜ਼ੇ ਨੇ ਢਾਹ ਲਿਆ।

ਔਰਤ ਦੀ ਸੁਰੱਖਿਆ ਤੇ ਪੈ ਗਈ ਹੈ ਮਾਰ,
ਬਲਾਤਕਾਰ ਕਰ ਦਿੱਤਾ ਜ਼ਿੰਦਗੀ ਨੂੰ ਸਾੜ ।

ਦਹੇਜ ਦੇ ਲਾਲਚ ਵਿੱਚ ਕੁੱਟੀ ਮਾਰੀ ਜਾਂਦੀ ਹੈ ,
ਕਈ ਜਗਾ ਤੇ ਤੇਜ਼ਾਬ ਨਾਲ ਸਾੜੀ ਜਾਂਦੀ ਹੈ ।

ਮਜ਼ਦੂਰ ਤੇ ਗਰੀਬ ਨੂੰ ਕੋਈ ਨਹੀਂ ਇਨਸਾਫ਼,
ਰਿਸ਼ਵਤ ਲੈ ਕੇ ਹੀ ਹੁਣ ਚਲਦਾ ਸਮਾਜ।

ਘਰ ਘਰ ਵਿੱਚ ਹੁਣ ਹੁੰਦੀਆਂ ਲੜਾਈਆਂ,
ਪਿਆਰ ਦੀਆਂ ਗੱਲਾਂ ਹੁਣ ਹੋ ਗਈਆਂ ਪਰਾਈਆਂ।

ਵਾਤਾਵਰਣ ਪ੍ਰਤੀ ਅਸੀਂ ਹੋਏ ਹਾਂ ਨਿਕਾਰੀ,
ਬੱਸ ਪੈਸੇ ਤੇ ਰਿਸ਼ਵਤਖੋਰੀ ਦੇ ਬਣ ਗਏ ਹਾਂ ਵਪਾਰੀ।

ਹੇ ਮੇਰੇ ਮੌਲਾ! ਸੁਣ ਮੇਰੀ ਇਹ ਗਜ਼ਲ,
ਸਭਨਾਂ ਤੇ ਕਰੀਂ ਰਹਿਮਤਾਂ ਦੀ ਨਜ਼ਰ ।

ਦੇਵੀ ਧੀ ਨੂੰ ਵੀ ਹੱਕ ਕਿ ਉਹ ਦੇਖ ਲਵੇ ਜੱਗ ,
ਬਣ ਕਲਪਨਾ ਚਾਵਲਾ ਤੇ ਉਹ ਜਾਵੇ ਚੰਨ ਤੱਕ।

ਨੌਜਵਾਨਾਂ ਵਿੱਚ ਭਰੀ ਮਿਹਨਤ ਦਾ ਜਨੂੰਨ ,
ਤੇ ਇਨਸਾਫ ਦੀਆਂ ਗੱਲਾਂ ਕਰੇ ਕਾਨੂੰਨ ।

ਔਰਤ ਨੂੰ ਵੀ ਮਿਲੇ ਪੂਰਾ ਅਧਿਕਾਰ ,
ਸੋਹਰੇ ਹੋਣ ਜਾਂ ਪੇਕੇ ਰਹੇ ਪੂਰਾ ਸਤਿਕਾਰ।

ਹਰ ਕੋਈ ਨਿਭਾਵੇ ਆਪਣੀ ਜ਼ਿੰਮੇਦਾਰੀ ,
ਸੱਚੀ ਸੁੱਚੀ ਕਿਰਤ ਤੋਂ ਨਾ ਹੋਵੇ ਕੋਈ ਨਿਕਾਰੀ।

ਗਰੀਬ ਤੋਂ ਵੀ ਹੋਵੇ ਕੁੱਲ ,ਤੇ ਮਿਹਨਤਾਂ ਦਾ ਭਾਵੇਂ ਮੁੱਲ,
ਹਰ ਪਾਸੇ ਪਿਆਰ ਆਲੇ ਖਿੜ੍ਹ ਜਾਣ ਫੁੱਲ।

ਦਾਤਾ ਸੁਣ ਮੇਰੀ ਅਰਦਾਸ ਵੇ ਤੋ ਹੋ ਕੇ ਥੋੜ੍ਹਾ ਪਾਸ ।



- ਕਿਰਨਪ੍ਰੀਤ ਕੌਰ
+4368864013133

# ਸਿੱਖਿਆਦਾਇਕ ਪਹਾੜ੍ਹਾ

ਦੋ ਏਕਮ ਹੁੰਦੇ ਦੋ,
ਜਲਦੀ ਉੱਠੋ ਤੇ ਜਲਦੀ ਸੌ।
ਦੋ ਦੂਣੀ ਹੁੰਦੇ ਚਾਰ,
ਪੜ੍ਹਾਈ ਬਿਨ੍ਹਾਂ ਜੀਵਨ ਬੇਕਾਰ।
ਦੋ ਤੀਏ ਹੁੰਦੇ ਛੇ,
ਖੇਤਾਂ ਵਿੱਚ ਪਾਓ ਦੇਸੀ ਰੇਅ।
ਦੋ ਚੌਕੇ ਹੁੰਦੇ ਅੱਠ,
ਲੋੜਵੰਦਾਂ ਦੀ ਮੱਦਦ ਕਰੋ ਝੱਟ।
ਦੋ ਪੰਜੇ ਹੁੰਦੇ ਦਸ,
ਫਲਾਂ ਦਾ ਪੀਂਦੇ ਰਹੋ ਰਸ।
ਦੋ ਛੀਕੇ ਹੁੰਦੇ ਬਾਰਾਂ,
ਲੰਘਿਆਂ ਸਮਾਂ ਨਾ ਆਏ ਦੁਬਾਰਾ।
ਦੋ ਸਾਤੇ ਹੁੰਦੇ ਚੌਦਾ,
ਅਸਫਲ ਹੋਣ ਤੇ ਕੁੱਝ ਨਾ ਭਾਉਂਦਾ।
ਦੋ ਆਠੇ ਹੁੰਦੇ ਸੋਲਾਂ,
ਵੱਡਿਆਂ ਦੇ ਅੱਗੇ ਨਾ ਬੋਲਾਂ।
ਦੋ ਨਾਏ ਹੁੰਦੇ ਅਠਾਰਾਂ,
ਨਸ਼ਿਆ ਤੋਂ ਕਰ ਲਓ ਕਿਨਾਰਾ।
ਦੋ ਦਾਹਾ ਹੁੰਦੇ ਵੀਹ,
ਧਰਤੀ ਤੇ ਲਾ ਦਿਓ ਟਰੀ।



- ਚਮਨਦੀਪ ਸ਼ਰਮਾ
91-95010-33005




# Thinking of Buying or Selling Houses or Businesses within Sacramento to Bay Area?

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




3 bdrms, 2.0 Full Baths
1, 145 sq. ft.
Listing Price: $ 259,000




4 bdrms, 2.0 full bath
1,596 sq ft
Lot size: 6,098
Listing Price: $289,900




5 Beds, 3 Baths
4088 Sf
Listing Price: $649,000





4 Beds, 2.5 Baths,
1811 Sf
Listing Price: $ 409,900





4 Beds, 3 Baths,
Sf 3412, 1.82 Acres
Listing Price: $ 899,000




3-4 bdrm, 2.0 full bath
1,492 sq ft
Lot size: 6,469
Listing Price: $299,000




5 bdrm, 2.5 full bath
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




3 bdrms, 1.0 full bath
1037 sq ft Lot size: 6098
Listing Price; $299,000
Close to UC Davis Medical Center




Indian Restaurant
for Sale in Sacramento
Listing Price: 149,000





BERKSHIRE HATHAWAY
Home Services

## Buying or Selling Hotels and Gas Stations? Call Now- 916-271-5404

## OFFICE: 7412 ELSIE AVE., SACRAMENTO, CA 95828

# MAHA RISHI VALMIK SABHA USA

## YUBA CITY, CALIFORNIA



ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ)

ਪਾਵਨ ਵਾਲਮੀਕ ਤੀਰਥ ਅੰਮ੍ਰਿਤਸਰ

**ਗੁਰੂ ਪਿਆਰੀ ਸਾਧ ਸੰਗਤ ਜੀਓ!**

ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਊ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਸਬੰਧੀ ਕਥਾਵਾਂ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਮੰਨੇ-ਪ੍ਰਮੰਨੇ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਭਜਨ ਕਰ ਸੰਗਤਾਂ ਨੂੰ ਨਿਹਾਲ ਕਰਨਗੇ।

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਪ੍ਰਗਟ ਦਿਵਸ ਨਾਲ ਸਬੰਧਤ ਹੇਠ ਲਿਖੇ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰ ਸਮੇਤ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ, ਗੁਰੂ ਸਾਹਿਬਾਨ ਦੇ ਚਰਨਾਂ 'ਚੋਂ ਅਸ਼ੀਰਵਾਦ ਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸੱਦਾ ਪੱਤਰ-** ਸਮੂਹ ਸੰਗਤਾਂ ਸਮੇਤ ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਮਹਾਂਰਿਸ਼ੀ ਵਾਲਮੀਕ ਸਭਾ ਨਿਊਯਾਰਕ ਆਦਿ ਸਭ ਨੂੰ ਪ੍ਰਗਟ ਦਿਵਸ ਵਿਚ ਸ਼ਾਮਲ ਹੋ ਕੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਅਤੇ ਪ੍ਰੋਗਰਾਮ ਦੀਆਂ ਰੌਣਕਾਂ ਨੂੰ ਚਾਰ ਚੰਨ ਲਗਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

**ਦਾਨੀ ਪਰਿਵਾਰਾਂ ਨੂੰ ਸਨਿਮਰ ਬੇਨਤੀ ਹੈ ਕਿ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਅਤੇ ਜਲਦੀ ਤੋਂ ਜਲਦੀ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰੋ ਜੀ। ਵਧੇਰੇ ਜਾਣਕਾਰੀ ਲਈ ਪ੍ਰਬੰਧਕਾਂ ਨਾਲ ਸੰਪਰਕ ਕਰ ਸਕਦੇ ਹੋ ਜੀ।**

## ਪ੍ਰੋਗਰਾਮ

ਸ਼ੁੱਕਰਵਾਰ 26 ਅਕਤੂਬਰ 2018
ਆਰੰਭ ਪਾਠ
ਸ੍ਰੀ ਯੋਗ ਵਸ਼ਿਸ਼ਟ ਸਾਹਿਬ
ਸਵੇਰੇ 10 ਵਜੇ

ਸ਼ਨਿਚਰਵਾਰ 27 ਅਕਤੂਬਰ 2018, ਨਿਸ਼ਾਨ ਸਾਹਿਬ ਦੀ ਰਸਮ, ਸਵੇਰੇ 10 ਵਜੇ

ਐਤਵਾਰ 28 ਅਕਤੂਬਰ 2018
ਭੋਗ ਸ੍ਰੀ ਯੋਗ ਵਸ਼ਿਸ਼ਟ ਸਾਹਿਬ, ਸਵੇਰੇ 10 ਵਜੇ
ਕਥਾ: ਸ੍ਰੀ ਵਾਲਮੀਕ ਰਮਾਇਣ ਸਾਹਿਬ, ਸਵੇਰੇ 11 ਵਜੇ
ਸ਼ਬਦ ਗਾਇਨ ਤੇ ਬੁਲਾਰੇ 11.30 ਵਜੇ ਸਵੇਰ ਤੋਂ ਸ਼ਾਮ 4 ਵਜੇ ਤੱਕ

**ਸਮਾਗਮਾਂ ਦੌਰਾਨ ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**
**ਸਥਾਨ-ਮਹਾਰਿਸ਼ੀ ਵਾਲਮੀਕ ਟੈਂਪਲ , 84/86 ਪਰਸੀ ਐਵਨਿਉ, ਯੂਬਾ ਸਿਟੀ, ਕੈਲੇਫੋਰਨੀਆ 95991**

**ਪ੍ਰਬੰਧਕ ਕਮੇਟੀ** ਪ੍ਰੇਮ ਸੌਂਧੀ (ਪ੍ਰਧਾਨ) 530-751-3887, ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ) 530-740-3056, ਕੁਲਦੀਪ ਥਾਪਰ (ਵਾਈਸ ਪ੍ਰਧਾਨ) 530-300-0522, ਜਸਪਾਲ ਮਾਲੜੀ (ਜਨਰਲ ਸਕੱਤਰ) 530-441-9124, ਵਿਸ਼ਾਲ ਸ਼ਰਬਤੀ (ਸਕੱਤਰ) 530-933-5915, ਬਲਵੀਰ ਧਾਲੀਵਾਲ (ਵਾਈਸ ਸਕੱਤਰ) 916-243-9017, ਗੁਰਪਾਲ ਸਿੰਘ (ਚੇਅਰਮੈਨ) 916-873-0311, ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ 530-301-0657, ਅਵਿਨਾਸ਼ ਸੌਂਧੀ (ਵਾਈਸ ਚੇਅਰਮੈਨ), ਵਿਨੋਦ ਗਿੱਲ (ਖਜਾਨਚੀ) 530-218-3969, ਬਲਵੀਰ ਥਾਪਰ (ਖਜਾਨਚੀ) 916-607-4650, ਵਰੁਨ ਗਿੱਲ (ਖਜਾਨਚੀ) 530-713-0151, ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ) 530-671-4039

### ਆਰਗੇਨਾਈਜਰਜ਼

ਸੁਰਜੀਤ ਗਿੱਲ, ਕੁੰਦਨ ਸੌਂਧੀ, ਰਕੇਸ਼ ਸਲਹੋਤਰਾ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਸ਼ਾਮ ਲਾਲ ਸੋਂਧੀ, ਰਵੀਪਾਲ, ਗੁਰਜੀਤ ਸਿੰਘ ਟਰੇਸੀ, ਸਾਧੂ ਰਾਮ ਭੱਟੀ, ਰਾਮ ਲਾਲ ਮੱਟੂ, ਤਰਸੇਮ ਲਾਲ ਥਾਪਰ, ਦੇਸ ਰਾਜ ਸ਼ੁੱਭ, ਅਮਰਜੀਤ ਸਿੰਘ ਲਾਲੀ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਦੀਪਕ ਸਹੋਤਾ, ਜਗਜੀਤ ਸਿੰਘ ਗਿੱਲ (ਰਾਣਾ) (ਮੇਨਟੀਨੈਂਸ ਆਰਗੇਨਾਈਜ਼ਰ), ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜ਼ਰ)

### ਕਲਾਕਾਰ

ਭੁਪਿੰਦਰ ਸਿੰਘ ਭਿੰਦਾ, ਅਮਰਜੀਤ ਸਿੰਘ ਲਾਲੀ, ਵਿਸ਼ਾਲ ਸ਼ਰਬਤੀ, ਰਾਜ ਕੁਮਾਰ ਪੰਡੋਰੀ, ਦੇਸ ਰਾਜ ਸ਼ੁੱਭ, ਰੋਹਤਾਸ਼ ਸਿੰਘ ਭਗਾਣੀਆ, ਜੋਗਿੰਦਰ ਸਿੰਘ ਸ਼ੌਂਕੀ, ਬਲਵੀਰ ਧਾਲੀਵਾਲ, ਅੰਮ੍ਰਿਤਪਾਲ ਸਿੰਘ, ਸੋਨੂੰ ਸਿੰਘ, ਰਜਿੰਦਰ ਸਹੋਤਾ, ਲਤਾ ਸੌਂਧੀ, ਸਵਰਨ ਕੌਰ ਪਗਾਨੀ, ਜੀਵਨ ਰੱਤੂ, ਗੁਰਦੀਪ ਸਿੰਘ ਹੀਰਾ, ਗਿਆਨੀ ਪ੍ਰਿਤਪਾਲ ਸਿੰਘ।